# ਅਜੋਕੇ ਸਿੱਖ ਮਸਲੇ – ਸਿੱਖਾਂ ਦਾ ਇਤਿਹਾਸਕ ਦ੍ਰਿਸ਼ਟੀਕੋਣ

### ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਲਈ ਮੌਜੂਦਾ ਸਿੱਖ ਮਸਲੇ ਉਨ੍ਹਾਂ ਦੇ ਕਾਰਨ ਤੇ ਹੱਲ ਨੂੰ ਜਾਨਣਾ ਜ਼ਰੂਰੀ ਹੈ

### ਗੁਰੂ ਗ੍ਰੰਥ ਸਾਹਿਬ: ਰੱਬੀ ਵਿਚਾਰਧਾਰਾ ਦਾ ਸ੍ਰੋਤ

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਸਿੱਖ ਗੁਰੂਆਂ ਦੇ ਰੱਬੀ ਭਜਨ, ਸਿੱਖ ਗੁਰੂਆਂ ਵਲੋਂ ਸਮੁੱਚੀ ਮਾਨਵ ਜਾਤੀ ਨੂੰ ਰੌਸ਼ਨ ਕਰਣ ਲਈ ਐਲਾਨੇ ਗਏ ਰੱਬੀ ਸ਼ਬਦ, ਰੱਬੀ ਵਿਚਾਰਧਾਰਾ, ਸੱਚ ਤੇ ਆਧਾਰਿਤ ਸਿੱਖੀ ਦੇ ਸਿਧਾਂਤ ਅਤੇ ਇਸਦੀ ਵਿਚਾਰਧਾਰਾ, ਰੱਬੀ ਗਿਆਨ ਅਤੇ ਚੰਗੇ ਕਾਰਜਾਂ ਦਾ ਸ੍ਰੋਤ ਹੈ। ਇਹ ਅਗਿਆਨਤਾ, ਦੋਹਰਾਪਣ ਅਤੇ ਭੋਤਿਕਵਾਦੀ ਮਲਕੀਅਤ ਦੀ ਪ੍ਰੇਰਣਾ ਵਲ ਧਿਆਨ ਨਹੀਂ ਦਿੰਦਾ। ਇਹ ਫ਼ਾਲਤੂ ਦੇ ਰੀਤੀ, ਰਿਵਾਜਾਂ ਅਤੇ ਚਲ ਰਹੇ ਧਰਮਾਂ ਦੇ ਧਾਰਮਕ ਕਾਰਜਾਂ ਅਤੇ ਉਨ੍ਹਾਂ ਦੇ ਸਿਧਾਂਤ ਅਤੇ ਵਿਚਾਰਧਾਰਾਵਾਂ, ਜੋ ਅੰਧਵਿਸ਼ਵਾਸੀ ਹਨ, ਅਧਾਰਮਕ ਰਾਜ ਰੱਖਦੇ ਹੋਏ ਇਕੋ ਇਕ ਰੱਬ ਦੇ ਹੋਣ ਦੀ ਸੱਚਾਈ ਅਤੇ ਮਨੁੱਖਾਂ ਵਿਚ ਆਪਸੀ ਪਿਆਰ ਦਾ ਪ੍ਰਚਾਰ ਨਹੀਂ ਕਰਦੇ, ਦੀ ਉਸਾਰੂ ਆਲੋਚਨਾ ਅਤੇ ਨਾਮੰਜ਼ੂਰੀ ਦੀ ਅਗਵਾਈ ਕਰਦਾ ਹੈ।

ਸਿੱਖ ਧਰਮ ਰੱਬ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਨ ਕਰਣ ਦੀ ਸਿੱਖਿਆ ਦਿੰਦਾ ਹੈ ਜਿਵੇਂ ਕਿ ਹਰ ਕੋਈ ਸ੍ਰਿਸ਼ਟੀ ਵਿਚ ਉਸ ਦੀ ਇੱਛਾ ਅਤੇ ਹੱਕਮਾਂ ਦੇ ਨਿਯੰਤਰਣ ਹੇਠ ਹੈ। ਸਿੱਖ ਧਰਮ ਸਿਰਜਣਹਾਰ ਅਤੇ ਉਸਦੀ ਸਿਰਜਣਾ ਅਤੇ ਇੱਕ ਦੇ ਆਪਣੇ ਹੀ ਰੂਪ ਵਿਚ ਹੋਣ ਦਾ ਆਤਮ ਗਿਆਨ ਪ੍ਰਦਾਨ ਕਰਦਾ ਹੈ। ਇਹ ਜਿੰਦਗੀ ਦੇ ਦੌਰਾਨ ਰੱਬੀ ਗਿਆਨ ਦੇ ਇਸਦੇ ਕਾਰਜਾਂ ਉੱਤੇ ਚਾਨਣ ਪਾਉਂਦਾ ਹੈ ਅਤੇ ਇਹ ਅੰਤ ਨਹੀਂ ਹੈ। ਸਿੱਖ ਧਰਮ ਵਿਚ ਸੱਚ ਸਭ ਤੋਂ ਉਪਰ ਹੈ ਪਰ ਉਸਤੋਂ ਵੀ ਉਪਰ ਸੱਚਾਈ ਭਰਿਆ ਜੀਵਨ ਹੈ। ਉੱਚ ਚੇਤਨਾ ਦੀ ਪ੍ਰਾਪਤੀ ਮਨੁੱਖ ਨੂੰ ਆਪ ਹੀ ਮਨੁੱਖਾਂ ਵਿਚ ਆਪਸੀ ਪਿਆਰ, ਮਾਨਵ ਜਾਤੀ ਦੀ ਸਮਾਨਤਾ ਅਤੇ ਸਨਮਾਨ ਅਤੇ ਹੰਕਾਰੀ ਸੁਆਰਥੀ ਪ੍ਰਵ੍ਰਿਤਿ ਤੋਂ ਦੂਰ ਆਪਣੇ ਹਰ ਇਕ ਮਨੁੱਖ ਨੂੰ ਸੁਆਰਥਹੀਣ ਸੋਚ ਅਤੇ ਰੱਬ ਨਾਲ ਜੁੜ ਕੇ ਘਰ ਚਲਾਉਣ ਵਾਲੇ ਨੂੰ ਇਕ ਆਮ ਅਤੇ ਈਮਾਨਦਾਰ ਜਿੰਦਗੀ ਜੀਓਣ ਦੀ ਰਾਹ ਵਿਖਾਉਂਦੀ ਹੈ। ਫਿਰ ਮਾਨਵਤਾ ਦੀ ਸੁਆਰਥਹੀਣ ਸੇਵਾ ਨਾਲ ਜੁੜੇ ਰਹਿ ਕੇ ਹੋਰਾਂ ਨੂੰ ਉਸ ਉਦੇਸ਼ ਦੀ ਪ੍ਰਾਪਤੀ ਵਿਚ ਮਦਦ ਕਰਦੀ ਹੈ।

ਸਿੱਖ ਧਰਮ ਵਿਚ, ਰੱਬ ਦਾ ਨਾਮ ਮਨੁੱਖ ਨੂੰ ਸੰਸਾਰ ਦੇ ਦੁੱਖਾਂ ਅਤੇ ਮੁਸ਼ਕਲਾਂ ਦੇ ਪ੍ਰਭਾਵ ਤੋਂ ਦੂਰ, ਉੱਚਤਮ ਅਧਿਆਤਮਕ ਅਨੁਭਵ ਅਤੇ ਧਾਰਨਾ ਵਲ ਲੈ ਕੇ ਜਾਂਦੇ ਹੋਏ ਉਸਦੇ ਮਨ ਨੂੰ ਸੰਪੂਰਣ ਸ਼ਾਂਤੀ ਪ੍ਰਦਾਨ ਕਰਦਾ ਹੈ। ਇਹ ਇਕ ਖ਼ੁਦਗਰਜ਼ ਮਨ ਨੂੰ ਉੱਚ ਚੇਤਨਾ ਵਾਲੇ ਰੱਬ ਦੇ ਸੁਰਾਂ ਵਿਚ ਬਦਲ ਦਿੰਦਾ ਹੈ ਜਿਸਦੇ ਕਾਰਜਾਂ ਅਧੀਨ ਚੰਗੇ ਕੰਮ ਕਰਦੇ ਹੋਏ ਮਨੁੱਖ ਸਫਲ ਸਮਾਜਕ-ਰਾਜਨੀਤਿਕ ਜੀਵਨ ਦੇ ਸਿਖਰ ਤੇ ਪਹੁੰਚ ਜਾਂਦਾ ਹੈ। ਚੰਗੇ ਕੰਮਾਂ ਤੋਂ ਇਲਾਵਾ ਰੱਬ ਨੂੰ ਹੋਰ ਕੁੱਝ ਮੰਜ਼ੂਰ ਨਹੀਂ ਹੈ। ਸਿੱਖ ਧਰਮ ਰੱਬ ਦੇ ਨਾਮ ਵਿਚ ਅਧਿਆਤਮਕ ਗਿਆਨ ਅਤੇ ਸਾਧਨਾ ਅਤੇ ਉਨ੍ਹਾਂ ਨੂੰ ਚੰਗੇ ਕੰਮਾਂ ਨਾਲ ਮਿਲਾ ਕੇ, ਗੁੱਸੇ ਤੋਂ ਇਲਾਵਾ ਸਿਰਜਣਹਾਰ ਅਤੇ ਉਸਦੀ ਸਿਰਜਣਾ ਦੇ ਪਿਆਰ ਉੱਤੇ ਬਹੁਤ ਜ਼ੋਰ ਦਿੰਦਾ ਹੈ।

ਰੱਬ ਦਾ ਨਾਮ ਮਨ ਨੂੰ ਕਾਬੂ ਕਰ ਕੇ ਉਸ ਵਿਚ ਚੰਗਿਆਈ ਭਰਦਾ ਹੈ। ਕੋਈ ਵੀ ਬਿਨਾਂ ਰੱਬ ਦੇ ਨਾਂ ਦੇ ਮਨ ਨੂੰ ਪੂਰੀ ਤਰ੍ਹਾਂ ਕਾਬੂ ਨਹੀਂ ਕਰ ਸਕਦਾ। ਸਿਰਫ ਉਹ ਜੋ ਮਨ ਵਿਚ ਰੱਬ ਦਾ ਨਾਮ ਜੱਪਦੇ ਹਨ ਤਿੰਨਾਂ ਲੋਕਾਂ ਦਾ ਰਾਜ ਜਾਣ ਸਕਦੇ ਹਨ ਅਤੇ ਨਿਰੰਤਰ ਪੂਰਣ ਆਨੰਦ ਅਤੇ ਮੋਖ ਦੀ ਪ੍ਰਾਪਤੀ ਕਰ ਸਕਦੇ ਹਨ।ਇਹ ਸਿਰਫ ਰੱਬ ਦੇ ਨਾਮ ਨਾਲ ਹੀ ਹੈ ਕਿ ਇਕ ਮਨੁੱਖ ਆਪਣੇ ਅੰਦਰ ਰੌਸ਼ਨੀ ਲਭ ਲੈਂਦਾ ਹੈ। ਰੱਬ ਦਾ ਨਾਮ ਹੰਕਾਰ ਦਾ ਨਾਸ਼ ਕਰਦਾ ਹੈ, ਬੁਰਾਈ ਖਤਮ ਕਰਦਾ ਹੈ ਅਤੇ ਨੈਤਿਕ ਚੰਗਿਆਈ ਭਰਦਾ ਹੈ।

ਉਹ ਇਕੱਲਾ ਹੀ ਗਿਆਨੀ ਹੈ ਜੋ ਸਦਾਚਾਰ ਬਾਰੇ ਸੋਚਦਾ ਹੈ ਕਿਓਂ ਜੋ ਸਦਾਚਾਰ ਰਾਹੀਂ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਜੱਦਕਿ ਗੁੱਸਾ, ਲਾਲਚ, ਭੁੱਖ, ਲਗਾਵ ਅਤੇ ਹੰਕਾਰ ਆਦਿ ਬੁਰਾਈਆਂ ਸ਼ਰੀਰ ਨੂੰ ਖਾ ਜਾਂਦੀਆਂ ਹਨ ਜਿਵੇਂ ਕਿ ਬਿਜਲੀ ਦੀ ਤਾਰ ਸੋਨੇ ਨੂੰ ਪਿੱਘਲਾ ਦਿੰਦੀ ਹੈ। ਰੱਬੀ ਗਿਆਨ ਅਧੀਨਗੀ, ਦਇਆ, ਦਾਨ, ਸੰਸਾਰਕ ਮੁਸ਼ਕਲਾਂ ਤੋਂ ਅਲਗਾਓ, ਸਦਾਚਾਰ ਅਤੇ ਸੰਤੁਸ਼ਟੀ ਦੀ ਵਿਸ਼ੇਸ਼ਤਾਵਾਂ ਪੈਦਾ ਕਰਦਾ ਹੈ ਅਤੇ ਮਨ ਨੂੰ ਰੱਬ ਦੀ ਮਰਜੀ ਦੇ ਅਧੀਨ ਰੱਖਦਾ ਹੈ ਅਤੇ ਮਾਨਵਤਾ ਲਈ ਸੇਵਾਭਾਵ ਪੈਦਾ ਕਰਦਾ ਹੈ।

ਇਕੋ ਇਕ ਰੱਬ ਦੇ ਪਹਿਲੂ ਤੋਂ ਸ਼ੁਰੂ ਹੁੰਦਾ ਸਿੱਖ ਧਰਮ ਜਿੰਦਗੀ ਦੀ ਸੱਚਾਈ ਅਤੇ ਸਤੱਰਕਤਾ ਦੇ ਅਧਿਆਤਮਕ ਗਿਆਨ ਨੂੰ ਸਿਖਾਉਂਦੇ ਹੋਏ ਮਨੁੱਖੀ ਚੇਤਨਾ ਨੂੰ ਜਗਾਉਂਦਾ ਹੈ। ਇਹ ਜੀਵਨ ਦੇ ਸਿੱਖੀ ਢੰਗ ਵਿਚ ਸੱਚਾਈ ਭਰੀ ਜਿੰਦਗੀ ਦਾ ਗਿਆਨ ਦੇ ਕੇ ਮਨੁੱਖ ਦੀ ਆਦਰਸ਼ ਸ਼ਖਸੀਅਤ ਨੂੰ ਦੁਬਾਰਾ ਉਸਾਰਦਾ ਹੈ। ਜਿਵੇਂ ਕਿ ਕਮਲ ਪਾਣੀ ਵਿਚ ਰਹਿੰਦਾ ਹੈ, ਪਰ ਖਿੜਦਾ ਇਸਦੇ ਉੱਪਰ ਹੈ; ਅਤੇ ਬਤਖਾਂ ਪਾਣੀ ਵਿਚ ਤੈਰਦੀਆਂ ਹਨ ਪਰ ਇਸਦੇ ਉੱਪਰ ਹੀ ਰਹਿੰਦੀਆਂ ਹਨ। ਸਿੱਖ ਧਰਮ ਮਨੁੱਖ ਨੂੰ ਇਸ ਦੁਨਿਆ ਵਿਚ, ਪਰ ਨੈਤਿਕ ਚੰਗਿਆਈ ਵਾਲੇ ਕੰਮਾਂ, ਰੱਬ ਦਾ ਨਾਂ ਅਤੇ ਸੱਚਾਈ ਦੀ ਤਾਕਤ ਨਾਲ ਇਸਦੀ ਭੌਤਿਕਵਾਦੀ ਅਤੇ ਅਸਥਾਈ ਆਕਰਸ਼ਕ ਇੱਛਾਵਾਂ ਤੋਂ ਉੱਪਰ, ਹੀ ਰਹਿਣ ਦੀ ਸਿੱਖਿਆ ਪ੍ਰਦਾਨ ਕਰਦਾ ਹੈ।

ਰੱਬੀ ਗਿਆਨ ਪ੍ਰਾਪਤ ਕਰਣ ਲਈ ਅਤੇ ਪਾਪਾਂ ਨੂੰ ਧੋਣ ਲਈ ਪੁਰਾਣੇ ਵਿਸ਼ਵਾਸਾਂ ਅਤੇ ਪ੍ਰਣਾਲੀਆਂ ਦੇ ਢੰਗ ਅਤੇ ਖਾਸ ਕਰ ਕੇ ਹਿੰਦੂਆਂ ਦੇ

ਜਿਵੇਂ ਕਿ ਵੱਡੀ ਗਿਣਤੀ ਵਿਚ ਦੇਵੀ ਦੇਵਤਾਵਾਂ ਅਤੇ ਉਨ੍ਹਾਂ ਦੇ ਅਵਤਾਰਾਂ ਦੀ ਮੂਰਤੀ ਪੂਜਾ; ਆਤਮ ਮਨੁੱਖ ਯਾਤਨਾ; ਤੀਰਥ ਯਾਤਰਾ ਅਤੇ ਨਦੀਆਂ ਵਿਚ ਰਿਵਾਜੀ ਇਸ਼ਨਾਨ; ਬ੍ਰਾਹਮਣਾਂ ਵਲੋਂ ਵੇਦਿਕ ਮੰਤਰਾਂ ਦੇ ਜਾਪ ਨਾਲ ਕੁਰਬਾਨੀ ਭਰੇ ਹਵਨ ਅਤੇ ਹੋਰ ਬਹੁਤ ਸਾਰੇ ਰੀਤਿ, ਰਿਵਾਜ਼ ਅਤੇ ਪੌਰਾਣਿਕ ਪਰੰਪਰਾਵਾਂ ਨੂੰ ਸਿੱਖੀ ਵਿਚ ਪੂਰੀ ਤਰ੍ਹਾਂ ਅਸੰਬੰਧਤ ਅਤੇ ਗਲਤ ਅਗਵਾਈ, ਰੱਬ ਦੀ ਸੱਚਾਈ ਤੋਂ ਦੂਰ ਮੰਨਦੇ ਹੋਏ ਨਾਮਨਜ਼ੂਰ ਕੀਤਾ ਗਿਆ ਹੈ। ਸਿੱਖੀ ਧਰਮ ਨੇ ਰੀਤਿ ਰਿਵਾਜ਼ਾਂ ਬਾਰੇ ਕੋਈ ਵੀ ਸ਼ਬਦ ਸ਼ਾਮਲ ਨਾ ਕਰਦੇ ਹੋਏ ਆਤਮਾ ਅਤੇ ਸਿਰਜਣਹਾਰ ਦੀ ਸਿਰਜਣਾ ਦੇ ਰੱਬੀ ਗਿਆਨ ਦੀ ਆਪਣੀ ਹੀ ਸੋਚ ਅਤੇ ਪ੍ਰਣਾਲੀ ਵਿਗਿਆਨ ਨੂੰ ਪੇਸ਼ ਕੀਤਾ ਹੈ।

ਸਿੱਖ ਧਰਮ ਦੇ ਸਿਧਾਂਤ ਅਤੇ ਵਿਚਾਰਧਾਰਾ ਇੰਨੀ ਪ੍ਰਭਾਵੀ ਅਤੇ ਸੱਚਾਈ ਭਰੀ ਹੈ ਕਿ ਬ੍ਰਿਟਿਸ਼ ਵਿਦਵਾਨ ਐਮ.ਏ. ਮੈਕਆੱਲਿਫ ਨੇ ਟਿੱਪਣੀ ਕੀਤੀ ਹੈ:

"ਇਕ ਧਰਮ ਦੀ ਵੱਧ ਤੋਂ ਵੱਧ ਮੌਲਿਕਤਾ ਜਾਂ ਵਿਆਪਕ ਨੈਤਿਕ ਪ੍ਰਣਾਲੀ ਵਲ ਇਸ਼ਾਰਾ ਕਰਨਾ ਮੁਸ਼ਕਲ ਹੋਵੇਗਾ। ਸਿੱਖ ਧਰਮ, ਸਿੱਖਾਂ ਦੇ ਧਰਮ ਗ੍ਰੰਥ ਵਿਚ ਪਰਮ ਸੱਚਾਈ ਸ਼ਾਮਲ ਹੈ, ਜਿਸਦਾ ਚਿੰਤਨ ਤਾਂ ਨਹੀਂ ਹੋ ਸਕਦਾ ਪਰ ਪੜਣ ਵਾਲੇ ਨੂੰ ਅਧਿਆਤਮਕ, ਨੈਤਿਕ ਅਤੇ ਸਮਾਜਕ ਤੌਰ ਤੇ ਉੱਚਾ ਚੁੱਕ ਦਿੰਦਾ ਹੈ। ਉਨ੍ਹਾਂ ਵਿਚ ਸੰਪ੍ਰਦਾਇ ਦੀ ਝਲਕ ਨਹੀਂ ਹੈ। ਉਹ ਸਭ ਤੋਂ ਵੱਧ ਅਤੇ ਸ਼ੁਧ ਸਿਧਾਂਤ ਪੜਾਉਂਦੇ ਹਨ ਜੋ ਮਨੁੱਖ ਨੂੰ ਮਨੁੱਖ ਦੀ ਸੇਵਾ ਵਿਚ ਬੰਨਦੇ ਹਨ ਅਤੇ ਸ਼ਰਧਾਲੂ ਹੋਣ ਦੇ ਬਾਵਜੂਦ ਵੀ ਇਕ ਉਦੇਸ਼ ਨਾਲ ਆਪਣੇ ਸਾਥੀ ਦੀ ਸੇਵਾ ਕਰਦੇ ਹਨ"।

ਵਿਸ਼ਵ ਧਰਮਾਂ ਦੇ ਅਮਰੀਕੀ ਵਿਦਵਾਨ, ਐਚ.ਐਲ. ਬਰੈਡਸ਼ਾੱ ਨੇ ਬਿਆਨ ਕੀਤਾ:

"ਸਿੱਖ ਧਰਮ ਮੌਜੂਦਾ ਸਮੇਂ ਦਾ ਵਿਸ਼ਵ ਵਿਆਪੀ ਧਰਮ ਹੈ। ਸਿੱਖ ਧਰਮ ਸੱਚ ਵਿਚ ਆਧੁਨਿਕ ਮਨੁੱਖ ਦੀ ਸਮੱਸਿਆਵਾਂ ਦਾ ਜਵਾਬ ਹੈ। ਪੁਰਾਣੇ ਧਰਮ ਆਪਣੇ ਦਿਨਾਂ ਵਿਚ ਵਧੀਆ ਸਨ ਪਰ ਉਹ ਹੁਣ ਭੂਤਕਾਲ ਹੈ ਅਤੇ ਅਸੀਂ ਗੁਰੂ ਨਾਨਕ ਦੇਵ ਜੀ ਦੀ ਤਕਸੀਮ ਵਿਚ ਜੀ ਰਹੇ ਹਾਂ। ਹੋਰ ਧਰਮਾਂ ਵਿਚ ਸੱਚ ਸ਼ਾਮਲ ਹੈ ਪਰ ਸਿੱਖ ਧਰਮ ਸੱਚਾਈ ਨਾਲ ਭਰਪੂਰ ਹੈ। ਇਹ ਨਵੇਂ ਯੁਗ ਦਾ ਧਰਮ ਹੈ"।

ਪੱਰਲਸ ਐਸ. ਬੱਕ, ਨੋਬਲ ਪੁਰਸਕਾਰ ਵਿਜੇਤਾ ਨੇ ਟਿਪਣੀ ਕੀਤੀ:

"ਮੈਂ ਹੋਰ ਕਈ ਮਹਾਨ ਧਰਮਾਂ ਦੇ ਗ੍ਰੰਥ ਪੜੇ ਹਨ ਪਰ ਮੈਨੂੰ ਕਿਥੇ ਵੀ ਦਿਲ ਅਤੇ ਮਨ ਨੂੰ ਛੂ ਜਾਣ ਵਾਲੀ ਖਿੱਚ ਨਹੀਂ ਲੱਭੀ ਜੋ ਮੈਨੂੰ ਗੁਰੂ ਗ੍ਰੰਥ ਸਾਹਿਬ (ਸਿੱਖਾਂ ਦਾ ਧਰਮ ਗ੍ਰੰਥ) ਵਿਚ ਮਿਲੀ ਹੈ"।

ਡੌਰੋਥੀ ਫੀਲਡ, ਮਹਾਨ ਬ੍ਰਿਟਿਸ਼ ਵਿਦਵਾਨ ਨੇ ਬਿਆਨ ਕੀਤਾ:

"ਸਿੱਖ ਧਰਮ ਇਕ ਅਲੱਗ ਨਵੇਂ ਜਮਾਨੇ ਦਾ ਧਰਮ ਹੈ ਅਤੇ ਹਿੰਦੂ ਧਰਮ ਦੇ ਸੰਪ੍ਰਦਾਇ ਦਾ ਪੁਨਰ ਨਿਰਮਾਣ ਨਹੀਂ ਹੈ"।

ਡੰਕਨ ਗਰੀਨਲੇਸ, ਧਰਮਾਂ ਦੇ ਮਹਾਨ ਵਿਦਵਾਨ ਨੇ ਬਿਆਨ ਕੀਤਾ:

"ਸਿੱਖ ਧਰਮ ਬਦਲਿਆ ਹੋਇਆ ਹਿੰਦੂ ਸੰਪ੍ਰਦਾਇ ਨਹੀਂ ਹੈ। ਇਹ ਦੁਨਿਆ ਦੇ ਹੋਰ ਮਹਾਨ ਧਰਮਾਂ ਵਾਂਗ ਇੱਕ ਅਲੱਗ ਧਰਮ ਹੈ"।

ਸਿੱਖੀ ਦੇ ਸਿਧਾਂਤ ਅਤੇ ਵਿਚਾਰਧਾਰਾ ਤੋਂ ਇਹ ਸਪਸ਼ਟ ਹੈ ਕਿ ਸਿੱਖ ਧਰਮ, ਹਿੰਦੂ ਧਰਮ ਅਤੇ ਹੋਰ ਧਰਮਾਂ ਅਤੇ ਪ੍ਰਣਾਲੀਆਂ ਤੋਂ ਅਲੱਗ, ਮੌਜੂਦਾ ਸਮੇਂ ਲਈ ਦੁਨਿਆ ਵਿਚ ਪ੍ਰਚਾਰਿਤ ਕੀਤਾ ਇਕ ਆਜ਼ਾਦ ਧਰਮ ਹੈ। ਜੇ ਕੋਈ ਸਿੱਖ ਇਸਨੂੰ ਸਹੀ ਤਰ੍ਹਾਂ ਨਹੀਂ ਸਮਝਦਾ ਹੈ ਅਤੇ ਇਸਦੀ ਰੱਬੀ ਸਿੱਖਿਆ ਤੇ ਕਠੋਰਤਾ ਨਾਲ ਅਮਲ ਨਹੀਂ ਕਰਦਾ ਹੈ ਤੱਦ ਇੱਕੋ ਇਕ ਕਾਰਣ ਇਹੀ ਹੋ ਸਕਦਾ ਹੈ ਕਿ ਉਹ ਇਸਨੂੰ ਪੜਣ ਯੋਗ ਨਹੀਂ ਬਣਿਆ ਹੈ, ਜਿਸਦਾ ਉਪਚਾਰ ਇਸਦਾ ਪ੍ਰਭਾਵੀ ਪ੍ਰਚਾਰ ਹੈ, ਜੋ ਕਰਣ ਲਈ ਸਿੱਖ ਵਚਨਬੱਧ ਹਨ।

## ਅਧਿਆਇ 4-2

## ਸਿੱਖਾਂ ਨੂੰ ਰੱਬੀ ਸਿੱਖਿਆ ਦੀ ਸਮਝ ਤੇ ਉਸਤੇ ਅਮਲ ਦੀ ਜ਼ਰੂਰਤ ਹੈ

ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਸਿੱਖ ਧਰਮ ਦੀ ਰੱਬੀ ਸਿੱਖਿਆ ਦੇ ਅਨੁਸਰਣ ਦੀ ਥਾਂ ਹਿੰਸਾ ਵਿਚ ਵੱਧ ਹਨ। ਵਿਸ਼ਵ ਭਰ ਦੇ ਧਰਮਾਂ ਅਤੇ ਇਤਿਹਾਸ ਦੇ ਮਹਾਨ ਵਿਦਵਾਨਾਂ ਨੇ ਸਿੱਖ ਧਰਮ ਨੂੰ ਮੌਜੂਦਾ ਸਮੇਂ ਦਾ ਧਰਮ ਬਿਆਨਿਆ ਹੈ, ਜੋ ਅੱਜ ਦੇ ਆਧੁਨਿਕ ਯੁਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਹੈ। ਬਿਨਾਂ ਹੋਰ ਦੇਰੀ ਕੀਤੇ, ਸੱਚੇ ਸਿੱਖ ਬਨਣ ਅਤੇ ਉਸ ਮੁਤਾਬਕ ਕੰਮ ਕਰਣ ਲਈ, ਸਿੱਖਾਂ ਨੂੰ ਇਸਦੀਆਂ ਕਮੀਆਂ ਤੋਂ ਬਾਹਰ ਆਉਣ ਦਾ ਕੋਈ ਹੱਲ ਲੱਭਣਾ ਚਾਹੀਦਾ ਹੈ।

ਚਿੰਤਾਜਨਕ ਗੱਲ ਇਹ ਹੈ ਕਿ ਸਿੱਖਾਂ ਦੇ ਆਪਣੇ ਘਰ ਵਿਚ ਸਿੱਖਾਂ ਵਲੋਂ ਹੀ ਸਿੱਖ ਧਰਮ ਦੀਆਂ ਸਭ ਤੋਂ ਜ਼ਿਆਦਾ ਮੌਲਿਕ ਅਤੇ ਬੁਨਿਆਦੀ ਜ਼ਰੂਰਤਾਂ ਦਾ ਪੂਰੀ ਤਰ੍ਹਾਂ ਉਲੰਘਣ ਹੋ ਰਿਹਾ ਹੈ ਅਤੇ ਸਿੱਖ ਸੰਸਥਾਵਾਂ, ਸਿੱਖਿਅਕ ਅਤੇ ਰਾਜਨੀਤਿਕ, ਸਫਲਤਾ ਨਾਲ ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਅਸਮਰਥ ਹਨ, ਜੱਦਕਿ ਜ਼ਿਆਦਾਤਰ ਸਿੱਖ ਨੇਤਾ ਇਸਤੋਂ ਬੇ-ਧਿਆਨੇ ਹੋਏ ਦਿਸਦੇ ਹਨ।

ਇਹ ਪੰਜਾਬ, ਸਿੱਖਾਂ ਦੇ ਵਤਨ, ਵਿਚ ਹੈ ਕਿ ਸਿੱਖ ਅਤੇ ਖਾਸ ਕਰਕੇ ਨੌਜਵਾਨ ਸਿੱਖ ਪੀੜੀ ਆਪਣੇ ਆਪ ਨੂੰ ਕੇਸਾਂ ਅਤੇ ਪੱਗ ਨਾਲ ਸਿੱਖੀ ਰੂਪ ਵਿਚ ਨਹੀਂ ਰੱਖ ਰਹੇ ਹਨ ਅਤੇ ਬਲਕਿ ਦਾੜ੍ਹੀ-ਮੁੱਛ ਮੁਨ੍ਹਾ ਕੇ ਆਪਣੀ ਸਿੱਖੀ ਪਛਾਣ ਨੂੰ ਖੋ ਰਹੇ ਹਨ, ਸਿੱਖੀ ਦੇ ਸੂਤਰਪਾਤ ਅਮ੍ਰਿਤ ਨੂੰ ਛੱਕਣ, ਸਿੱਖ ਦੇ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਦੇ ਤਰੀਕੇ ਵਿਚ ਜੀਉਣ ਬਾਰੇ ਕੀ ਕਹਿਣਾ, ਜੱਦਕਿ ਸਿੱਖ ਨੇਤਾ, ਧਾਰਮਕ ਅਤੇ ਰਾਜਨੀਤਿਕ ਦੋਵੇਂ, ਬੁੱਤ ਬਣ ਕੇ ਖੜੇ ਵੇਖ ਰਹੇ ਹਨ।

ਇਹ ਪੰਜਾਬ, ਸਿੱਖਾਂ ਦੇ ਵਤਨ ਵਿਚ ਹੈ ਕਿ ਨਸ਼ੀਲੇ ਪਦਾਰਥ ਖਾਸ ਕਰਕੇ ਸ਼ਰਾਬ, ਜੋ ਸਿੱਖ ਧਰਮ ਵਿਚ ਵਰਜਿਤ ਹੈ, ਦੀ ਸਿੱਖਾਂ ਵਿਚ ਸਭ ਤੋਂ ਵੱਧ ਖਪਤ ਹੁੰਦੀ ਹੈ ਅਤੇ ਰਾਜ ਨੂੰ ਇਸਤੋਂ ਸਭ ਤੋਂ ਵੱਧ ਆਮਦਨ ਹੈ ਜੋ ਕਿ ਇਸ ਸਾਲ 20 ਬਿਲੀਅਨ ਦਰਜ ਕੀਤੀ ਗਈ ਹੈ, ਜਦੋਂ ਸੱਤਾ ਵਿਚ ਬੈਠੇ ਰਾਜਨੇਤਾ ਵੀ ਇਸਨੂੰ ਸਿੱਖਾਂ ਦਾ ਚਿੰਨ੍ਹ ਦੱਸ ਕੇ ਪੇਸ਼ ਕਰਦੇ ਹਨ।

ਇਹ ਪੰਜਾਬ, ਸਿੱਖਾਂ ਦੇ ਵਤਨ, ਵਿਚ ਹੈ ਕਿ ਜ਼ਿਆਦਾਤਰ ਸਿੱਖ ਡੇਰਾਵਾਦ ਦੇ ਮੁਰੀਦ ਬਣ ਰਹੇ ਹਨ ਜੋ ਕਿ ਸਿੱਖਾਂ ਦੇ ਬਿਲਕੁਲ ਖ਼ਿਲਾਫ ਹੈ, ਕਿਉਂ ਜੋ ਗੁਰੂ ਗ੍ਰੰਥ ਸਾਹਿਬ ਹੀ ਸਿਰਫ ਸਿੱਖਾਂ ਦੇ ਅਮਰ ਗੁਰੂ ਹਨ ਅਤੇ ਸਿੱਖਾਂ ਵਲੋਂ ਇਸ ਵਿਚ ਸ਼ਾਮਲ ਰੱਬੀ ਗਿਆਨ ਨੂੰ ਹੀ ਬਿਨਾਂ ਕਿਸੇ ਹੋਰ ਅਗਵਾਈ ਦੇ ਵਿਚਾਰਨਾ ਚਾਹੀਦਾ ਹੈ। ਸਿੱਖ ਨੇਤਾ ਵੀ ਚੋਣਾਂ ਵਿਚ ਵੋਟਾਂ ਲੈਣ ਲਈ ਡੇਰਾਵਾਦ ਨੂੰ ਵਧਾਉਂਦੇ ਹੋਏ, ਇਨ੍ਹਾਂ ਡੇਰਿਆਂ ਵੱਲ ਜਾਂਦੇ ਹਨ।

ਇਹ ਪੰਜਾਬ, ਸਿੱਖਾਂ ਦੇ ਵਤਨ, ਵਿਚ ਹੈ ਕਿ ਬਾਲ ਕੰਨਿਆ ਦੀ ਹੱਤਿਆ, ਜੋ ਕਿ ਸਿੱਖ ਧਰਮ ਵਿਚ ਬਿਲਕੁਲ ਵਰਜਿਤ ਹੈ, ਸਭ ਤੋਂ ਵੱਧ ਹੈ, ਜੋ ਨਵਜਾਤ ਕੁੜਿਆਂ ਦੀ ਗਿਣਤੀ ਨੂੰ ਰਾਸ਼ਟਰੀ ਔਸਤ ਨਾਲੋਂ ਕਾਫੀ ਹੇਠ ਲੈ ਆਈ ਹੈ।

ਇਹ ਪੰਜਾਬ, ਸਿੱਖਾਂ ਦੇ ਵਤਨ ਜਿੱਥੇ ਸਿੱਖ ਰਾਜਨੀਤਿਕ ਤਾਕਤਾਂ ਪ੍ਰਾਪਤ ਕਰਦੇ ਹਨ, ਵਿਚ ਹੈ ਕਿ ਉਨ੍ਹਾਂ ਦੇ ਨੇਤਾ ਸੁਆਰਥੀ ਹਿੱਤਾਂ, ਭ੍ਰਿਸ਼ਟ ਕੰਮਾਂ, ਪੱਖਪਾਤ ਅਤੇ ਧੱੜੇਬਾਜੀ ਦੇ ਖੁੱਲ੍ਹੇਆਮ ਦੋਸ਼ੀ ਹਨ, ਜੋ ਸਿੱਖ ਧਰਮ ਵਿਚ ਵਰਜਿਤ ਹਨ ਅਤੇ ਬਲਕਿ ਸਿੱਖ ਧਰਮ ਮਾਨਵਤਾ ਦੀ ਸੁਆਰਥਹੀਣ ਸੇਵਾ, ਈਮਾਨਦਾਰੀ ਨਾਲ ਕਮਾਈ ਕਰਣ ਅਤੇ ਜ਼ਰੂਰਤਮੰਦਾਂ ਨਾਲ ਇਸਨੂੰ ਵੰਡਣ ਦਾ ਸਮੱਰਥਨ ਕਰਦਾ ਹੈ।

ਪੰਜਾਬ ਵਿਚ ਸਿੱਖੀ ਵਿਚ ਇਹੋ ਜਿਹੀ ਸਾਰੀਆਂ ਅਤੇ ਹੋਰ ਭੜਕੀਲੀ ਉਲੰਘਣਾਵਾਂ ਲਈ, ਸਿੱਖ ਨੇਤਾਵਾਂ, ਧਾਰਮਕ ਅਤੇ ਰਾਜਨੀਤਿਕ ਵਿਚ ਜਿੰਮੇਵਾਰੀ ਵੰਡੀ ਜਾਵੇਗੀ। ਸਿੱਖ ਅਤੇ ਖਾਸ ਕਰ ਸਿੱਖ ਨੌਜਵਾਨ ਸਿੱਖੀ ਦੇ ਸੂਤਰਪਾਤ, ਸਿੱਖੀ ਦੇ ਆਦਰਸ਼ ਜ਼ਾਬਤਾ ਅਤੇ ਸਿੱਖੀ ਪਛਾਣ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਲਈ ਸਿੱਖਾਂ ਦੇ ਇਤਿਹਾਸਕ ਗੁਰੂਦੁਆਰਿਆਂ ਦੇ ਪ੍ਰਬੰਧਕ ਅਤੇ ਸਿੱਖ ਧਰਮ ਦੇ ਪ੍ਰਚਾਰ ਦੀ ਮੱਖ ਸੰਸਥਾ, ਐਸ.ਜੀ.ਪੀ.ਸੀ ਨੂੰ, ਵਿਸ਼ਾਲ ਵਿੱਤੀ ਤੇ ਹੋਰ ਸਰੋਤਾਂ ਦੇ ਹੁੰਦਿਆਂ, ਹੋਰ ਸਿੱਖ ਗੁਰੂਦੁਆਰਿਆਂ ਦੇ ਪ੍ਰਬੰਧਕਾਂ ਅਤੇ ਸੰਗਠਨਾਂ ਨਾਲ ਮਿਲ ਕੇ ਪੰਜਾਬ ਵਿਚ ਜਿੰਮੇਵਾਰੀ ਵੰਡਣੀ ਪਵੇਗੀ।

ਐਸ.ਜੀ.ਪੀ.ਸੀ. ਨੂੰ ਸਾਰੇ ਰਾਜਨੀਤਿਕ ਸਮੂਹਾਂ ਦੇ ਨੇਤਾਵਾਂ ਦੇ ਨਾਲ ਮਿਲ ਕੇ ਇਸ ਬਹੁਤ ਜ਼ਰੂਰੀ ਸਿੱਖ ਸਮੱਸਿਆ ਦਾ ਸਮਾਧਾਨ ਕਰਨਾ ਚਾਹੀਦਾ ਹੈ, ਜਿਸ ਵਿਚ ਉਨ੍ਹਾਂ ਸਾਰਿਆਂ ਦੀ ਦਿਲਚਸਪੀ ਹੋਵੇ। ਅਕਾਲੀ ਦਲ, ਜਿਸਦੇ ਨਿਯੰਤਰਣ ਵਿਚ ਇਹ ਮੁੱਖ ਸਿੱਖ ਸੰਸਥਾ ਹੈ ਅਤੇ ਜੋ ਸਿੱਖਾਂ ਦਾ ਪ੍ਰਤੀਨੀਧਿੱਤਵ ਕਰਦੇ ਹਨ, ਵੀ ਸਿੱਖ ਧਰਮ ਦੇ ਪ੍ਰਚਾਰ ਲਈ ਵਚਨਬੱਧ ਹੈ। ਉਦੇਸ਼ ਦੀ ਈਮਾਨਦਾਰੀ ਨਾਲ ਵਚਨਬੱਧ ਸਿੱਖ ਅੰਦੋਲਨ ਅੱਜ ਦੀ ਲੋੜ ਹੈ, ਜੋ ਐਸ.ਜੀ.ਪੀ.ਸ਼ੀ. ਵਲੋਂ ਚਲਾਇਆ ਜਾਣਾ ਚਾਹੀਦਾ ਹੈ, ਜਿਸ ਵਿਚ ਪਹਿਲਾਂ ਹੀ ਦੇਰੀ ਹੋਈ ਪਈ ਹੈ। ਨਤੀਜੇ ਦੇਣ ਵਾਲੇ ਪਹਿਲੇ ਸਿੱਖ ਅੰਦੋਲਨ - 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਦੇ ਸਿੰਘ ਸਭਾ ਅੰਦੋਲਨ ਅਤੇ ਅਕਾਲੀ ਅੰਦੋਲਨ ਨੂੰ, ਸਿੱਖਾਂ ਅਤੇ ਸਿੱਖ ਨੇਤਾਵਾਂ ਦੀ ਸੁਆਰਥਹੀਣ ਸੇਵਾ, ਕੁਰਬਾਨੀਆਂ ਅਤੇ ਵਚਨਬੱਧਤਾ ਨੂੰ ਮਾਰਗ ਦਰਸ਼ਕ ਵਜੋਂ ਲੈਣਾ ਚਾਹੀਦਾ ਹੈ। ਰਾਜਨੀਤਿਕ ਪੱਖਪਾਤੀ ਅਤੇ ਹੰਕਾਰੀ ਪਾਰਟੀਆਂ ਦੀ ਧੱੜੇਬਾਜੀਆਂ ਤੋਂ ਉਪਰ ਉੱਠਦੇ ਹੋਏ, ਇਸ ਕੰਮ ਵਿਚ ਆਪਣੇ ਯੋਗਦਾਨ ਨੂੰ ਪੱਕਾ ਕਰਦਿਆਂ, ਜੱਥੇਦਾਰ ਅਕਾਲ ਤਖ਼ਤ ਵਲੋਂ ਇਸ ਸਮੱਸਿਆ ਦੇ ਹੱਲ ਉੱਤੇ ਵਿਚਾਰ ਵਟਾਂਦਰਾ ਕਰਨ ਅਤੇ ਫੈਸਲਾ ਲੈਣ ਲਈ, ਸਾਰੇ ਸਿੱਖ ਸਮੂਹਾਂ ਦੇ ਨੇਤਾਵਾਂ ਅਤੇ ਸਿੱਖ ਬੁੱਧੀਜੀਵੀਆਂ ਅਤੇ ਹੋਰ ਇਹੋ ਜਿਹੇ ਵਚਨਬੱਧਤਾ ਲਈ ਜਾਣੂੰ ਸਿੱਖਾਂ ਦੀ ਬੈਠਕ ਬੁਲਾਈ ਜਾ ਸਕਦੀ ਹੈ।

ਇਸ ਲਹਿਰ ਨੂੰ ਫੈਲਾਉਣ ਲਈ ਐਸ.ਜੀ.ਪੀ.ਸੀ. ਤੋਂ ਮੈਂਬਰ ਚੁਣ ਕੇ ਉਨ੍ਹਾਂ ਦੇ ਨਿਯੰਤਰਣ ਹੇਠ ਐਸ.ਜੀ.ਪੀ.ਸੀ. ਦਾ ਇੱਕ ਯੁਨਿਟ ਬਣਾਇਆ ਜਾ ਸਕਦਾ ਹੈ, ਪ੍ਰਚਾਰਕਾਂ ਦਾ ਪ੍ਰਬੰਧ ਐਸ.ਜੀ.ਪੀ.ਸੀ. ਵਲੋਂ ਕੀਤਾ ਜਾਵੇ। ਮਨੁੱਖ ਜੋ ਸਿੱਖ ਸੰਤ ਹੋਣ ਵਜੋਂ ਵਿਚਰ ਰਹੇ ਹਨ ਅਤੇ ਜੋ ਹੁਣ ਹਰ ਖੇਤਰ ਵਿਚ ਵੱਡੀ ਗਿਣਤੀ ਵਿਚ ਹਨ ਅਤੇ ਹੋਰ ਇਹੋ ਜਿਹੇ ਸਿੱਖ ਪ੍ਰਚਾਰਕਾਂ ਨੂੰ ਆਪਣੇ ਖੇਤਰਾਂ ਵਿਚ ਉਸ ਖੇਤਰ ਦੇ ਨੇਤਾਵਾਂ ਨਾਲ, ਚਾਹੇ ਜਿਸ ਪਾਰਟੀ ਦੇ ਹੋਣ, ਇਸ ਲਹਿਰ ਵਿਚ ਉਦੋਂ ਤੱਕ ਲਗਾਤਾਰ ਕੰਮ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਜੱਦ ਤੱਕ ਸਿੱਖਾਂ ਨੂੰ ਮੁੜ ਸਿੱਖਾਂ ਦੇ ਆਦਰਸ਼ ਜ਼ਾਬਤਾ ਵੱਲ ਨਾ ਲੈ ਆਇਆ ਜਾਵੇ। ਅਕਾਲ ਤਖ਼ਤ ਅਤੇ ਪੰਜਾਬ ਵਿਚ ਹੋਰ ਤਖ਼ਤਾਂ ਦੇ ਜੱਥੇਦਾਰ ਉਦੇਸ਼ ਹਾਸਲ ਕਰਣ ਤੱਕ ਲਗਾਤਾਰ ਆਪਣੇ ਇਲਾਕਿਆਂ ਵਿਚ ਰਹਿ ਕੇ ਇਸ ਲਹਿਰ ਦੀ ਪ੍ਰਭਾਵੀ ਦੇਖਭਾਲ ਕਰਣ। ਵਿਸ਼ਵ ਭਰ ਦੇ ਸਿੱਖ ਗੁਰੂਦੁਆਰਿਆਂ ਅਤੇ ਸੰਗਠਨਾਂ ਨੂੰ ਵੀ ਮਿਲ ਕੇ ਇਸ ਸੰਬੰਧ ਵਿਚ ਆਪਣੇ ਇਲਾਕਿਆਂ ਵਿਚ ਬਰਾਬਰ ਕਦਮ ਚੁੱਕਣੇ ਚਾਹੀਦੇ ਹਨ।

ਸਾਰੇ ਸਿੱਖ ਸਕੂਲ ਅਤੇ ਕਾਲਜ ਸਿੱਖੀ ਸੰਬੰਧਤ ਬਣਾਏ ਜਾਣ ਤਾਂ ਜੋ ਉਹ ਉਸ ਮਕਸਦ ਨੂੰ ਪੂਰਾ ਕਰਨ ਜਿਸ ਲਈ ਉਹ ਬਣਾਏ ਗਏ ਸਨ ਅਤੇ ਇਹੋ ਜਿਹੇ ਸਕੂਲਾਂ ਅਤੇ ਕਾਲਜਾਂ ਵਿਚ ਅਧਿਆਪਕ ਵਚਨਬੱਧ ਸਿੱਖ ਹੋਣ ਤਾਂ ਜੋ ਉਹ ਸਿੱਖ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸ੍ਰੋਤ ਬਣਨ, ਉਹ ਸਿੱਖੀ ਦੀ ਧਾਰਮਕ ਸਿੱਖਿਆ ਨੂੰ ਯਕੀਨੀ ਬਨਾਉਣ ਅਤੇ ਇਹ ਪੱਕਾ ਕਰਨ ਕਿ ਸਿੱਖ ਵਿਦਿਆਰਥੀ ਸਿੱਖੀ ਦੇ ਆਦਰਸ਼

ਜ਼ਾਬਤਾ ਦਾ ਪਾਲਣ ਕਰਣ। ਸਿੱਖ ਸਕੂਲ ਅਤੇ ਕਾਲਜ ਦੇ ਪ੍ਰਬੰਧਕਾਂ ਨੂੰ ਇਹੋ ਜਿਹੇ ਕਾਰਜਾਂ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇ। ਇਸ ਉਦੇਸ਼ ਲਈ ਉਨ੍ਹਾਂ ਪ੍ਰਬੰਧਕਾਂ ਦੀ ਇੱਕ ਕੇਂਦਰੀ ਕਮੇਟੀ ਬਣਾਈ ਜਾਵੇ। ਸਿੱਖ ਧਰਮ ਅਤੇ ਇਤਿਹਾਸ ਦੀ ਪੜਾਈ ਲਈ ਸਿੱਖ ਸਕੂਲਾਂ ਵਿਚ ਇੱਕੋ ਜਿਹਾ ਸਿਲੇਬਸ ਨਿਰਧਾਰਿਤ ਕੀਤਾ ਜਾਵੇ ਅਤੇ ਕਿਤਾਬਾਂ ਛਾਪੀਆਂ ਅਤੇ ਵੰਡੀਆਂ ਜਾਣ। ਬਾਹਰ ਮੁਲਕਾਂ ਵਿਚ ਐਤਵਾਰ ਨੂੰ ਗੁਰੂਦੁਆਰੇ ਦੇ ਸਕੂਲਾਂ ਵਿਚ ਵੀ ਇਹ ਕਿਤਾਬਾਂ ਮੁਹੱਈਆ ਕੀਤੀਆਂ ਜਾਣ ਜਿਸਨੂੰ ਸਿੱਖ ਧਰਮ ਅਤੇ ਇਤਿਹਾਸ, ਨਾਲ ਹੀ, ਪੰਜਾਬੀ ਭਾਸ਼ਾ ਦੀ ਸਿੱਖਿਆ ਦੇਣ ਲਈ ਗੁਰੂਦੁਆਰਿਆਂ ਵਿਚ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਹੈ। ਇਹੋ ਜਿਹੇ ਐਤਵਾਰ ਵਾਲੇ ਗੁਰੂਦੁਆਰੇ ਦੇ ਸਕੂਲ ਪੰਜਾਬ ਅਤੇ ਭਾਰਤ ਦੇ ਹੋਰ ਹਿੱਸਿਆਂ ਚ ਬਣਾਏ ਜਾ ਸਕਦੇ ਹਨ। ਸਿੱਖਾਂ ਦੇ ਨਵੇਂ ਸਕੂਲ ਵੀ, ਜਿੱਥੇ ਲੋੜ ਹੋਵੇ, ਸਥਾਪਤ ਕੀਤੇ ਜਾਣੇ ਚਾਹੀਦੇ ਹਨ, ਜਿਸ ਵਿਚ ਕਿ ਸਿੱਖਾਂ ਦੇ ਰੂਪ ਅਤੇ ਸਿੱਖ ਵਿਦਿਆਰਥੀਆਂ ਦੀ ਪਛਾਣ ਨੂੰ ਪੱਕਾ ਕੀਤਾ ਜਾਣਾ ਚਾਹੀਦਾ ਹੈ। ਇਹੋ ਜਿਹੀ ਯੋਜਨਾਵਾਂ ਨੂੰ ਸਾਕਾਰ ਕਰਨਾ ਚਾਹੀਦਾ ਹੈ ਅਤੇ ਸਿਰਫ ਨਾਅਰੇ ਬਣੇ ਨਹੀਂ ਰਹਿਣ ਦੇਣਾ ਚਾਹੀਦਾ ਹੈ। ਐਸ.ਜੀ.ਪੀ.ਸੀ. ਨੂੰ ਸਿੱਖ ਸਿੱਖਿਆ ਲਈ ਵਾਸਤਵਿਕ ਫੰਡ ਸੁਰੱਖਿਅਤ ਰੱਖਣੇ ਚਾਹੀਦੇ ਹਨ। ਸਿੱਖ ਐਨ.ਆਰ.ਆਈ ਵਾਸਤਵਿਕ ਯੋਗਦਾਨ ਦੇ ਸਕਦੇ ਹਨ ਜੇ ਇਸ ਸੰਬੰਧ ਵਿਚ ਉਨ੍ਹਾਂ ਨੂੰ ਉਦੇਸ਼ ਨੂੰ ਪਾਉਣ ਲਈ ਈਮਾਨਦਾਰੀ ਦੀ ਭਾਵਨਾ ਦਿਖਾਈ ਜਾਵੇ। ਇਸ ਸਮੱਸਿਆ ਨੂੰ ਝੱਲਣਾ ਸੌਖਾ ਹੋ ਜਾਵੇਗਾ ਜੇ ਸਿੱਖ ਵਿਦਿਅਕ ਸੰਸਥਾਵਾਂ ਵਿਚ ਇਹੋ ਜਿਹਾ ਕ੍ਰਾਂਤੀਕਾਰੀ ਪਰਿਵਰਤਨ ਲਿਆਇਆ ਜਾਵੇ। ਕਿਵੇਂ ਵੀ ਮਾਪਿਆਂ ਵਲੋਂ ਬੱਚਿਆਂ ਨੂੰ ਹਮੇਸ਼ਾ ਬਾਹਰੀ ਅਤੇ ਅੰਦਰੂਨੀ ਤੌਰ ਤੇ ਸਿੱਖੀ ਰੂਪ ਵਿਚ ਰਹਿਣ ਲਈ ਪ੍ਰੇਰਿਤ ਕਰਣ ਦੇ ਆਪਣੇ ਫਰਜ਼ ਨੂੰ ਛੱਡ ਕੇ, ਉਨ੍ਹਾਂ ਨੂੰ ਸਿੱਖ ਧਰਮ, ਸਿੱਖ ਇਤਿਹਾਸ ਅਤੇ ਪੰਜਾਬੀ ਭਾਸ਼ਾ ਦਾ ਗਿਆਨ ਕਰਵਾਉਣਾ ਚਾਹੀਦਾ ਹੈ। ਸਿੱਖ ਇੱਕ ਹੋਰ ਗੰਭੀਰ ਸਮੱਸਿਆ ਨਾਲ ਜੂਝਦੇ ਹਨ, ਸਿੱਖਾਂ ਨੂੰ ਵੀ ਧਿਆਨ ਦੇਣ ਦੀ ਲੋੜ ਹੈ। ਇਹ ਹੈ ਸਿੱਖਾਂ ਅਤੇ ਸਿੱਖ ਧਰਮ ਨੂੰ ਗਲਤ ਢੰਗ ਨਾਲ ਪੇਸ਼ ਕਰਨਾ, ਸਿੱਖ ਗੁਰੂਆਂ ਨੂੰ ਵੀ ਅੱਡ ਨਾ ਕਰਦੇ ਹੋਏ, ਸਕੂਲੀ ਸਿੱਖਿਆ ਦੇ ਸਿਲੇਬਸ ਵਿਚ ਵੀ ਅਤੇ ਐਨ.ਸੀ.ਈ.ਆਰ.ਟੀ ਵਲੋਂ ਪ੍ਰਕਾਸ਼ਿਤ ਕਿਤਾਬਾਂ ਵਿਚ ਵੀ। ਇਹ ਸਿੱਖੀ ਦੀ ਪਛਾਣ ਨੂੰ ਕਮਜ਼ੋਰ ਬਨਾਉਣ ਅਤੇ ਉਨ੍ਹਾਂ ਨੂੰ ਹਿੰਦੂ ਸੰਪ੍ਰਦਾਇ ਨਾਲ ਜੋੜ ਕੇ ਗਲਤ ਢੰਗ ਨਾਲ ਪੇਸ਼ ਕਰਣ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਬਨਾਉਣ ਦੀ ਇਕ ਸਿਲਸਿਲੇਵਾਰ ਯੋਜਨਾ ਦੇ ਅਧੀਨ ਹੈ। ਕੁਝ ਮੂਲਭੂਤ ਹਿੰਦੂ ਇਸ ਦਾ ਗਲਤ ਪ੍ਰਚਾਰ ਕਰ ਕੇ ਆਪਣੇ ਆਪ ਨੂੰ ਸੰਤੁਸ਼ਟ ਕਰ ਰਹੇ ਹਨ। ਕੁਝ ਲਿਖਤਾਂ ਕਾਫੀ ਸਮੇਂ ਤੋਂ ਸਿੱਖ ਅਤੇ ਸਿੱਖ ਧਰਮ ਦੇ ਆਰੰਭ ਤੋਂ ਇਸ ਨੂੰ ਗ਼ਲਤ ਢੰਗ ਨਾਲ ਪੇਸ਼ ਕਰਨ ਲਈ ਮੌਜੂਦ ਹਨ ਅਤੇ ਕੁਝ ਹੁਣ ਅਲੋਪ ਹੋ ਗਈਆਂ ਹਨ। ਐਸ.ਜੀ.ਪੀ.ਸੀ ਨੂੰ ਵੀ ਇਸ ਸਮੱਸਿਆ ਨੂੰ ਹੱਲ ਕਰਣ ਲਈ ਹੋਰ ਸਿੱਖ ਸੰਗਠਨਾਂ ਅਤੇ ਸਿੱਖ ਵਿਦਵਾਨਾਂ ਨਾਲ ਮਿਲ ਕੇ ਇਸ ਮਾਮਲੇ ਵਿਚ ਅਗਵਾਈ ਕਰਨੀ ਚਾਹੀਦੀ ਹੈ।

ਇਹ ਸਮੱਸਿਆ ਸਿੱਖ ਵਿਦਵਾਨਾਂ ਵਲੋਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਕੁਸ਼ਲ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਨਾਉਣ ਦੀ ਲੋੜ ਹੈ, ਜੋ ਪਹਿਲਾਂ ਸਿੱਖਾਂ ਅਤੇ ਸਿੱਖ ਧਰਮ ਦੇ ਖਿਲਾਫ਼ ਗ਼ਲਤਫਹਿਮੀਆਂ ਨੂੰ ਪਛਾਣੇ ਅਤੇ ਫਿਰ ਇਸਦੇ ਗ਼ਲਤ ਢੰਗ ਨਾਲ ਪੇਸ਼ ਕੀਤੇ ਜਾਣ ਨੂੰ ਸਪਸ਼ਟ ਕਰੇ। ਵਿਦਵਾਨੀ ਵਿਧੀ ਵਿਚ ਇਕ-ਮਤ ਸਫਾਈਆਂ ਦਿੱਤੀਆਂ ਜਾਣ ਅਤੇ ਗ਼ਲਤ ਪੇਸ਼ਕਾਰੀ ਨੂੰ ਨਕਾਰਣ ਲਈ ਪ੍ਰਕਾਸ਼ਿਤ ਕੀਤੀਆਂ ਜਾਣ। ਗ਼ਲਤ ਬੰਦੇ ਖ਼ਿਲਾਫ ਜਿੱਥੇ ਵੀ ਹੋ ਸਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਉਦੇਸ਼ ਲਈ ਅਤੇ ਸਿੱਖ ਧਰਮ ਨਾਲ ਸੰਬੰਧਤ ਹੋਰ ਕਿਸੇ ਵੀ ਮਸਲੇ ਲਈ ਸਿੱਖ ਵਕੀਲ, ਜੋ ਸਿੱਖ ਧਰਮ ਲਈ ਵਚਨਬੱਧ ਹਨ, ਨੂੰ ਕੰਮ ਵਿਚ ਲਾਇਆ ਜਾਵੇ।

ਸਿੱਖਾਂ ਦੀ ਦੂਜੀ ਸਮੱਸਿਆ ਇਹ ਹੈ ਕਿ ਉਨ੍ਹਾਂ ਕੋਲ ਦੁਨੀਆ ਵਿਚ ਸਿੱਖ ਪਰਧਾਨਤਾ ਨਹੀਂ ਹੈ, ਹਾਲਾਂਕਿ ਉਹ ਹੁਣ ਸਾਰੀ ਦੁਨੀਆ ਵਿਚ ਵਸੇ ਹੋਏ ਹਨ। ਸਿੱਖਾ ਕੋਲ ਦੁਨੀਆ ਵਿਚ ਈਮਾਨਦਾਰੀ, ਏਕਤਾ ਅਤੇ ਸਿੱਖ ਉੱਦੇਸ਼ ਲਈ ਵਚਨਬੱਧਤਾ ਦੀ ਪ੍ਰਧਾਨਤਾ ਹੋਣੀ ਚਾਹੀਦੀ ਹੈ। ਇਹ ਉਨ੍ਹਾਂ ਦੇ ਸਥਾਨੀ ਝਗੜਿਆਂ ਨੂੰ ਸੁਲਝਾ ਸਕਦੇ ਹਨ, ਜੋ ਸਥਾਨੀ ਅਦਾਲਤਾਂ ਵਿਚ ਉਨ੍ਹਾਂ ਦੇ ਫੰਡਾਂ ਨੂੰ ਬਰਬਾਦ ਕਰਦੇ ਹੋਏ ਗੁਰੂਦੁਆਰਿਆਂ ਵਿਚ ਹੋਣ ਵਾਲੇ ਝਗੜਿਆਂ ਕਰਕੇ ਉਨ੍ਹਾਂ ਦੀ ਬਦਨਾਮੀ ਦਾ ਕਾਰਨ ਬਣ ਰਹੇ ਹਨ। ਉਹ ਇਕੱਠੇ ਹੋ ਕੇ ਸਾਰੇ ਸੰਸਾਰ ਵਿਨ ਆਪਣੇ ਲੇਖਾਂ ਦੀ ਮਾਨਤਾ ਕਰਕੇ ਆਪਣੀਆਂ ਸਮੱਸਿਆਵਾਂ ਨੂੰ ਸੁਲਝਾ ਸਕਦੇ ਹਨ। ਉਹ ਵੱਡੇ ਪੱਧਰ ਤੇ ਸਿੱਖਾਂ ਵਿਚ ਇਕ ਤਰ੍ਹਾਂ ਦੇ ਸਿੱਖ ਧਰਮ ਦੇ ਪ੍ਰਚਾਰ ਨੂੰ ਹੁੰਗਾਰਾ ਦੇ ਸਕਦੇ ਹਨ। ਦੁਨੀਆ ਦੇ ਕੁਝ ਮਹਾਨ ਧਰਮ ਦੇ ਵਿਦਵਾਨਾਂ ਨੇ ਪਹਿਲਾਂ ਹੀ ਬਿਆਨ ਕੀਤਾ ਹੈ ਕਿ ਸਿੱਖ ਧਰਮ ਦੇ ਪਿਆਰ ਅਤੇ ਸ਼ਾਂਤੀ ਦੇ ਸੰਦੇਸ਼ ਨੂੰ ਪੂਰੀ ਦੁਨੀਆ ਤੱਕ ਪਹੁੰਚਾਉਣਾ ਚਾਹੀਦਾ ਹੈ। ਇਹ ਵੀ ਸਿੱਖਾਂ ਦੀ ਗ਼ਲਤ ਪਛਾਣ ਦੀ ਸਮੱਸਿਆ ਨੂੰ ਹੱਲ ਕਰੇਗੀ, ਜਿਸਨੂੰ ਉਹ ਹੁਣ ਝੱਲ ਰਹੇ ਹਨ।

ਸਿੱਖਾਂ ਦੀ ਇਨ੍ਹਾਂ ਸਮੱਸਿਆਵਾਂ ਨੂੰ ਮੁਢਲੇ ਤੌਰ ਤੇ ਉਦੇਸ਼ ਦੀ ਈਮਾਨਦਾਰੀ ਅਤੇ ਵਚਨਬੱਧਤਾ ਨਾਲ ਸੁਲਝਾਉਣ ਦੀ ਲੋੜ ਹੈ, ਜਿਸਦੇ ਇਹ ਯੋਗ ਹੈ। ਐਸ.ਜੀ.ਪੀ.ਸ਼ੀ. ਨੂੰ, ਸਿੱਖਾਂ ਨੂੰ ਇਕੱਠੇ ਕਰਦੇ ਹੋਏ, ਪਾਰਟੀਆਂ ਦੀ ਧੱੜੇਬਾਜੀਆਂ ਤੋਂ ਉਪਰ ਉੱਠ ਕੇ, ਦਿੱਲੀ ਦੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਦੋ ਸਿੱਖ ਤਖ਼ਤ - ਹਜ਼ੂਰ ਸਾਹਿਬ ਨਾਂਦੇੜ ਅਤੇ ਪਟਨਾ ਸਹਿਬ ਦੀ ਕਮੇਟੀਆਂ, ਨਾਲ ਹੀ ਹੋਰ ਸਾਰੀਆਂ ਸਿੱਖ ਸੰਸਥਾਵਾਂ ਨਾਲ ਮਿਲ ਕੇ, ਇਨ੍ਹਾਂ ਮਾਮਲਿਆਂ ਵਿਚ ਪਹਿਲ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਹਰ ਦੇਸ਼ ਦੀ ਸਿੱਖ ਪ੍ਰਬੰਧਕ ਕਮੇਟੀ ਨੂੰ, ਹੋਰ ਸਿੱਖ ਸੰਸਥਾਵਾਂ ਅਤੇ ਸ਼ਖਸੀਅਤਾਂ ਨਾਲ ਮਿਲ ਕੇ, ਸਿੱਖ ਉੱਦੇਸ਼ ਲਈ ਵਚਨਬੱਧ ਹੋ ਕੇ, ਪਹਿਲ ਕਰਨੀ ਚਾਹੀਦੀ ਹੈ।

ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿੱਖੀ ਸੰਕਲਪ ਨੂੰ ਫਿਰ ਤੋਂ ਸਜੀਵ ਕਰਣ ਦੀ ਲੋੜ ਹੈ, ਤਾਂ ਜੋ ਸਿੱਖ ਸਿੱਖੀ ਮਸਲਿਆਂ ਉੱਤੇ ਨਿਰਣੈ ਲੈਣ ਦੇ ਯੋਗ ਬਣ ਸਕਣ, ਜੋ ਦੀਨਆ ਭਰ ਦੇ ਸਿੱਖਾਂ ਤੇ ਬੱਝਵਾਂ ਹੋਵੇ ਜਿਸ ਲਈ ਸਾਰੇ ਸਿਖਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ।

## ਅਧਿਆਇ 4-3

## ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਸਿੱਖ ਧਾਰਨਾ ਨੂੰ ਪੂਰਵ-ਅਵਸਥਾ ਵਿਚ ਲਿਆਉਣ ਦੀ ਲੋੜ ਹੈ

ਪਹਿਲਾ ਅਤੇ ਸਭ ਤੋਂ ਵੱਧ ਸਿੱਖ ਮਸਲਾ ਇਹ ਹੈ ਕਿ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਧਾਰਨਾ ਨੂੰ ਬਿਨਾਂ ਹੋਰ ਦੇਰੀ ਕੀਤੇ ਪੂਰਵ-ਅਵਸਥਾ ਵਿਚ ਲਿਆਉਣਾ ਚਾਹੀਦਾ ਹੈ, ਜਿਸ ਉੱਤੇ ਸਿੱਖਾਂ ਵਲੋਂ ਪਿਛਲੇ ਕਈ ਦਹਾਕਿਆਂ ਤੋਂ ਧਿਆਨ ਨਹੀਂ ਦਿੱਤਾ ਗਿਆ ਹੈ, ਜੋ ਸਿੱਖਾਂ ਨੂੰ ਪੰਥ ਦੇ ਮਸਲਿਆਂ ਤੇ ਫੈਸਲੇ ਲੈਣ ਲਈ ਅਯੋਗ ਬਣਾ ਰਿਹਾ ਹੈ। ਇਸ ਧਾਰਨਾ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖੀ ਧਰਮ ਦੀ ਪੂਰਤੀ ਦੀ ਆਖਿਰੀ ਘੜੀ ਵਿਚ ਕੀਤੀ ਗਈ ਸੀ।

ਗੁਰੂ ਗੋਬਿੰਦ ਸਿੰਘ, ਦਸਵੀਂ ਪਾਤਸ਼ਾਹੀ ਨੇ ਸਿੱਖ ਧਰਮ ਦੇ ਅੰਤਿਮ ਚਰਨ ਨੂੰ ਪੂਰਨ ਕੀਤਾ ਸੀ, ਜਿਸਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਵਲੋਂ ਕੀਤੀ ਗਈ ਸੀ ਅਤੇ ਇਸਦਾ ਵਿਕਾਸ ਦੂਜੇ ਤੋਂ ਨੌਵੇਂ ਸਿੱਖ ਗੁਰੂਆਂ ਵਲੋਂ ਕੀਤਾ ਗਿਆ। ਸਾਰੇ ਸਿੱਖ ਗੁਰੂਆਂ ਕੋਲ ਇਕੋ ਜਿਹੀ ਰੱਬੀ ਰੂਹ ਸੀ ਅਤੇ ਉਨ੍ਹਾਂ ਦੀ ਰੱਬੀ ਸਿੱਖਿਆ ਦਾ ਸਿੱਖਾਂ ਵਲੋਂ ਬਿਨਾਂ ਸੰਕੋਚ ਪਾਲਨ ਕੀਤਾ ਜਾਣਾ ਹੈ।

ਸਿੱਖ ਧਰਮ ਦੇ ਅੰਤਿਮ ਚਰਨ ਨੂੰ ਪੂਰਾ ਕਰਨ ਲਈ ਦਸਵੀਂ ਪਾਤਸ਼ਾਹੀ ਵਲੋਂ ਦੋ ਬਹੁਤ ਮਹੱਤਵਪੂਰਨ ਹੁਕਮ ਜਾਰੀ ਕੀਤੇ ਗਏ ਸਨ, ਜਿਸਨੇ ਸਿੱਖ ਧਰਮ ਨੂੰ ਵਿਸ਼ਵ ਦਾ ਇਕ ਆਜ਼ਾਦ ਧਰਮ ਬਣਾਇਆ, ਜਲਦੀ ਹੀ ਵਿਸ਼ਵ ਦੇ ਪਹਿਲੇ ਪੰਜ ਧਰਮਾਂ ਵਿਚ ਸ਼ਾਮਲ ਹੋਣ ਵਾਲਾ ਅਤੇ ਸੰਪੂਰਣ ਸਿੱਖੀ ਸਾਮਰਾਜ ਨੂੰ ਉੱਤਰ ਭਾਰਤ ਵਿਚ ਸਥਾਪਿਤ ਕਰਦਿਆਂ ਸਿੱਖਾਂ ਨੂੰ ਇਕ ਅੱਡ ਰਾਸ਼ਟਰ ਦਿੱਤਾ, ਜਿਨ੍ਹਾਂ ਨਾਲ ਅੰਗਰੇਜਾਂ ਨੇ ਸਮਝੌਤਾ ਕੀਤਾ ਕਿ ਬਾਕੀ ਭਾਰਤ ਤੇ ਆਪਣਾ ਸ਼ਾਸਨ ਸਥਾਪਿਤ ਕਰਨ ਤੋਂ ਬਾਅਦ ਇੱਕ ਦੂਜੇ ਦੇ ਇਲਾਕੇ ਵਿਚ ਦਖ਼ਲਬਾਜੀ ਨਾ ਕੀਤੀ ਜਾਵੇ। ਪਹਿਲਾ ਹੁਕਮ, 1699 ਦੀ ਵਿਸਾਖੀ ਦੇ ਮੌਕੇ, ਸਿੱਖੀ ਦੇ ਸੂਤਰਪਾਤ, ਅਮ੍ਰਿਤ-ਖਮਡੇ ਦੀ ਪਹਿਲ ਅਤੇ ਸਿੱਖੀ ਚਿੰਨ੍ਹਾਂ ਅਤੇ ਸਿੱਖੀ ਆਦਰਸ਼ ਜ਼ਾਬਤਾ ਨੂੰ ਉਸ ਲਹਿਜੇ ਵਿਚ ਅਪਨਾਉਣਾ ਸੀ, ਜਿਸ ਨੇ ਸਿੱਖੀ ਦੀ ਅੱਡ ਪਛਾਣ ਅਤੇ ਸਿੱਖ ਬਨਣ ਦਾ ਅਤੇ ਸਿੱਖੀ ਵਿਚ ਕੰਮ ਕਰਨ ਦਾ ਤੌਰ ਤਰੀਕਾ ਪ੍ਰਦਾਨ ਕੀਤਾ। ਦਸਵੀਂ ਸਿੱਖ ਪਾਤਸ਼ਾਹੀ ਨੇ ਆਪ ਅਮ੍ਰਿਤ ਤਿਆਰ ਕੀਤਾ ਅਤੇ ਪੰਜ ਚਿੰਨ੍ਹਾਂ ਦੇ ਨਾਲ ਪੰਜ ਪਿਆਰਿਆਂ ਨੂੰ ਛਕਾਇਆ ਅਤੇ ਉਨ੍ਹਾਂ ਦੇ ਨਾਮ ਨਾਲ ਸਿੰਘ ਲਾਇਆ, ਜੋ ਸਰਵ-ਉੱਚ ਬਲਿਦਾਨ ਕਰਨ ਲਈ ਤਿਆਰ ਸਨ ਅਤੇ ਜਿਨ੍ਹਾਂ ਨੂੰ ਸਿੱਖ ਨੇਤਾ ਬਣਾਇਆ ਗਿਆ। ਉਦੋਂ ਗੁਰੂ ਜੀ ਨੇ ਆਪ ਉਨ੍ਹਾਂ ਪਿਆਰਿਆਂ ਤੋਂ ਉਸ ਵਿਧੀ ਵਿਚ ਅਮ੍ਰਿਤ ਛੱਕਿਆ ਅਤੇ ਉਨ੍ਹਾਂ ਪੰਜਾਂ ਪਿਆਰਿਆਂ ਨੂੰ ਹੋਰ ਸਿੱਖਾਂ ਨੂੰ ਅਮ੍ਰਿਤ ਛਕਾਉਣ ਦਾ ਅਧਿਕਾਰ ਦਿੱਤਾ। ਇਤਿਹਾਸ ਵਿਚ ਦਰਜ ਹੈ ਕਿ ਵੀਹ ਹਜ਼ਾਰ ਤੋਂ ਵੀ ਵੱਧ ਸਿੱਖਾਂ ਨੇ ਉਸ ਦਿਨ ਅਮ੍ਰਿਤ ਛਕਿਆ, ਜੋ ਇਹ ਕਾਇਮ ਕਰਨ ਲਈ ਭਰਪੂਰ ਸੀ ਕਿ ਇਹ ਸਿੱਖ ਬਨਣ ਅਤੇ ਇਸ ਵਾਂਗ ਕੰਮ ਕਰਨ ਲਈ ਲਾਜ਼ਮੀ ਬਣਾਇਆ ਗਿਆ ਸੀ।

ਦੂਜਾ ਹੁਕਮ ਗੁਰੂ ਗ੍ਰੰਥ ਸਾਹਿਬ ਨੂੰ ਸਥਿਰ ਰੂਪ ਵਿਚ ਸਿੱਖ ਗੁਰੂਆਂ ਦੀ ਰੂਹਾਨੀ ਆਤਮਾ ਮੰਨਦੇ ਹੋਏ ਸਿੱਖਾਂ ਦਾ ਅਮਰ ਗੁਰੂ ਬਨਾਉਣਾ ਸੀ ਅਤੇ ਇਸਦੇ ਦਿਖਾਏ ਮਾਰਗ ਉੱਤੇ ਚਲਨਾ ਸੀ। ਜਯੋਤੀ ਜੋਤ ਸਮਾਉਣ ਤੋਂ ਕੁੱਝ ਸਮੇਂ ਪਹਿਲਾਂ ਹੀ ਦਸਵੀਂ ਪਾਤਸ਼ਾਹੀ ਨੇ ਕਿਸੇ ਜੀਵਿਤ ਗੁਰੂ ਦੀ ਬਜਾਏ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਉੱਤਰਾਧਿਕਾਰੀ ਬਣਾਇਆ ਅਤੇ ਸਿੱਖਾਂ ਨੂੰ ਨਿਰਦੇਸ਼ ਦਿੱਤਾ ਕਿ ਸਿੱਖ ਪੰਥ ਅਕਾਲ ਪੁਰਖ ਦੇ ਨਿਰਦੇਸ਼ਾਂ ਅਧੀਨ ਸਥਾਪਿਤ ਹੋਇਆ ਸੀ ਅਤੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਕਬੂਲ ਕਰਨਾ ਚਾਹੀਦਾ ਹੈ ਅਤੇ ਸੱਚੇ ਦਿਲ ਨਾਲ ਇਸਦੇ ਦਰਸ਼ਾਏ ਰੱਬੀ ਮਾਰਗ ਉੱਤੇ ਚਲਨਾ ਚਾਹੀਦਾ ਹੈ।

ਗੁਰੂ ਗ੍ਰੰਥ ਅਤੇ ਗੁਰੂ ਪੰਥ ਦਾ ਸੰਕਲਪ ਦਸਵੇਂ ਗੁਰੂ ਵਲੋਂ ਕੀਤਾ ਗਿਆ ਸੀ ਕਿ ਸਾਰੇ ਸਿੱਖ, ਸਿੱਖੀ ਸੂਤਰਪਾਤ ਨੂੰ ਛੱਕ ਕੇ, ਉਨ੍ਹਾਂ ਵਲੋਂ ਹੁਕਮ ਕੀਤੇ ਗਏ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਦੇ ਹੋਏ, ਗੁਰੂ ਪੰਥ ਬੁਲਾਉਣਗੇ ਅਤੇ ਸਿੱਖ ਪੰਥ ਦੇ ਫ਼ੈਸਲੇ ਆਪ ਆਪਣੇ ਪ੍ਰਤਿਨਿਧਿ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਦਰਸ਼ਾਏ ਹੋਏ ਮਾਰਗ ਹੇਠ ਲੈਣਗੇ, ਜੋ ਸਾਰੇ ਸਿੱਖਾਂ ਨੂੰ ਸਵੀਕਾਰ ਹੋਵੇਗਾ ਅਤੇ ਉਨ੍ਹਾਂ ਤੇ ਬੱਝਵਾਂ ਹੋਵੇਗਾ। ਸਾਰੇ ਸਿੱਖ ਪੰਥ ਨੂੰ ਇਕੱਠਾ ਰੱਖਣ ਦਾ ਇਹੀ ਇਕੋ ਇਕ ਰਾਹ ਹੈ।

ਦਸਵੀਂ ਪਾਤਸ਼ਾਹੀ ਤੋਂ ਬਾਅਦ ਵਾਲੇ ਸਮੇਂ ਵਿਚ, ਸਿੱਖ ਆਪਣੇ ਧਰਮ ਦੀ ਆਜ਼ਾਦੀ ਅਤੇ ਸਾਮਰਾਜ ਲਈ ਲਗਭਗ ਇੱਕ ਸਦੀ ਤੱਕ, ਮੁਗ਼ਲ ਸ਼ਾਸਕਾਂ ਅਤੇ ਅਫਗਾਨ ਘੁਸਪੈਠਿਆਂ ਵਿਰੁੱਧ ਸੰਘਰਸ਼ ਕਰਦੇ ਰਹੇ ਅਤੇ ਉਨ੍ਹਾਂ ਨੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿੱਖੀ ਸੰਕਲਪ ਦਾ ਪਾਲਨ ਕੀਤਾ। ਉਨ੍ਹਾਂ ਨੇ ਸਿੱਖੀ ਸੂਤਰਪਾਤ 'ਅਮ੍ਰਿਤ' ਛੱਕਿਆ ਅਤੇ ਸਿੱਖੀ ਚਿੰਨ੍ਹ ਅਤੇ ਸਿੱਖੀ ਆਦਰਸ਼ ਜ਼ਾਬਤਾ ਨੂੰ ਧਾਰਨ ਕੀਤਾ, ਜਿਵੇਂ ਕਿ ਹੁਕਮ ਹੋਇਆ ਸੀ। ਉਨ੍ਹਾਂ ਨੇ ਆਪਣੇ ਫ਼ੈਸਲੇ ਗੁਰੂ ਪੰਥ ਵਜੋਂ ਕੰਮ ਕਰ ਰਹੇ ਆਪਣੇ ਪ੍ਰਤਿਨਿਧਿਆਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ ਅਤੇ ਉਨ੍ਹਾਂ ਦੇ ਰੱਬੀ ਮਾਰਗ ਦਰਸ਼ਨ ਅਧੀਨ ਲਏ, ਜ਼ਿਆਦਾਤਰ ਅਕਾਲ ਤਖ਼ਤ ਵਿਖੇ, ਜੋ ਉਨ੍ਹਾਂ ਲਈ ਸਵੀਕਾਰਯੋਗ ਰਿਹਾ ਅਤੇ ਉਨ੍ਹਾਂ ਉੱਤੇ ਬੱਝਵਾਂ ਸੀ। ਉਨ੍ਹਾਂ ਨੇ ਸ਼ਕਤੀਸ਼ਾਲੀ ਮੁਗ਼ਲਾਂ ਅਤੇ ਅਫਗਾਨਾਂ ਨੂੰ ਖਦੇੜ ਕੇ ਆਪਣਾ ਸਿੱਖ ਸਾਮਰਾਜ ਸਥਾਪਿਤ ਕੀਤਾ।

ਸਿੰਘ ਸਭਾ ਅੰਦੋਲਨ ਅਤੇ ਅਕਾਲੀ ਅੰਦੋਲਨ ਵਿਚ ਵੀ ਸਿੱਖ ਆਪਣੇ ਸਿੱਖ ਪੰਥੀ ਮਸਲਿਆਂ ਤੇ ਕੁੱਝ ਫ਼ੈਸਲੇ ਆਪਣੇ ਪ੍ਰਤਿਨਿਧਿਆਂ ਵਲੋਂ ਹੀ ਲੈ ਰਹੇ ਸਨ। ਸਿੱਖ ਗੁਰੂਦੁਆਰਿਆਂ ਦੇ ਪ੍ਰਬੰਧਾਂ ਲਈ ਸ਼ੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਬਨਾਉਣ ਦਾ ਫ਼ੈਸਲਾ 1920 ਵਿਚ ਗੁਰੂ ਪੰਥ ਦੇ ਸਿੱਖ ਪ੍ਰਤਿਨਿਧਿਆਂ ਵਲੋਂ ਅਕਾਲ ਤਖ਼ਤ ਵਿਖੇ ਲਿਆ ਗਿਆ ਸੀ, ਜਿਸ ਲਈ ਮੁਢਲੀ ਸ਼ਰਤ ਸਿੱਖੀ ਸੂਤਰਪਾਤ ਅਤੇ ਸਿੱਖੀ ਆਦਰਸ਼ ਜ਼ਾਬਤ ਦੀ ਸਖ਼ਤ ਪਾਲਨਾ ਸੀ। ਉਹ ਬ੍ਰਿਟਿਸ਼ ਪ੍ਰਸ਼ਾਸਨ ਤੋਂ ਸਿੱਖ ਗੁਰੂਦੁਆਰਾ ਐਕਟ 1958 ਦਾ ਕਾਨੂੰਨ ਲੈਣ ਵਿਚ ਸਫਲ ਰਹੇ। ਕਿਸੇ ਵੀ

ਤਰ੍ਹਾਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਇਸ ਧਾਰਨਾ ਤੇ ਕਈ ਦਹਾਕਿਆਂ ਤੋਂ ਕਿਸੇ ਨੇ ਧਿਆਨ ਨਹੀਂ ਦਿੱਤਾ ਹੈ, ਜਿਸਨੇ ਸਿੱਖ ਨੂੰ ਸਿੱਖ ਪੰਥੀ ਮਸਲਿਆਂ ਤੇ ਫ਼ੈਸਲੇ ਲੈਣ ਨੂੰ ਅਯੋਗ ਬਣਾ ਦਿੱਤਾ ਹੈ, ਜਿਸਨੂੰ ਬਿਨਾਂ ਹੋਰ ਦੇਰੀ ਕੀਤੇ ਪੂਰਵ-ਅਵਸਥਾ ਵਿਚ ਲਿਆਉਣ ਦੀ ਲੋੜ ਹੈ। ਸਿੱਖ ਹੁਣ ਪੂਰੀ ਦੁਨਿਆ ਵਿਚ ਵਸੇ ਹੋਏ ਹਨ ਅਤੇ ਗੁਰੂ ਪੰਥ ਵਜੋਂ ਕਾਰਜ ਕਰਨ ਲਈ ਉਨ੍ਹਾਂ ਦੇ ਪ੍ਰਤਿਨਿਧਿ ਸਮੂਹ ਨੂੰ ਬਨਾਉਣ ਦੀ ਲੋੜ ਹੈ, ਤਾਂ ਜੋ ਉਨ੍ਹਾਂ ਸਾਰਿਆਂ ਨੂੰ ਸਿੱਖ ਮਸਲਿਆਂ ਉੱਤੇ ਇਹੋ ਜਿਹੇ ਫ਼ੈਸਲੇ ਲੈਣ ਲਈ ਸ਼ਾਮਲ ਕੀਤਾ ਜਾਵੇ।

ਕੁੱਝ ਲੋਕਾਂ ਦਾ ਮਤ ਹੈ ਕਿ ਐਸ.ਜੀ.ਪੀ.ਸੀ. ਦੁਨਿਆ ਭਰ ਦੇ ਸਿੱਖਾਂ ਵਲੋਂ ਚੁਣੀ ਜਾਣੀ ਚਾਹੀਦੀ ਹੈ। ਇਸ ਨਾਲ ਸੰਬੰਧਤ ਕਾਨੂੰਨ ਦੇ ਅਧੀਨ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਐਸ.ਜੀ.ਪੀ.ਸੀ. ਦਾ ਗਠਨ ਸਿੱਖ ਗੁਰੂਦੁਆਰਾ ਐਕਟ 1925 ਦੇ ਨਿਯਮਾਂ ਅਧੀਨ ਹੁੰਦਾ ਹੈ ਅਤੇ ਸਿਰਫ ਉਹੀ ਸਿੱਖ ਜੋ ਪੰਜਾਬ ਵਿਚ ਰਹਿੰਦੇ ਹਨ, ਇਸਦਾ ਮੈਂਬਰ ਬਨਣ ਜਾਂ ਵੋਟ ਪਾ ਕੇ ਮੈਂਬਰ ਬਨਾਉਣ ਲਈ ਚੋਣਾਂ ਵਿਚ ਹਿੱਸਾ ਲੈ ਸਕਦਾ ਹੈ। ਇਹ ਪੰਜਾਬ ਵਿਚ ਸਿੱਖਾਂ ਦੇ ਇਤਿਹਾਸਕ ਗੁਰੂਦੁਆਰਿਆਂ ਦੇ ਪ੍ਰਬੰਧ ਲਈ ਹੈ। 1947 ਵਿਚ ਪੱਛਮੀ ਪੰਜਾਬ ਪਾਕਿਸਤਾਨ ਵਿਚ ਚਲਾ ਗਿਆ ਅਤੇ ਇਸ ਲਈ ਇਸਦਾ ਅਧਿਕਾਰ ਖ਼ੇਤਰ ਪੂਰਵੀ ਪੰਜਾਬ ਤੱਕ ਘਟਾ ਦਿੱਤਾ ਗਿਆ ਸੀ ਜੋ ਭਾਰਤ ਵਿਚ ਹੈ। ਦੁਨਿਆ ਭਰ ਦੇ ਸਿੱਖਾਂ ਨੂੰ, ਅੱਜ ਦੀ ਲੋੜ ਹੁੰਦੇ ਹੋਏ, ਆਪਣੇ ਪ੍ਰਤਿਨਿਧਿ ਸੰਗਟਨ ਬਨਾਉਣੇ ਪੈਣਗੇ, ਜਿਸ ਵਿਚ ਬਹੁਤ ਉੱਚੇ ਪੱਧਰ ਤੇ ਸਿੱਖ ਧਰਮ ਅਤੇ ਸਿੱਖ ਉੱਦੇਸ਼ ਲਈ ਵਚਨਬੱਧ, ਈਮਾਨਦਾਰ, ਅਖੰਡ ਅਤੇ ਯੋਗ ਸਿੱਖ ਹੋਣੇ ਚਾਹੀਦੇ ਹਨ।

ਗੁਰੂ ਗ੍ਰੰਥ-ਗੁਰੂ ਪੰਥ ਦਾ ਸੰਕਲਪ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੁਕਮ ਕੀਤਾ ਗਿਆ ਸੀ, ਨੂੰ ਪੂਰਵ-ਅਵਸਥਾ ਵਿਚ ਲਿਆਉਣਾ ਚਾਹੀਦਾ ਹੈ, ਜਿਸ ਉੱਤੇ ਲੰਬੇ ਸਮੇਂ ਤੋਂ ਧਿਆਨ ਨਾ ਦਿੱਤੇ ਜਾਣ ਕਾਰਣ ਸਿੱਖ, ਸਿੱਖ ਪੰਥੀ ਮਾਮਲਿਆਂ ਤੇ ਸਹੀ ਅਤੇ ਇੱਕ ਫ਼ੈਸਲਾ ਲੈਣ ਲਈ ਅਯੋਗ ਹੋ ਗਏ ਹਨ। ਸਿੱਖ ਰਿਹਤ ਮਰਯਾਦਾ ਵਿਚ ਵੀ ਇਹ ਬਾਰ - ਬਾਰ ਕਿਹਾ ਗਿਆ ਹੈ ਕਿ ਸਿੱਖ ਪੰਥ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਫ਼ੈਸਲੇ, ਪੰਥ ਦੀ ਬੈਠਕ ਬੁਲਾ ਕੇ, ਪੰਥਕ ਕਮੇਟੀ ਅਤੇ ਪੰਥ ਦੇ ਮਾਨਤਾ ਪ੍ਰਾਪਤ ਪ੍ਰਤਿਨਿਧਿਆਂ ਵਲੋਂ ਲਏ ਜਾਣਗੇ ਅਤੇ ਉਨ੍ਹਾਂ ਦੇ ਫ਼ੈਸਲੇ ਨੂੰ ਗੁਰੂਮਤ ਕਿਹਾ ਜਾਂਦਾ ਹੈ, ਜੋ ਕਿ ਉਨ੍ਹਾਂ ਵਿਸ਼ਿਆਂ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ ਅਤੇ ਦਰਸ਼ਾਏ ਗਏ ਰੱਬੀ ਮਾਰਗ ਹੇਠ ਲਏ ਜਾਣਗੇ, ਜੋ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੇ ਸਮੱਰਥਨ ਅਤੇ ਉਨ੍ਹਾਂ ਨੂੰ ਸਪਸ਼ਟ ਕਰਨ ਤੇ ਨਿਰਭਰ ਹੋਣਗੇ, ਜਿਵੇਂ ਕਿ ਸਿੱਖ ਗੁਰੂਆਂ ਅਤੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ ਨੂੰ ਸੁਰੱਖਿਅਤ ਕਰਨਾ, ਧਾਰਮਕ ਅਤੇ ਪੰਥੀ ਸੰਗਠਨ ਦੀ ਸ਼ੁੱਧਤਾ। ਪੰਥ ਦੇ ਫ਼ੈਸਲੇ ਅਹਿੰਸਕ ਹੋਣ ਅਤੇ ਸਾਰੇ ਸਿੱਖਾਂ ਤੇ ਬੱਝਵੇਂ ਹੋਣ। ਇਨ੍ਹਾਂ ਨੂੰ ਸਿੱਖ ਗੁਰੂਆਂ ਦੀ ਰੱਬੀ ਸਿੱਖਿਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਹਾਨੀ ਵਿਚਾਰ ਅਤੇ ਸਿੱਖ ਧਰਮ ਦੀ ਸਥਾਪਿਤ ਕੀਤੀ ਗਈ ਸਿੱਖ ਪਰੰਪਰਾ ਦਾ ਉਲੰਘਣ ਨਹੀਂ ਕਰਨਾ ਚਾਹੀਦਾ, ਜੋ ਸਿੱਖਾਂ ਉੱਤੇ ਬੱਝਵਾਂ ਹੈ। 18ਵੀਂ ਸ਼ਤਾਬਦੀ ਵਿਚ ਸਿੱਖਾਂ ਦੇ ਸੰਘਰਸ਼ ਵੇਲੇ ਸਿੱਖ ਪੰਥੀ ਫ਼ੈਸਲੇ ਅਕਾਲ ਤਖ਼ਤ ਵਿਖੇ ਸਿੱਖਾਂ ਵਲੋਂ ਇਸੇ ਵਿਧੀ ਵਿਚ ਲਏ ਜਾਂਦੇ ਸਨ ਅਤੇ ਉਹ ਮੁਗ਼ਲ ਅਤੇ ਅਫਗਾਨ ਘੁਸਪੈਠਿਆਂ ਨੂੰ ਖਦੇੜਨ ਅਤੇ ਸਿੱਖ ਸਾਮਰਾਜ ਸਥਾਪਿਤ ਕਰਨ ਵਿਚ ਸਫਲ ਹੋਏ।

ਸਿੱਖ ਹੁਣ ਪੂਰੀ ਦੁਨਿਆ ਵਿਚ ਵਸੇ ਹਨ ਅਤੇ ਹੁਣ ਸਿੱਖਾਂ ਦੇ ਸਿੱਖੀ ਪ੍ਰਤਿਨਿਧਿੱਤਵ ਦੀ ਵਿਸ਼ਵ ਪੱਧਰ ਤੇ ਲੋੜ ਹੈ, ਜਿਸਨੂੰ ਸ਼੍ਰੋਮਣੀ ਸਿੱਖ ਪੰਥ ਕੌਂਸਲ ਦਾ ਨਾਮ ਦਿੱਤਾ ਜਾ ਸਕਦਾ ਹੈ, ਕਿਓਂ ਜੋ ਹਰ ਪਾਸੇ ਸਿੱਖਾਂ ਦੇ ਇਕੋ ਸਮਾਨ ਹਨ। ਇਹ ਦੁਨਿਆ ਭਰ ਵਿਚ ਪ੍ਰਭਾਵੀ ਤੌਰ ਤੇ ਸਿੱਖਾਂ ਦੀ ਸਮੱਸਿਆਵਾਂ ਸੁਲਝਾ ਸਕਦੇ ਹਨ। ਸਮੂਹ ਸਿੱਖਾਂ ਅਤੇ ਸਿੱਖ ਸੰਗਠਨਾਂ ਦੇ ਸਹਿਯੋਗ ਨਾਲ, ਇਹ ਦੁਨਿਆ ਵਿਚ ਸਿੱਖ ਧਰਮ ਦਾ ਪ੍ਰਚਾਰ ਕਰ ਸਕਦੇ ਹਨ, ਜਿਸ ਲਈ ਸਿੱਖ, ਸਿੱਖ ਧਰਮ ਦੇ, ਪਿਆਰ ਅਤੇ ਸ਼ਾਂਤੀ ਦੇ ਸੰਦੇਸ਼, ਜੋ ਅੱਜ ਦੀ ਲੋੜ ਹੈ, ਨੂੰ ਵਿਸ਼ਵ ਭਰ ਵਿਚ ਫੈਲਾਉਣ ਦੇ ਆਪਣੇ ਫ਼ਰਜ਼ ਤੋਂ ਬਾਹਰ ਹੋਣ ਦੇ ਦੋਸ਼ੀ ਹਨ। ਇਹ ਸਿੱਖਾਂ ਨੂੰ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਢੰਗ ਵਿਚ ਜੀਉਣਾ ਸਿਖਾ ਸਕਦੇ ਹਨ, ਜਿਸਤੋਂ ਉਹ ਹੁਣ ਦੂਰ ਹੁੰਦੇ ਜਾ ਰਹੇ ਹਨ, ਖਾਸਤੌਰ ਤੇ ਸਿੱਖੀ ਯੁਵਾ ਪੀੜ੍ਹੀ। ਇਹ ਇਕੱਠੇ ਹੋ ਕੇ ਸਿੱਖ ਮਾਮਲਿਆਂ ਤੇ ਫ਼ੈਸਲੇ ਲੈ ਸਕਦੇ ਹਨ ਜਿਵੇਂ ਕਿ ਸਾਰੇ ਸਿੱਖਾਂ ਵਲੋਂ ਫ਼ੈਸਲੇ ਸਵੀਕਾਰ ਕਰਨ ਯੁਗ ਬਨਾਉਣ ਲਈ ਸਾਰੇ ਸਿੱਖਾਂ ਦਾ ਸ਼ਾਮਲ ਹੋਣਾ ਲਾਜ਼ਮੀ ਹੈ, ਗੁਰੂ ਗ੍ਰੰਥ - ਗੁਰੂ ਪੰਥ ਦੀ ਸਿੱਖ ਧਾਰਨਾ ਦੇ ਅਨੁਰੂਪ, ਜੋ, ਦਿਨ ਭਰ ਦਿਨ, ਝਗੜਿਆਂ ਹੇਠ ਲਿਆਏ ਜਾ ਰਹੇ ਹਨ।

ਐਸ.ਜੀ.ਪੀ.ਸੀ., ਪੰਜਾਬ ਵਿਚ ਇਤਿਹਾਸਕ ਗੁਰੂਦੁਆਰਿਆਂ ਦੇ ਪ੍ਰਬੰਧ, ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ, ਸਿੱਖ ਗੁਰੂਦੁਆਰਾ ਐਕਟ 1925 ਦੀ ਸਿਰਜਨਾ ਹੈ। ਇਸਨੂੰ ਉਸ ਕਾਨੂੰਨ ਦੇ ਨਿਯਮਾਂ ਹੇਠ ਹੀ ਚਲਨਾ ਪੈਂਦਾ ਹੈ। ਐਕਟ ਦੇ ਅਧੀਨ, ਕੋਈ ਵੀ ਇਸਦੀ ਚੋਣਾਂ ਵਿਚ ਹਿੱਸਾ ਨਹੀਂ ਲੈ ਸਕਦਾ, ਜੋ ਕਿ ਪੰਜਾਬ ਦਾ ਨਿਵਾਸੀ ਨਹੀਂ ਹੈ। ਵਿਸ਼ਵ ਪੰਥਕ ਕੌਂਸਲ ਵਿਚ ਇਸ ਦਾ ਚਿੱਤਰਣ, ਮੁੱਖ ਸਿੱਖ ਪ੍ਰਤਿਨਿਧਿ ਢਾਂਚਾ ਹੁੰਦੇ ਹੋਏ, ਸਿੱਖਾਂ ਦੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੰਮ ਕਰਦੇ ਹੋਏ, ਅਤੇ ਸਿੱਖਾਂ ਅਤੇ ਵਿਸ਼ਵ ਭਰ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਹੋਏ, ਬਹੁਤ ਹੀ ਪ੍ਰਭਾਵਸ਼ਾਲੀ ਹੋਵੇਗਾ।

ਅਕਾਲੀ ਦਲ, ਜੋ ਕਿ ਪੰਜਾਬ ਦੀ ਨਿਵੇਕਲੀ ਸਿੱਖ ਰਾਜਨੀਤਿਕ ਪਾਰਟੀ ਸੀ, ਇਸਨੂੰ ਅਸੰਪਰਦਾਇਕ ਦ੍ਰਿਸ਼ਟੀਕੋਣ ਦੇਣ ਲਈ, ਚੋਣਾਂ ਦੇ ਕਾਨੂੰਨ ਦੀ ਲੋੜਾਂ ਨੂੰ ਪੂਰਾ ਕਰਨ ਲਈ, ਵਿਧਾਨ ਸਭਾ ਅਤੇ ਸੰਸਦ ਦੀਆਂ ਚੋਣਾਂ ਵਿਚ ਹਿੱਸਾ ਲੈਣ ਲਈ, ਹਿੰਦੂਆਂ ਅਤੇ ਮੁਸਲਮਾਂ ਨੂੰ ਆਪਣੀ ਪਾਰਟੀ ਦਾ ਮੈਂਬਰ ਬਣਾਉਂਦੇ ਹੋਏ, ਅਸਲ ਵਿਚ ਹੁਣ ਇਕ ਪੰਜਾਬ ਖੇਤਰੀ ਰਾਜਨੀਤਿਕ ਪਾਰਟੀ ਬਣ ਗਈ ਹੈ। ਇਹ ਏਸਾ ਸਿੱਖਾਂ ਦੇ ਸਹਿਯੋਗ ਨਾਲ ਵੀ ਕਰ ਸਕਦੀ ਹੈ, ਜਿਵੇਂ ਕਿ ਰਾਜਨੀਤਿਕ ਸਿੱਖ ਤਾਕਤ ਪੰਜਾਬ ਨਾਲ ਹੀ ਸੰਬੰਧਤ ਹੈ, ਜਿੱਥੇ ਸਿੱਖਾਂ ਦਾ ਬਹੁਮਤ ਹੈ ਅਤੇ ਉਹ ਵੀ ਅਸੰਪ੍ਰਦਾਇਕਤਾ ਦੀ ਝਲਕ ਨਾਲ, ਜਿਵੇਂ ਕਿ ਚੋਣਾਂ ਦੇ ਕਾਨੂੰਨਾਂ ਦੀ ਮੰਗ ਹੁੰਦੀ ਹੈ।

ਇਸ ਲਈ ਉੱਥੇ ਇਕ ਵਿਸ਼ਵ ਸਿੱਖ ਪ੍ਰਤਿਨਿਧਿ ਪੰਥਕ ਕੌਂਸਲ ਹੋਣੀ ਚਾਹੀਦੀ ਹੈ, ਜੋ ਪੰਜਾਬ ਵਿਚ ਰਾਜਨੀਤਿਕ ਤਾਕਤ ਨੂੰ ਉਨ੍ਹਾਂ ਦੇ

ਮਸਲਿਆਂ ਨਾਲ ਲੋੜੀਂਦੀ ਬਹਾਦਰੀ, ਯੋਗਤਾ ਅਤੇ ਉਦੇਸ਼ ਦੀ ਈਮਾਨਦਾਰੀ ਨਾਲ ਜੁੱਝਣ ਅਤੇ ਧਾਰਮਕ ਅਤੇ ਰਾਜਨੀਤਿਕ ਉਦੇਸ਼ ਨੂੰ ਪਾਉਣ ਵਿਚ ਕਾਫੀ ਸਹਾਇਕ ਸਿੱਧ ਹੋਵੇਗੀ। ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਇਤਿਹਾਸਕ ਗੁਰੂਦੁਆਰਿਆਂ ਲਈ ਹੈ। ਇਸੇ ਤਰ੍ਹਾਂ ਤਖ਼ਤਾਂ ਦੀ ਪ੍ਰਬੰਧਕ ਕਮੇਟੀ ਹੈ, ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਉਨ੍ਹਾਂ ਤਖ਼ਤਾਂ ਲਈ। ਇਨ੍ਹਾਂ ਸਿੱਖ ਸੰਗਠਨਾਂ ਨੂੰ ਬਿਨਾਂ ਕਿਸੇ ਦਿਮਾਗੀ ਡਰ ਦੇ, ਜਿਸਦਾ ਉਨ੍ਹਾਂ ਦੇ ਕੰਮ ਕਰਨ ਦੀ ਕਿਰਿਆ ਵਿਚ ਕੋਈ ਦਖ਼ਲ ਨਹੀਂ ਹੋਵੇਗਾ, ਵਿਸ਼ਵ ਸਿੱਖ ਪੰਥ ਕੌਂਸਲ ਬਨਾਉਣ ਵਿਚ ਕ੍ਰਿਆਸ਼ੀਲ ਹਿੱਸਾ ਲੈਣਾ ਚਾਹੀਦਾ ਹੈ।

ਮੌਜੂਦਾ ਸਮੇਂ, ਐਸ.ਜੀ.ਪੀ.ਸੀ. ਦੀ ਹੀ ਤਰ੍ਹਾਂ, ਸੰਗਠਨਾਂ ਦੇ ਪ੍ਰਤਿਨਿਧਿ ਲਏ ਜਾਣ, ਜੋ ਸਿੱਖਾਂ ਵਲੋਂ ਚੁਣੇ ਜਾਣ, ਦਿੱਲੀ ਸਿੱਖ ਗੁਰੂਦੁਆਰੇ, ਹਜ਼ੂਰ ਸਾਹਿਬ, ਪਟਨਾ ਸਾਹਿਬ ਵਿਖੇ ਸਿੱਖ ਤਖ਼ਤ, ਹੋਰ ਪਾਰੰਪਰਿਕ ਸਿੱਖ ਸੰਗਠਨ, ਵਿਸ਼ਵ ਸਿੱਖ ਗੁਰੂਦੁਆਰਾ ਦੀਆਂ ਪ੍ਰਬੰਧਕ ਕਮੇਟੀਆਂ, 6 ਤੋਂ 7 ਹਿੱਸਿਆਂ ਵਿਚ, ਦੁਨਿਆ ਭਰ ਵਿਚ, ਆਬਾਦੀ ਦੇ ਆਧਾਰ ਤੇ ਪ੍ਰਤਿਨਿਧਿੱਤਵ ਕਰਣ ਲਈ ਵੰਡੀਆਂ ਜਾਣ, ਅਤੇ ਹੋਰ ਇਹੋ ਜਿਹੀਆਂ ਸਿੱਖਾਂ ਵਲੋਂ ਚੁਣਿਆਂ ਗਈਆਂ ਸਿੱਖ ਸੰਸਥਾਵਾਂ, ਵਿਸ਼ਵ ਸਿੱਖ ਪੰਥ ਕੌਂਸਲ ਦੀ ਅੰਤਿਮ ਰੂਪ-ਰੇਖਾ ਹੋ ਸਕਦੀ ਹੈ। ਇਨ੍ਹਾਂ ਸੰਗਠਨਾਂ ਦੇ ਪ੍ਰਤਿਨਿਧਿਆਂ ਦੀ ਗਿਣਤੀ ਕੁਲ ਸਿੱਖਾਂ ਦੀ ਗਿਣਤੀ, ਜ੍ਹਿਨਾਂ ਦਾ ਉਹ ਪ੍ਰਤਿਨਿਧਿੱਤਵ ਕਰਦੇ ਹਨ, ਦੇ ਆਧਾਰ ਤੇ ਪੱਕੀ ਕੀਤੀ ਜਾ ਸਕਦੀ ਹੈ। ਇਹ ਪ੍ਰਤਿਨਿਧਿ ਸਿੱਖ ਪੰਥ ਦੀ ਸੇਵਾ ਲਈ ਦੁਨਿਆ ਭਰ ਵਿਚ ਪ੍ਰਸਿੱਧ ਸਿੱਖਾਂ ਨੂੰ, ਸੱਚਾ ਪ੍ਰਤਿਨਿਧਿ ਬਨਾਉਣ ਲਈ, ਆਪਣੇ ਪੰਥ ਦਾ ਮੈਂਬਰ ਬਣਾ ਸਕਦੇ ਹਨ।

ਦੁਨਿਆ ਭਰ ਦੇ ਸਿਖਾਂ ਦੀ ਇਸ ਪ੍ਰਤਿਨਿਧਿ ਕੌਂਸਲ ਨੂੰ ਸਮੇਂ ਸਮੇਂ ਤੇ ਬੈਠਕ, ਅਕਾਲ ਤਖ਼ਤ, ਅਮ੍ਰਿਤਸਰ ਵਿਖੇ ਸਿੱਖ ਸੰਗਤ ਅਤੇ ਹੋਰ ਇਕੱਠ ਬੁਲਾਉਣਾ ਚਾਹੀਦਾ ਹੈ ਅਤੇ ਉਸ ਕੰਪਲੈਕਸ ਵਿਚ ਇਸਦਾ ਮੰਤਰਾਲਾ ਹੋਣਾ ਚਾਹੀਦਾ ਹੈ, ਜੱਦਕਿ ਹੋਰ ਦੇਸ਼ਾਂ ਵਿਚ ਇਸਦੇ ਸਹੀ ਫ਼ੈਸਲੇ ਕਰਨ ਵਾਲੇ ਉਪ-ਦਫ਼ਤਰ ਹੋਣੇ ਚਾਹੀਦੇ ਹਨ। ਅਕਾਲ ਤਖ਼ਤ ਦਾ ਜੱਥੇਦਾਰ, ਇਸਦਾ ਪ੍ਰਵਕਤਾ ਹੋਣਾ ਚਾਹੀਦਾ ਹੈ ਅਤੇ ਇਸ ਵਲੋਂ ਕੀਤੇ ਲਏ ਜਾਣ ਵਾਲੇ ਫ਼ੈਸਲਿਆਂ ਦੀ ਮੰਜੂਰੀ ਨੂੰ ਪੱਕਾ ਕਰਨਾ ਚਾਹੀਦਾ ਹੈ। ਅਕਾਲ ਤਖ਼ਤ ਦੇ ਅਧਿਕਾਰੀ, ਜਿਸਨੂੰ ਹੁਣ ਕੱਟਿਆ ਜਾ ਰਿਹਾ ਹੈ, ਨੂੰ ਪੁਨਰ ਸਥਾਪਿਤ ਕੀਤਾ ਜਾਵੇ ਅਤੇ ਇਸਦੀ ਪਵਿਤ੍ਰਤਾ ਨੂੰ ਕਾਇਮ ਰੱਖਿਆ ਜਾਵੇ। ਇਹ, ਅਕਾਲ ਤਖ਼ਤ ਦੇ ਜੱਥੇਦਾਰ ਦੀ ਨਿਯੁਕਤੀ, ਯੋਗਤਾ ਅਤੇ ਤਾਕਤ ਲਈ ਅਤੇ ਹੋਰ ਸਿੱਖ ਤਖ਼ਤਾਂ ਦੇ ਜੱਥੇਦਾਰਾਂ ਦੀ, ਬਿਨਾਂ ਉਨ੍ਹਾਂ ਦੇ ਕੰਮਾਂ ਦੀ ਸਾਂਝ, ਜਿਸ ਨਾਲ ਉਨ੍ਹਾਂ ਵਿਚ ਝਗੜੇ ਹੋਣ, ਜੋ ਸਿੱਖ ਹਿੱਤ ਵਿਚ ਨਾ ਹੁੰਦੇ ਹੋਏ, ਹੁਣੇ ਕੁੱਝ ਚਿਰ ਪਹਿਲਾਂ ਹੀ ਉਪਜੇ ਹਨ, ਸ਼ਾਂਤ ਕਿਰਿਆ ਵਿਧੀ ਲਈ ਕਾਨੂੰਨ ਅਤੇ ਨਿਯਮ ਬਣਾ ਸਕਦਾ ਹੈ।

ਕਾਰਜ-ਵਿਧੀ ਸੰਬੰਧੀ ਮਸਲੇ ਸੁਲਝਾਉਣ ਲਈ ਅਤੇ ਸੰਵਿਧਾਨ ਵਿਚ ਬਦਲਾਵ ਲਈ ਅਤੇ ਦੁਨਿਆ ਭਰ ਦੇ ਸਿੱਖ ਸੰਗਠਨਾਂ ਅਤੇ ਸਿੱਖਾਂ ਦੇ ਵਿਚਾਰ ਜਾਨਣ ਤੋਂ ਬਾਅਦ, ਉਨ੍ਹਾਂ ਵਲੋਂ ਸਵੀਕਾਰ ਕਰਨ ਯੋਗ ਵਿਸ਼ਵ ਸਿੱਖ ਪੰਥਕ ਕਮੇਟੀ ਚੁਨਣ ਲਈ, ਕੁੱਝ ਸੇਵਾ ਮੁਕਤ ਸਿੱਖ ਜੱਜਾਂ ਅਤੇ ਸਿੱਖ ਵਿਦਵਾਨਾਂ ਦਾ ਇਕ ਕਮੀਸ਼ਨ ਬਣਾਇਆ ਜਾ ਸਕਦਾ ਹੈ। ਸਿਰਫ ਉਦੋਂ ਹੀ, ਸਾਰੇ ਸਿੱਖਾਂ ਤੇ ਬੱਝਵਾਂ, ਸਥਾਪਿਤ ਸਿੱਖ ਪਰੰਪਰਾ ਦੇ ਅਨੁਰੂਪ, ਸਹੀ ਸਿੱਖ ਦ੍ਰਿਸ਼ਟੀਕੋਣ ਵਿਚ ਸਿੱਖਾਂ ਦੇ ਪ੍ਰਤਿਨਿਧਿਆਂ ਰਾਹੀਂ, ਸਿੱਖਾਂ ਵਲੋਂ, ਮੌਜੂਦਾ ਸਿੱਖ ਮਸਲਿਆਂ ਤੇ ਫ਼ੈਸਲਾ ਲਿਆ ਜਾ ਸਕਦਾ ਹੈ।

## ਅਧਿਆਇ 4-4

### ਸਿੱਖ ਧਰਮ – ਆਜ਼ਾਦ ਪ੍ਰਚਾਰਿਤ ਧਰਮ – ਹਿੰਦੂ ਧਰਮ ਦਾ ਹਿੱਸਾ ਨਹੀਂ – ਸਿੱਖ ਅਲਗ ਰਾਸ਼ਟਰ ਹੈ

ਕੁੱਝ ਮੂਲ-ਭੂਤ ਹਿੰਦੂ ਗ਼ਲਤ ਦੋਸ਼ ਲਾਉਂਦੇ ਹਨ ਕਿ ਸਿੱਖ ਹਿੰਦੂ ਧਰਮ ਦਾ ਹਿੱਸਾ ਹੈ ਅਤੇ ਉਹ ਕੋਈ ਵੀ ਜੋ ਭਾਰਤ ਵਿਚ ਵਸਦਾ ਹੈ ਹਿੰਦੂ ਹੈ। ਗ਼ਲਤ ਬਿਆਨੀ ਵੀ ਕੀਤੀ ਗਈ ਸੀ ਕਿ ਖ਼ਾਲਸਾ ਹਿੰਦੂ ਸਮਾਜ ਦੀ ਸਸ਼ਸਤਰ ਸੇਨਾ ਸੀ ਜਿਸਨੂੰ ਮੁਗ਼ਲਾਂ ਨਾਲ ਲੜਣ ਲਈ ਬਣਾਇਆ ਗਿਆ ਸੀ। ਇਹ ਬਿਆਨ ਸਰਾਸਰ ਗ਼ਲਤ, ਗ਼ੈਰ ਜ਼ਿਮੇਦਾਰ ਹਨ ਅਤੇ ਭੜਕਾਊ ਹਨ ਅਤੇ ਬਲਕਿ ਉਦੇਸ਼ ਦੀ ਪ੍ਰਾਪਤੀ ਲਈ ਹਿੰਦੂ ਅਤੇ ਸਿੱਖਾਂ ਵਿਚ ਅਤੇ ਹੋਰ ਧਰਮਾਂ ਦੇ ਅਨੁਯਾਈਆਂ ਵਿਚ ਝਗੜੇ ਪੈਦਾ ਕਰਨ ਵਾਲੇ ਅਤੇ ਅਸੰਵਿਧਾਨਕ ਹਨ। ਇਤਿਹਾਸ ਗਵਾਹ ਹੈ ਕਿ ਹਿੰਦੂ ਉੱਚ ਮੁੱਖਿਆਂ ਨੇ ਮੁਗ਼ਲਾਂ ਨਾਲ ਮਿਲੀਭਗਤ ਵਿਚ ਖ਼ਾਲਸਾ ਖ਼ਿਲਾਫ਼ ਜੰਗ ਕੀਤੀ ਸੀ, ਜੱਦਕਿ ਸਾਰੇ ਭਾਰਤੀ ਖੇਤਰਾਂ ਵਿਚੋਂ ਹਿੰਦੂਆਂ ਨੇ ਬ੍ਰਿਟਿਸ਼ ਫੌਜਾਂ ਵਿਚ ਖ਼ਾਲਸਾ ਦੇ ਖ਼ਿਲਾਫ਼ ਜੰਗ ਵਿਚ ਹਿੱਸਾ ਲਿਆ ਸੀ। ਸਿੱਖਾਂ ਨੇ ਆਪਣਾ ਸਿੱਖ ਸਾਮਰਾਜ ਪੂਰੇ ਉੱਤਰ ਭਾਰਤ ਵਿਚ ਕਾਇਮ ਕਰ ਲਿਆ ਸੀ, ਜਿਸ ਨਾਲ ਬ੍ਰਿਟਿਸ਼ ਨੇ ਸਮਝੌਤਾ ਕੀਤਾ ਕਿ ਇੱਕ ਦੂਜੇ ਦੇ ਖੈਤਰਾਂ ਵਿਚ ਦਖ਼ਲਬਾਜੀ ਨਹੀਂ ਕੀਤੀ ਜਾਵੇਗੀ, ਜਦੋਂ ਸਾਰੇ ਹਿੰਦੂ ਸਮਾਜ ਨੇ ਉਨ੍ਹਾਂ ਸਾਮ੍ਹਣੇ ਹਾਰ ਮੰਨ ਲਈ ਸੀ। ਅਜੇ ਵੀ ਕਹਿਣਾ ਕਿ ਖ਼ਾਲਸਾ ਹਿੰਦੂ ਸਮਾਜ ਦੀ ਸਸ਼ਸਤਰ ਸੇਨਾ ਸੀ ਝੂਠ ਦੀਆਂ ਸਾਰੀਆਂ ਹਦਾਂ ਨੂੰ ਪਾਰ ਕਰਨਾ ਹੈ। ਪਰ ਇਹ ਕਿਹਾ ਜਾ ਸਕਦਾ ਹੈ ਕਿ ਜ਼ਿਆਦਾਤਰ ਸਿੱਖ ਹਿੰਦੂਆਂ ਵਿਚੋਂ ਤਬਦੀਲ ਹੋਏ ਸੀ।

ਸਿੱਖ ਧਰਮ ਇੱਕ ਆਜ਼ਾਦ ਪ੍ਰਚਾਰਿਤ ਧਰਮ ਹੈ ਅਤੇ ਦੁਨਿਆ ਦੇ ਪਹਿਲੇ ਪੰਜ ਧਰਮਾਂ ਦੀ ਸੂਚੀ ਵਿਚ ਸ਼ਾਮਲ ਹੈ ਅਤੇ ਹਿੰਦੂ ਧਰਮ ਦਾ ਹਿੱਸਾ ਨਹੀਂ ਹੈ। ਇਸ ਦੀ ਆਪਣੀ ਰੱਬੀ ਸੋਚ, ਵਿਚਾਰਧਾਰਾਵਾਂ ਅਤੇ ਧਾਰਮਕ ਕਿਰਿਆਵਾਂ ਹਨ, ਜਿਸ ਵਿਚੋਂ ਜ਼ਿਆਦਾਤਰ ਹਿੰਦੂ ਧਰਮ ਦੀਆਂ ਦਾ ਖੰਡਨ ਕਰਦੀਆਂ ਹਨ। ਸਿੱਖਾਂ ਨੇ ਇਕ ਅਲਗ ਰਾਸ਼ਟਰ ਬਣਾਇਆ ਅਤੇ ਉਨ੍ਹਾ ਦਾ ਆਪਣਾ ਸਾਮਰਾਜ ਸੀ। ਅਜੇ ਵੀ ਕੁੱਝ ਮੂਲ-ਭੂਤ ਹਿੰਦੂ ਅਤੇ ਉਨ੍ਹਾਂ ਦੇ ਸਮੂਹ ਸਿੱਖ ਧਰਮ ਅਤੇ ਸਿੱਖਾਂ ਨੂੰ ਆਪਣਾ ਅਧਿਕਾਰ ਜਤਾਉਂਦੇ ਹੋਏ ਗ਼ਲਤ ਢੰਗ ਨਾਲ ਪੇਸ਼ ਕਰਦੇ ਹਨ, ਜਿਵੇਂ ਕਿ

1. ਸਿੱਖ ਹਿੰਦੂ ਧਰਮ ਦਾ ਹਿੱਸਾ ਹਨ ਅਤੇ ਇੱਕ ਵੱਖਰਾ ਸਮਾਜ ਨਹੀਂ ਹਨ

2. ਸਿੱਖ ਗੁਰੂਆਂ ਨੇ ਪ੍ਰਚਾਰ ਕੀਤਾ ਸੀ ਕਿ ਸਿੱਖ ਹਿੰਦੂਆਂ ਦਾ ਹਿੱਸਾ ਸਨ

3. ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ, ਸਿੱਖਾਂ ਦੇ ਦੋ ਤਖ਼ਤਾਂ ਵਿਖੇ ਪਵਿੱਤਰ ਦਸ਼ਮ ਗ੍ਰੰਥ ਵਲੋਂ ਗੁਰਬਾਨੀ ਦੇ ਰੋਜ਼ਾਨਾ ਉੱਚਾਰਣ ਨੇ ਸ਼ਕ ਦੇ ਘੇਰੇ ਤੋਂ ਬਾਹਰ ਇਹ ਸਿੱਧ ਕਰ ਦਿੱਤਾ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ।

4. ਬ੍ਰਿਟਿਸ਼ ਸ਼ਾਸਨ ਕਾਲ ਵਿਚ ਦੇਸ਼ ਦੀ ਪਹਿਲੀ ਜਨ-ਗਣਨਾ ਵਿਚ ਸਿੱਖਾਂ ਨੇ ਜਨ-ਗਣਨਾ ਅਧਿਕਾਰੀਆਂ ਨੂੰ ਆਪਣੇ ਆਪ ਨੂੰ "ਹਿੰਦੂ ਅਤੇ ਸਿੱਖ" ਦੋਹਾਂ ਦੇ ਰੂਪ ਵਿਚ ਦਰਜ ਕਰਨ ਲਈ ਕਿਹਾ ਸੀ, ਪਰ ਅਜੇ ਵੀ ਉਹ ਇਕੱਲੇ ਸਿੱਖਾਂ ਦੇ ਹੀ ਰੂਪ ਵਿਚ ਦਰਜ ਕੀਤੇ ਗਏ ਸੀ ਕਿਓਂ ਜੋ ਅੰਗਰੇਜਾਂ ਨੇ ਆਪਣੇ ਨਿਜੀ ਸੁਆਰਥ ਲਈ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਖਾਈ ਬਣਾ ਦਿੱਤੀ ਸੀ।

5. ਹਿੰਦੂ ਧਰਮ ਜੀਵਨ ਦੀ ਇਕ ਰਾਹ ਹੈ ਜਿਸਨੂੰ ਭਾਰਤ ਵਿਚ ਵਸਦੇ ਹਰ ਜੀਵ ਵਲੋਂ ਅਪਨਾਇਆ ਜਾਣਾ ਚਾਹੀਦਾ ਹੈ ਅਤੇ ਫਿਰ ਦੂਜੇ ਧਰਮ ਦੇ ਅਨੁਯਾਯੀ ਆਪਣੀਆਂ ਧਾਰਮਕ ਥਾਵਾਂ ਤੇ ਆਪਣੇ ਧਰਮ ਦੀ ਪੂਜਾ ਕਰ ਸਕਦੇ ਹਨ, ਅਤੇ ਕਿ ਭਾਰਤ ਵਿਚ ਕੋਈ ਨਾਬਾਲਗ਼ੀ ਨਹੀਂ ਹੈ ਜਿਵੇਂ ਕਿ ਹਿੰਦੂਆਂ ਦੇ ਰੂਪ ਵਿਚ ਸਾਰੇ ਇਸ ਮਿੱਟੀ ਦੇ ਪੁੱਤਰ ਹਨ।

ਸਿੱਖਾਂ ਨੂੰ ਹਿੰਦੂਆਂ ਦੇ ਰੂਪ ਵਿਚ ਗ਼ਲਤ ਢੰਗ ਨਾਲ ਪੇਸ਼ ਕਰਨ ਦੇ ਇਹ ਐਲਾਨ ਨਵੇਂ ਨਹੀਂ ਹਨ। 1909 ਵਿਚ, ਆੱਕਸਫਾੱਰਡ ਯੂਨੀਵਰਸਿਟੀ ਵਲੋਂ ਛਾਪੀ ਗਈ, "ਸਿੱਖ ਧਰਮ" ਦੇ ਲੇਖਕ, ਮੈਕਸ ਆਰਥਰ ਮੈਕੌਲਿਫ ਨੇ, ਆਪਣੇ ਮੁੱਖ-ਬੰਧ ਦੇ ਸਫਾ xxiii ਤੇ ਇਸਦੀ ਨਿੰਦਾ ਕਰਦਿਆ ਦੱਸਿਆ ਕਿ

"ਸਿੱਖਾਂ ਦਾ ਹਿੰਦੂਆਂ ਦੇ ਰੂਪ ਵਿਚ ਐਲਾਨ ਕਰਨ ਦੀ ਲਹਿਰ, ਗੁਰੂਆਂ ਦੀ ਸਿੱਖਿਆਵਾਂ ਦੇ ਸਿੱਧੇ ਵਿਰੋਧ ਵਿਚ, ਦੂਰ ਤਕ ਫੈਲੀ ਹੋਈ ਅਤੇ ਲੰਮੇਂ ਸਮੇਂ ਦੀ ਹੈ"।

ਸੁਆਮੀ ਦਯਾਨੰਦ ਅਤੇ ਆਰਿਯਾ ਸਮਾਜ, ਇਸ ਪ੍ਰਸੰਗ ਵਿਚ 19ਵੀਂ ਸਦੀ ਵਿਚ ਕਿਰਿਆਸ਼ੀਲ ਸਨ ਜੱਦਕਿ ਆਰ.ਐਸ.ਐਸ. ਅਤੇ ਇਸਦੇ ਉਪ-ਸਮੂਹ 20ਵੀਂ ਸਦੀ ਵਿਚ ਸਨ। ਇਨ੍ਹਾਂ ਗ਼ਲਤ ਧਾਰਨਾਵਾਂ ਨੂੰ ਸਮੇਂ ਸਮੇਂ ਤੇ ਅਤੇ ਬਾਰ ਬਾਰ ਪ੍ਰਚਲਿਤ ਮਾਹੌਲ ਦੇ ਮੁਤਾਬਕ ਦੁਹਰਾਇਆ ਗਿਆ ਪਰ ਇਹ ਕੁੱਝ ਸਮੇਂ ਲਈ ਰੁਕ ਗਿਆ ਜਦੋਂ ਸਿੱਖਾਂ ਨੇ ਇਸ ਜੁਰਮ ਨੂੰ ਮਹਿਸੂਸ ਕਰਦਿਆਂ ਬਹੁਤ ਗੰਭੀਰ ਰੂਪ ਵਿਚ ਪ੍ਰਤਿਕ੍ਰਿਆ ਕੀਤੀ। ਦਰਅਸਲ ਕੁੱਝ ਮੂਲ-ਭੂਤ ਹਿੰਦੂ ਭਾਰਤ ਦੇ ਸਾਰੇ ਧਰਮਾਂ ਨੂੰ ਹਿੰਦੂ ਧਰਮ ਦਾ ਹਿੱਸਾ ਅਤੇ ਹਰ ਰਾਸ਼ਟਰ ਨੂੰ ਹਿੰਦੂ ਦੇ ਸੰਪ੍ਰਦਾਇ ਦੇ ਰੂਪ ਵਿਚ ਐਲਾਨ ਕਰਨ ਲਈ ਉੱਤੇਜਿਤ ਹਨ। ਇਸਦੀ ਆਪਣੀ ਪ੍ਰਤਿਕ੍ਰਿਆ ਸੀ। ਭਾਈ ਕਾਹਨ ਸਿੰਘ ਨਾਭਾ ਨੇ ਇਸਦਾ ਖੰਡਨ ਕਰਨ ਲਈ ਇੱਕ ਕਿਤਾਬ ਲਿਖੀ ਸੀ, "ਸਿੱਖ ਹਿੰਦੂ ਨਹੀਂ ਹਨ-ਹਮ ਹਿੰਦੂ ਨਹੀਂ", ਜੱਦਕਿ ਗਿਆਨੀ ਦਿੱਤ ਸਿੰਘ ਅਤੇ ਹੋਰ ਸਿੱਖ ਵਿਦਵਾਨਾਂ ਨੇ, ਇਨ੍ਹਾਂ ਬਿਆਨਾਂ ਦੇ ਗ਼ਲਤ ਹੋਣ ਦਾ ਵਰਣਨ ਕਰਦਿਆਂ ਅਤੇ ਸਿੱਖ ਧਰਮ ਦੇ ਇੱਕ ਆਜ਼ਾਦ ਪ੍ਰਚਾਰਿਤ ਧਰਮ ਹੋਣ ਉੱਤੇ ਜ਼ੋਰ ਪਾਉਂਦੀਆਂ, ਜਿਸਦਾ ਹਿੰਦੂ ਧਰਮ ਜਾਂ ਕਿਸੇ ਹੋਰ ਧਰਮ ਨਾਲ ਕੋਈ ਸਰੋਕਾਰ ਨਹੀਂ ਹੈ, ਖੁੱਲੇ ਬਿਹਿਸ-ਮੁਬਾਹਸੇ ਲਈ ਸੁਆਮੀ ਨੂੰ ਲਲਕਾਰਿਆ। ਆਰਿਯਾ ਸਮਾਜ ਦਾ ਨੇਤਾ ਕਦੇ ਵਾਪਿਸ ਨਾ ਮੁੜਣ ਲਈ ਪੰਜਾਬ ਛੱਡ ਕੇ ਚਲਾ ਗਿਆ, ਚੰਗੀ ਤਰ੍ਹਾਂ ਸਮਝਦਿਆਂ ਕਿ ਉਸ ਕੋਲ ਆਪਣੇ ਇਸ ਗ਼ਲਤ ਬਿਆਨ ਦੇ ਸਮਰਥਨ ਵਿਚ ਕੁੱਝ ਵੀ ਨਹੀਂ ਸੀ ਅਤੇ ਕਿ ਸਿੱਖ ਇਸ ਝੂਠੇ ਪ੍ਰਚਾਰ ਨਾਲ ਕਾਫੀ ਖਿਝ ਗਏ ਸਨ। ਸਿੱਖਾਂ ਨੂੰ ਇਨ੍ਹਾਂ ਗ਼ਲਤ ਧਾਰਨਾਵਾਂ ਦਾ ਖੰਡਨ ਕਰਨਾ ਸੀ, ਜਦੋਂ ਵੀ ਉਨ੍ਹਾਂ ਖ਼ਿਲਾਫ ਬਣਾਈਆਂ ਗਈਆਂ, ਕਿਓਂ ਜੋ ਨਹੀਂ ਤਾਂ ਇਹ ਨਕਾਰਾਤਮਕ ਬਿਆਨਬਾਜੀ, ਕਿ ਇੱਕ ਧਰਮ ਕਿਸੇ ਦੂਜੇ ਧਰਮ ਦਾ ਹਿੱਸਾ ਨਹੀਂ ਹੈ, ਦੀ ਕੋਈ ਲੋੜ ਨਹੀਂ ਸੀ, ਜੋ ਆਪ ਹੀ ਸਪਸ਼ਟ ਹੈ, ਜਿਵੇਂ ਕਿ ਕੋਈ ਵੀ ਧਰਮ ਕਿਸੇ ਦੂਜੇ ਧਰਮ ਦਾ ਹਿੱਸਾ ਨਹੀਂ ਹੋ ਸਕਦਾ। ਕੁਝ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਨਾਲ ਵੀ ਹਰ ਧਰਮ ਦੇ ਆਪਣੇ ਸਿਧਾਂਤ, ਵਿਚਾਰਧਾਰਾਵਾਂ ਅਤੇ ਧਾਰਮਕ ਕਿਰਿਆਵਾਂ ਹਨ। ਹਰ ਕਿਸੇ ਨੂੰ ਦੂਜੇ ਸਾਰੇ ਧਰਮਾਂ ਦਾ ਆਦਰ ਸਤਕਾਰ ਕਰਨਾ ਚਾਹੀਦਾ ਹੈ ਅਤੇ ਸਿੱਖ ਧਰਮ ਦੀਆਂ ਰੱਬੀ ਸਿਖਿਆਵਾਂ ਨੇ ਇਸ ਪੱਖ ਉੱਤੇ ਖਾਸ ਜੋਰ ਦਿੱਤਾ ਹੈ। ਹਿੰਦੂ ਧਰਮ ਦੀ ਗ਼ਲਤ ਢੰਗ ਨਾਲ ਭਾਰਤ, ਜੋ ਕਿ ਇੱਕ ਦੇਸ਼ ਹੈ, ਨਾਲ ਸਮਾਨਤਾ ਕੀਤੀ ਜਾ ਰਹੀ ਹੈ। ਇੱਕ ਦੇਸ਼ ਅਤੇ ਧਰਮ (ਜਿਸਨੂੰ ਜੀਵਨ ਦਾ ਮਾਰਗ ਕਿਹਾ ਜਾਂਦਾ ਹੈ) ਬਿਲਕੁਲ ਵੱਖਰੇ ਹਨ ਅਤੇ ਅਲਗ ਹੋਂਦ ਹੈ ਅਤੇ ਇੱਕ ਨਾਲ ਅਲਗ ਇਲਾਕਿਆਂ ਵਿਚ ਕੰਮ ਕਰਦੇ ਹਨ। ਇੱਕ ਦੇਸ਼ ਆਪਣੀ ਉਨ੍ਹਾਂ ਸੀਮਾਵਾਂ ਦੇ ਅਧਿਕਾਰ ਖੇਤਰ ਨਾਲ ਆਪਣੀ ਖੇਤਰੀ ਸੀਮਾ ਵਿਚ ਘਿਰਿਆ ਹੋਇਆ ਹੈ। ਦੇਸ਼ ਦੇ ਨਾਗਰਿਕ ਧਰਮ-ਨਿਰਪੇਖ ਅਤੇ ਲੋਕਤਾਂਤ੍ਰਿਕ ਸ਼ਾਸਨ ਨੂੰ ਬਣਾਉਂਦੇ ਅਤੇ ਲਾਗੂ ਕਰਦੇ ਹਨ, ਜਿਸਨੂੰ ਭਾਰਤ ਅਤੇ ਦੁਨਿਆ ਦੇ ਸਾਰੇ ਸਭਯ ਦੇਸ਼ਾਂ ਵਲੋਂ ਅਪਨਾਇਆ ਗਿਆ ਹੈ। ਇਹ ਉਸ ਦੇਸ਼ ਦੇ ਲੋਕਾਂ ਦੀ ਸਰਕਾਰ ਹੈ, ਲੋਕਾਂ ਵਲੋਂ ਬਣਾਈ ਗਈ ਅਤੇ ਲੋਕਾਂ ਲਈ ਹੈ। ਕੁਝ ਲੋਕਾਂ, ਜਿਸ ਕਿਸੇ ਬਹੁ-ਮਤ ਵਿਚ ਉਹ ਹਨ, ਦੇ ਧਰਮ ਸਾਰੇ ਇਕ ਨਾਲ ਅਸੰਬੰਧਤ ਹਨ। ਉਸ ਦੇਸ਼ ਵਿਚ ਹਰ ਧਰਮ ਦਾ ਅਹੁਦਾ ਅਤੇ ਉਸਦਾ ਅਧਿਕਾਰ ਬਰਾਬਰ ਹੈ ਜਿਸ ਦਾ ਉਸਦੀ ਸੰਖਿਆਤਮਕ ਸ਼ਕਤੀ ਨਾਲ ਕੋਈ ਸਰੋਕਾਰ ਨਹੀਂ ਹੈ ਅਤੇ ਆਪਣੇ ਧਰਮ ਦੇ ਮੁਤਾਬਕ ਉਸਨੂੰ ਪੂਜਣ ਅਤੇ ਉਸ ਤੇ ਵਿਸ਼ਵਾਸ ਕਰਨ ਦੀ ਪੂਰੀ ਆਜ਼ਾਦੀ ਹੈ। ਦੇਸ਼ ਦੇ ਕਾਨੂੰਨ ਦੇ ਨਿਯੰਤਰਣ ਹੇਠ, ਉਸ ਦੇਸ਼ ਵਿਚ ਵਸਦੇ ਸਾਰੇ ਲੋਕ ਉਸਦੇ ਨਾਗਰਿਕ ਹਨ। ਦੇਸ਼ ਦੇ ਲੋਕਾਂ ਦੀ ਏਕਤਾ ਅਤੇ ਪ੍ਰਣਾਲੀ ਦੀ ਸ਼ਾਂਤ ਅਤੇ ਸਹੀ ਕਿਰਿਆ ਨੂੰ ਪੱਕਾ ਕਰਨ ਲਈ ਅਲਪ ਸੰਖਿਆ ਨੂੰ ਉਨ੍ਹਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਖਾਸ ਸੁਰੱਖਿਆ ਦਿੱਤੀ

ਜਾਵੇ। ਦੂਜੇ ਪਾਸੇ, ਧਰਮ ਦੀ ਕੋਈ ਸੀਮਾ ਅਤੇ ਹੱਦ ਨਹੀਂ ਹੈ। ਕੋਈ ਵੀ ਮਨੁੱਖ, ਕਿਸੇ ਵੀ ਦੇਸ਼ ਵਿਚ ਕਿਸੇ ਵੀ ਥਾਂ ਆਪਣੇ ਧਰਮ ਅਤੇ ਉਸ ਧਰਮ ਵਲੋਂ ਨਿਰਦੇਸ਼ਿਤ ਕੀਤੇ ਗਏ ਜੀਵਨ ਦੇ ਢੰਗ ਦੀ ਪੂਰੀ ਆਜ਼ਾਦੀ ਨਾਲ ਪਾਲਨਾ ਕਰ ਸਕਦਾ ਹੈ। ਦੁਨਿਆ ਵਿਚ ਹਰ ਦੇਸ਼ ਵਿਚ ਹਰ ਧਰਮ ਅਤੇ ਰਾਸ਼ਟਰ ਨੂੰ ਪੇਸ਼ ਕੀਤਾ ਗਿਆ ਹੈ, ਉਸਦੀ ਸੰਖਿਆਤਮਕ ਗਿਣਤੀ ਜੋ ਵੀ ਹੋ ਸਕਦੀ ਹੈ; ਬੇਸ਼ਕ ਹਰ ਕਿਸੇ ਨੂੰ ਦੇਸ਼ ਜਿਸ ਵਿਚ ਉਹ ਰਹਿ ਰਹੇ ਹਨ ਦੇ ਕਾਨੂੰਨਾਂ ਦੀ ਪਾਲਨਾ ਕਰਨੀ ਪੈਂਦੀ ਹੈ। ਲੱਖਾਂ ਹਿੰਦੂ ਭਾਰਤ ਤੋਂ ਬਾਹਰ ਵਸੇ ਹੋਏ ਹਨ, ਦੁਨਿਆ ਭਰ ਵਿਚ ਲਗਭਗ ਹਰ ਦੇਸ਼ ਵਿਚ ਅਤੇ ਆਪਣੇ ਧਰਮ ਦੀ ਪਾਲਨਾ ਕਰ ਰਹੇ ਹਨ। ਲੱਖਾਂ ਸਿੱਖ ਵੀ ਭਾਰਤ ਤੋਂ ਬਾਹਰ ਵਸੇ ਹੋਏ ਹਨ ਅਤੇ ਆਪਣੇ ਧਰਮ ਦੀ ਪਾਲਨਾ ਕਰ ਰਹੇ ਹਨ।

ਇਸੇ ਤਰ੍ਹਾਂ ਲੱਖਾਂ ਈਸਾਈ, ਮੁਸਲਮ ਅਤੇ ਯਹੂਦੀ ਅਤੇ ਹੋਰ ਧਰਮਾਂ ਦੇ ਲੋਕ ਦੁਨਿਆ ਦੇ ਵਿਭਿੰਨ ਹਿੱਸਿਆਂ ਵਿਚ ਵਸੇ ਹਨ ਅਤੇ ਆਪਣੇ ਧਰਮ ਦੀ ਪਾਲਨਾ ਕਰਦੇ ਹਨ। ਦੁਨਿਆ ਵਿਚ ਕਿਸੇ ਵੀ ਸਭਯ ਦੇਸ਼ ਵਿਚ ਆਪਣੇ ਧਰਮ ਦੀ ਪਾਲਨਾ ਕਰਨ ਦੀ ਆਜ਼ਾਦੀ ਉੱਤੇ ਕੋਈ ਰੋਕ ਨਹੀਂ ਹੈ। ਦੁਨਿਆ ਵਿਚ ਸਾਰੇ ਵਿਕਸਿਤ ਧਰਮ-ਨਿਰਪੇਖ ਦੇਸ਼ਾਂ ਵਿਚ ਬਹੁ-ਮਤ ਵਾਲੇ ਧਰਮਾਂ ਵਲੋਂ ਦੂਜਿਆਂ ਨੂੰ ਦਬਾਉਣ ਦੀ ਕੋਈ ਭਾਵਨਾ ਨਹੀਂ ਹੈ। ਸਾਰੇ ਧਰਮਾਂ ਕੋਲ ਸਮਾਨ ਅਧਿਕਾਰ ਹੈ ਜਿਸ ਤੋਂ ਬਿਨਾਂ ਲੋਕਾਂ ਦੀ ਏਕਤਾ ਨਾਮੁਮਕਿਨ ਹੈ। ਜਦੋਂ ਵੀ ਸਾਂਪ੍ਰਦਾਇਕ ਦੁਸ਼ਮਣੀ ਦੀ ਭਾਵਨਾ ਵਾਲੇ ਇਹੋ ਜਿਹੇ ਵਿਚਾਰ ਦੇਸ਼ ਦੇ ਕਿਸੇ ਬਹੁ-ਮਤ ਵਾਲੇ ਸਮਾਜ ਦੇ ਦਿਮਾਗ ਵਿਚ ਆਏ ਹਨ, ਇਸਨੇ ਦੇਸ਼ ਦੇ ਪਤਨ ਦੀ ਅਗਵਾਈ ਕੀਤੀ ਹੈ, ਕਿਉਂ ਜੋ ਇਹ ਆਪਣੇ ਲੋਕਾਂ ਦੀ ਏਕਤਾ ਬਣਾਏ ਰੱਖਣ ਵਿਚ ਅਸਫਲ ਰਿਹਾ ਹੈ। ਭਾਰਤ ਦਾ ਇਤਿਹਾਸ ਆਪ ਇਸ ਤੱਥ ਦੀ ਗਵਾਹੀ ਦਿੰਦਾ ਹੈ ਕਿ ਜਦੋਂ ਵੀ ਬਹੁ-ਮਤ ਵਾਲੇ ਸਮਾਜ ਦੀ ਸ਼ਾਸਨ ਅਤੇ ਉੱਚਤਾ ਦੀ ਭਾਵਨਾ ਨੇ ਇਸਦੇ ਲੋਕਾਂ ਵਿਚ ਦਰਾਰ ਪਾਈ ਹੈ, ਇਸਦੇ ਨਤੀਜੇ ਵਜੋਂ ਦੇਸ਼ ਨੇ ਸਦੀਆਂ ਤੱਕ ਗੁਲਾਮੀ ਦੇ ਦੁੱਖ ਭੋਗੇ ਹਨ। ਬੀਤੇ ਹੋਏ ਸਮੇਂ ਤੋਂ ਸਬਕ ਲੈਣਾ ਚਾਹੀਦਾ ਹੈ। ਭਾਰਤ ਦੁਨਿਆ ਭਰ ਵਿਚ ਸਭ ਤੋਂ ਵੱਡੇ ਲੋਕਤੰਤਰ ਦੀ ਸ਼ੇਖ਼ੀ ਮਾਰਦਾ ਹੈ ਪਰ ਇਹ ਸਾਂਪ੍ਰਦਾਇਕ ਝਗੜਿਆਂ ਅਤੇ ਹਿੰਦੂ ਧਰਮ ਦੇ ਨਾਮ ਵਿਚ ਕੁਝ ਬਹੁ-ਮਤ ਸੰਪ੍ਰਦਾਇ ਸਮਾਜਾਂ ਦੀ ਮੂਲ-ਭੂਤ ਵਿਚਾਰਧਾਰਾ ਕਾਰਣ ਲੋਕਾਂ ਦੀ ਏਕਤਾ ਨੂੰ ਲੈ ਕੇ ਅਜੇ ਵੀ ਪਿੱਛੇ ਹੈ। ਮੂਲ-ਭੂਤ ਹਿੰਦੂਆਂ ਦੀ ਸਾਂਪ੍ਰਦਾਇਕਤਾ ਦਾ ਖੰਡਨ ਕਰਨ ਵੇਲੇ ਕੁਝ ਰਾਸ਼ਟਰੀ ਧਰਮ-ਨਿਰਪੇਖ ਪਾਰਟੀਆਂ ਵੀ ਪਰਦੇ ਪਿੱਛੇ ਹਿੰਦੂਆਂ ਦੀ ਵੋਟ ਲੈਣ ਲਈ ਇਹੋ ਜਿਹਾ ਖੇਡ ਖੇਡੀਆਂ ਹਨ। ਉਪਰ ਦਿੱਤੇ ਬਿਆਨਾਂ ਦੀ ਸੰਖੇਪ ਵਿਚ ਚਰਚਾ ਕਰਨ ਲਈ:

1. ਸਿੱਖ ਹਿੰਦੂ ਧਰਮ ਦਾ ਹਿੱਸਾ ਹਨ ਅਤੇ ਇਕ ਅਲਗ ਸਮਾਜ ਨਹੀਂ ਹਨ

ਇਹ ਬਿਲਕੁਲ ਗ਼ਲਤ ਹੈ ਕਿ ਸਿੱਖ ਹਿੰਦੂ ਧਰਮ ਦਾ ਹਿੱਸਾ ਹਨ ਅਤੇ ਇਕ ਅਲਗ ਸਮਾਜ ਨਹੀਂ ਹਨ। ਸੱਖ ਧਰਮ ਦੁਨਿਆ ਦੇ ਦੂਜੇ ਧਰਮਾਂ ਵਾਂਗ ਹੀ ਇੱਕ ਅਲਗ ਧਰਮ ਹੈ, ਜੱਦਕਿ ਸਿੱਖ ਇੱਕ ਅਲਗ ਰਾਸ਼ਟਰ ਹਨ, ਅਤੇ, ਸਿੱਖਾਂ ਨੇ ਇਸ ਉੱਤੇ ਪਹਿਲਾਂ ਹੀ ਸਪਸ਼ਟ ਰੂਪ ਵਿਚ ਬਿਆਨ ਦਿੱਤਾ ਹੈ। ਸਿੱਖ ਮਾਮਲਿਆਂ ਵਿਚ ਫੈਸਲਾ ਲੈਣਾ ਸਿਰਫ ਸਿੱਖਾਂ ਲਈ ਹੈ ਅਤੇ ਕਿਸੇ ਵੀ ਬਾਹਰੀ ਆਦਮੀ ਨੂੰ ਸਿੱਖਾਂ ਦੇ ਮਾਮਲਿਆਂ ਵਿਚ ਦਖ਼ਲ ਦੇਣ ਦਾ ਅਧਿਕਾਰ ਨਹੀਂ ਮਿਲਿਆ ਹੈ। ਕਿਵੇਂ ਕੁਝ ਮੂਲ-ਭੂਤ ਹਿੰਦੂਆਂ ਵਲੋਂ ਗ਼ਲਤ ਬਿਆਨਬਾਜੀ ਕੀਤੀ ਜਾ ਰਹੀ ਹੈ ਕਿ ਖ਼ਾਲਸਾ ਹਿੰਦੂ ਸਮਾਜ ਦੀ ਸਸ਼ਸਤਰ ਸੇਨਾ ਸੀ ਜਿਸ ਦਾ ਗਠਨ ਮੁਗ਼ਲਾਂ ਨਾਲ ਲੜਣ ਲਈ ਕੀਤਾ ਗਿਆ ਸੀ। ਹਰ ਕਿਸੇ ਜਿਸ ਨੇ ਵੀ ਗੰਭੀਰਤਾ ਪੂਰਵਕ ਸਿੱਖ ਧਰਮ ਨੂੰ ਪੜ੍ਹਿਆ ਹੈ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਸਿੱਖ ਧਰਮ ਇੱਕ ਅਲਗ ਧਰਮ ਹੈ ਕਿਉਂ ਜੋ ਸਿੱਖੀ ਅਤੇ ਹਿੰਦੂਆਂ ਦੇ ਲਗਭਗ ਸਾਰੇ ਪੱਖ ਉਲਟ ਹਨ। ਸਿੱਖਾਂ ਦੇ ਸਿਧਾਂਤ, ਵਿਚਾਰਧਾਰਾਵਾਂ ਅਤੇ ਜੀਵਨ ਦੇ ਢੰਗ ਹਿੰਦੂਆਂ ਨਾਲੋਂ ਬਿਲਕੁਲ ਹੀ ਵੱਖਰੇ ਹਨ।

ਸਿੱਖ ਧਰਮ ਠੀਕ ਹੀ ਅਲਗ ਅਲਗ ਦੇਵੀ ਦੇਵਤਾਵਾਂ ਅਤੇ ਉਨ੍ਹਾਂ ਦੀ ਪੂਜਾ ਦੀ ਧਾਰਨਾ ਨੂੰ ਨਾਮੰਜ਼ੂਰ ਕਰ ਬਾਹਰ ਕਰਦਾ ਹੈ। ਸਿੱਖ ਧਰਮ ਵਿਚ ਸਿਰਫ ਇੱਕ ਰੱਬ ਹੈ-ਬਿਨਾਂ ਆਕਾਰ ਦੇ, ਅਨਜੰਮਿਆ, ਆਪ ਹੀ ਪ੍ਰਕਾਸ਼ਿਤ ਹੋਇਆ ਅਤੇ ਸਿਰਫ ਉਸਦਾ ਹੀ ਨਾਮ ਜਪਨਾ ਚਾਹੀਦਾ ਹੈ। ਸਿੱਖ ਧਰਮ ਠੀਕ ਹੀ ਹਿੰਦੂ ਧਰਮ ਦੇ ਆਦਮੀ ਅਤੇ ਆਦਮੀ ਵਿਚਕਾਰ ਜਾਤ ਪਾਤ ਦੇ ਭੇਦਭਾਵ ਨੂੰ ਨਾਮੰਜ਼ੂਰ ਕਰ ਬਾਹਰ ਕਰਦਾ ਹੈ। ਸਿੱਖ ਧਰਮ ਮਾਨਵਤਾ ਦੀ ਸਮਾਨਤਾ ਅਤੇ ਵਿਅਕਤੀਗਤ ਸਨਮਾਨ ਨਾਲ, ਇੱਕ ਮਨੁੱਖ ਜਾਤੀ ਹੋਣ ਦੀ ਵਕਾਲਤ ਕਰਦਾ ਹੈ। ਸਿੱਖ ਧਰਮ ਹਿੰਦੂਆ ਦੇ ਸਾਰੇ ਪਵਿੱਤਰ ਲੇਖਾਂ-ਵੇਦ, ਸ਼ਾਸਤਰ ਅਤੇ ਪੁਰਾਣ ਵਗ਼ੈਰਾ ਨੂੰ ਨਾਮੰਜ਼ੂਰ ਕਰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਨਾ ਹੀ ਇਹ ਧਰਮ ਦਾ ਪ੍ਰਚਾਰ ਕਰਦਾ ਹੈ ਤੇ ਨਾ ਹੀ ਰੱਬ ਤੱਕ ਪਹੁੰਚਦਾ ਹੈ ਅਤੇ ਕਿ ਇਹ ਸਿਰਫ ਮਾਇਆ, ਦੌਲਤ ਅਤੇ ਵਸਤੂ ਬਾਰੇ ਹੀ ਗਲਾਂ ਕਰਦਾ ਹੈ, ਜੋ ਆਦਮੀ ਨੂੰ ਅੰਨੇ ਕੰਮਾਂ ਵਿਚ ਪਾਉਂਦਾ ਹੈ ਅਤੇ ਰੱਬ ਦੀ ਕਿਰਪਾ ਦੇ ਚੌਥੇ ਪਹਿਰ ਵਿਚ ਮੁਕਤੀ ਵਲ ਨਹੀਂ ਲੈ ਕੇ ਜਾਂਦਾ। ਸਿੱਖ ਧਰਮ, ਹਿੰਦੂਆਂ ਦੇ ਸਾਰੇ ਰੀਤਿ ਰਿਵਾਜਾਂ, ਹਿੰਦੂਆਂ ਦੇ ਤੀਰਥ ਸਥਾਨਾਂ, ਨਦੀਆਂ ਵਿਚ ਰਿਵਾਜੀ ਇਸ਼ਨਾਨ, ਬ੍ਰਾਹਮਣਾਂ ਨੂੰ ਸੁਖਾਵੀਂ ਦਾਅਵਤ ਦੇਣਾ, ਅੱਗ ਦੀ ਭੇਂਟ ਚੜਨਾ, ਤਪ ਅਤੇ ਪੂਜਾਵਾਂ ਕਰਨੀਆਂ, ਸ਼ਾਰੀਰਿਕ ਦੁੱਖ ਸਹਿਨ ਕਰਨੇ, ਆਪਣੇ ਆਪ ਨੂੰ ਕਸ਼ਟ ਦੇਣਾ, ਅਤੇ ਆਪਣੇ ਪਾਪ ਧੋਣ ਅਤੇ ਮੁਕਤੀ ਪਾਉਣ ਲਈ ਹਿੰਦੂ ਧਰਮ ਵਿਚ ਕੀਤੀਆਂ ਜਾਣ ਵਾਲੀਆਂ ਹੋਰ ਸਾਰੀਆਂ ਵਿਧਿਆਂ ਦਾ ਖੰਡਨ ਕਰਦਾ ਹੈ। ਸਿੱਖ ਧਰਮ ਆਪਣੀ ਅਲਗ ਰੱਬੀ ਸੋਚ ਨੂੰ ਪੇਸ਼ ਕਰਦਾ ਹੈ ਕਿ ਰੱਬ ਦੇ ਨਾਮ ਦਾ ਸਿਮਰਣ ਕਰਨ ਨਾਲ ਦਿਮਾਗ ਵਿਚ ਪੈਦਾ ਹੋਣ ਵਾਲੀ ਗੰਦਗੀ ਮਿੱਟ ਜਾਂਦੀ ਹੈ। ਸਿੱਖ ਧਰਮ ਮੁਕਤੀ ਪਾਉਣ ਲਈ ਬਾਹਰੀ ਘਟੀਆ ਕਿਰਿਆਵਾਂ ਦਾ ਖੰਡਨ ਕਰਦਾ ਹੈ ਜਿਵੇਂ ਪਵਿੱਤਰ ਧਾਗੇ ਦਾ ਬੰਨਣਾ, ਮੱਥੇ ਤੇ ਚਿੰਨ੍ਹ, ਬਾਲ ਕਟਣਾ ਅਤੇ ਹੋਰ ਇਹੋ ਜਿਹੇ ਚਿੰਨ੍ਹ। ਇਸਦੀ ਬਜਾਏ ਇਹ ਦੋ ਧਾਰਾਂ ਵਾਲੀ ਤਲਵਾਰ ਨਾਲ ਅਮ੍ਰਿਤ ਛੱਕ ਕੇ, ਆਪਣੇ ਨਿਸ਼ਚਿਤ ਪੰਜ ਚਿੰਨ੍ਹਾਂ ਦਾ ਧਾਰਨ ਕਰਕੇ, ਬਾਲ ਕਟੇ ਬਿਨਾਂ ਸਿਰ ਤੇ ਪੱਗ, ਅਤੇ ਸ਼ਰੀਰ ਤੇ ਕਿਰਪਾਣ ਪਾ ਕੇ ਇੱਕ ਅਲਗ ਸਿੱਖੀ ਰੂਪ ਨੂੰ ਪੇਸ਼ ਕਰਦਿਆਂ, ਸਿੱਖ ਬਨਣ ਦੀ ਆਪਣੀ ਵਿਧੀ ਦੀ ਸਲਾਹ ਦਿੰਦਾ ਹੈ। ਇਸਲਈ ਉਪਰਲੇ ਵਿਰੋਧਾਭਾਸ ਨੂੰ ਧਿਆਨ ਵਿਚ ਰੱਖਦੇ ਹੋਏ

ਸਿੱਖੀ ਨੂੰ ਹਿੰਦੂ ਧਰਮ ਦਾ ਹਿੱਸਾ ਕਿਵੇਂ ਕਿਹਾ ਜਾ ਸਕਦਾ ਹੈ। ਧਾਰਮਕ ਫ਼ਲਸਫ਼ੇ ਦੇ ਵਿਸ਼ਲੇਸ਼ਣਾਤਮਕ ਚਿੰਤਨ ਅਤੇ ਉਨ੍ਹਾਂ ਦੇ ਅਨੁਯਾਈਆਂ ਦੀ ਸੰਖਿਆਤਮਕ ਮਜ਼ਬੂਤੀ ਦੇ ਆਧਾਰ ਤੇ ਸਿੱਖ ਧਰਮ ਨੂੰ ਦੁਨਿਆ ਦੇ ਪਹਿਲੇ ਪੰਜ ਮੁੱਖ ਧਰਮਾਂ ਦੀ ਸੂਚੀ ਵਿਚ ਰੱਖਿਆ ਗਿਆ ਹੈ। ਆਪਣੀ ਸੰਖਿਆਤਮਕ ਗਿਣਤੀ ਦੇ ਕ੍ਰਮ ਵਿਚ ਪੰਜ ਧਰਮ ਈਸਾਈ, ਇਸਲਾਮ, ਹਿੰਦੂ, ਬੋਧੀ ਅਤੇ ਸਿੱਖ ਧਰਮ ਹਨ। ਸਿੱਖ ਇੱਕ ਰਾਸ਼ਟਰ ਦੀ ਸਾਰੀ ਸਾਮਗ੍ਰੀ ਨਾਲ ਇੱਕ ਅਲਗ ਰਾਸ਼ਟਰ ਹਨ – ਇੱਕ ਅਲਗ ਧਰਮ, ਅਲਗ ਗੁਰੂ, ਅਲਗ ਪਵਿੱਤਰ ਲੇਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਜਿਸਨੂੰ ਸਿੱਖਾਂ ਦਾ ਅਮਰ ਗੁਰੂ ਮੰਨਿਆ ਗਿਆ ਹੈ ਅਤੇ ਜਿਸ ਵਿਚ ਰੱਬ ਦੇ ਸ਼ਬਦ ਹਨ, ਦੋ ਧਾਰਾਂ ਵਾਲੀ ਤਲਵਾਰ ਨਾਲ ਅਮ੍ਰਿਤ ਛੱਕ ਕੇ ਇੱਕ ਵੱਖਰੀ ਪਛਾਣ ਸਥਾਪਿਤ ਕਰਨਾ। ਸਿੱਖਾਂ ਦੀ ਅਲਗ ਰਾਜਨੀਤਿਕ ਇੱਛਾਵਾਂ ਹਨ, ਇਕ ਵੱਖਰਾ ਜੀਉਣ ਦਾ ਢੰਗ ਅਤੇ ਇਕ ਵੱਖਰਾ ਸਭਿਆਚਾਰ ਹੈ। ਸਿੱਖਾਂ ਦੀ ਆਪਣੀ ਰਾਜਨੀਤਿਕ ਤਾਕਤ ਸੀ ਅਤੇ ਅਫ਼ਗਾਨਿਸਤਾਨ ਅਤੇ ਚੀਨ ਦੇ ਨਾਲ ਲਗਦੀਆਂ ਸੀਮਾਵਾਂ ਨਾਲ ਉੱਤਰ ਭਾਰਤ ਵਿਚ ਸਿੱਖ ਸ਼ਾਸਨ ਰਾਜ ਸੀ। ਸਰਕਾਰ ਦਾ ਨਾਮ ਸਰਕਾਰ-ਏ-ਖ਼ਾਲਸਾ ਰੱਖਿਆ ਗਿਆ ਸੀ ਅਤੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਨਾਮ ਵਿਚ ਮੁੱਦਰਾ ਨਾਨਕ ਸ਼ਾਹੀ ਸੀ, ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਅਧੀਨ ਮੁੱਖ ਰੂਪ ਵਿਚ ਨਾਂ ਰੱਖੇ ਗਏ ਸਿੱਖਾਂ ਦੀ ਫੌਜ ਸੀ। ਸਿੱਖਾਂ ਨੇ ਤਕਰੀਬਨ ਇਕ ਸਦੀ ਦੇ ਸੰਘਰਸ਼ ਤੋਂ ਬਾਅਦ ਭਾਰਤ ਵਿਚੋਂ ਮੁਗ਼ਲ ਸ਼ਾਸਕਾਂ ਅਤੇ ਅਫ਼ਗਾਨੀ ਘੁਸਪੈਠਿਆਂ ਨੂੰ ਖਦੇੜ ਕੇ ਆਪਣਾ ਸਾਮਰਾਜ ਸਥਾਪਿਤ ਕਰ ਲਿਆ ਸੀ। ਸਿੱਖ ਆਪਣੇ ਇਲਾਕੇ ਵਿਚ ਇਨ੍ਹੇ ਜ਼ਿਆਦਾ ਤਾਕਤਵਰ ਸੀ ਕਿ ਬ੍ਰਿਟਿਸ਼ ਸ਼ਾਸਕਾਂ ਨੂੰ ਸਿੱਖਾਂ ਦੀ ਹਕੂਮਤ ਦਾ ਸਨਮਾਨ ਕਰਦੇ ਹੋਏ ਸਿੱਖ ਰਾਜ ਨਾਲ ਇੱਕ ਸਮਝੌਤਾ ਕਰਨਾ ਪਿਆ ਸੀ। ਸਿੱਖਾਂ ਨੂੰ ਹਰ ਕਿਸੇ ਵਲੋਂ ਇੱਕ ਸ਼ਕਤੀਸ਼ਾਲੀ ਰਾਸ਼ਟਰ ਮੰਨਿਆ ਜਾਂਦਾ ਸੀ।

ਜੇ. ਡੀ. ਕਨਿੰਨਗ੍ਰਮ, ਪ੍ਰਸਿੱਧ ਬ੍ਰਿਟਿਸ਼ ਇਤਿਹਾਸਕਾਰ ਨੇ ਬਿਆਨ ਕੀਤਾ, "ਸਿੱਖ ਧਾਰਮਕ ਵਿਸ਼ਵਾਸ ਅਤੇ ਦੁਨਿਆਵੀ ਇੱਛਾਵਾਂ ਵਿਚ ਹੋਰ ਭਾਰਤੀਆਂ ਤੋਂ ਬਿਲਕੁਲ ਅਲਗ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਹੋ ਜਿਹਾ ਰਾਸ਼ਟਰ ਬਣਾਇਆ ਜਿਸਨੇ ਜਾਤ ਪ੍ਰਣਾਲੀ ਤੋਂ ਬਾਹਰ ਹੁੰਦਿਆਂ ਹਰ ਕਿਸੇ ਨੂੰ ਰਾਜਨੀਤਿਕ ਅਤੇ ਧਾਰਮਕ ਲਹਿਜੇ ਵਿਚ ਉਚਾ ਚੁੱਕ ਦਿੱਤਾ" {ਸਿੱਖਾਂ ਦਾ ਇਤਿਹਾਸ, ਲੰਡਨ, 1849}।

ਚਾਰਲਸ ਈਲੀਅਟ, ਪ੍ਰਸਿੱਧ ਬ੍ਰਿਟਿਸ਼ ਵਿਦਵਾਨ ਨੇ ਬਿਆਨ ਕੀਤਾ, "ਸਿੱਖ ਧਰਮ ਮਾਨਵਤਾ ਲਈ ਵਿਸ਼ੇਸ਼ ਹਿੱਤ ਵਾਲਾ ਧਰਮ ਹੈ, ਜਦੋਂ ਤੋਂ ਇਹ ਬਣਿਆ ਹੈ ਅਤੇ ਇਕ ਰਾਜਨੀਤਿਕ ਸਮੂਹ ਹੀ ਨਹੀਂ ਹੈ ਪਰ ਇਸਦੇ ਰਿਵਾਜ ਵੀ ਇੰਨ੍ਹੇ ਵੱਖਰੇ ਹਨ, ਕਿ ਜੋ ਕੋਈ ਵੀ ਇਸਨੂੰ ਸੰਚਾਲਿਤ ਕਰਦੇ ਹਨ ਇਸਨੂੰ ਇੱਕ ਅਲਗ ਜਾਤ ਦੇ ਰੂਪ ਵਿਚ ਆਮ ਸਨਮਾਨ ਦੀ ਸ਼ੇਣੀ ਵਿਚ ਰੱਖਦੇ ਹਨ। ਗੁਰੂ ਗੋਬਿੰਦ ਸਿੰਘ ਦੇ ਫ਼ਰਮਾਨ ਇੱਕ ਰਾਸ਼ਟਰ ਨੂੰ ਸਥਾਪਿਤ ਕਰਨ ਵਿਚ ਸਫਲ ਹੋਏ ਸਨ" {ਹਿੰਦੂ ਧਰਮ ਅਤੇ ਬੋਧ ਧਰਮ, ਲੰਡਨ 1921 ਭਾਗ II ਸਫਾ 267}

ਡੌਰੋਥੀ ਫੀਲਡਸ, ਇਕ ਪ੍ਰਸਿੱਧ ਵਿਦਵਾਨ ਨੇ ਬਿਆਨ ਕੀਤਾ, "ਕਿਸੇ ਹੋਰ ਧਰਮ ਦੇ ਬਾਰੇ (ਸਿੱਖ ਧਰਮ ਤੋਂ ਇਲਾਵਾ) ਇਹ ਨਹੀਂ ਕਿਹਾ ਜਾ ਸਕਦਾ ਕਿ ਉਸਨੇ ਇੰਨ੍ਹੇ ਥੋੜੇ ਸਮੇਂ ਵਿਚ ਰਾਸ਼ਟਰ ਸਥਾਪਿਤ ਕਰ ਲਿਆ ਸੀ" {ਸਿੱਖਾਂ ਦਾ ਧਰਮ, ਲੰਡਨ 1914 ਸਫਾ 343}

ਪ੍ਰੋਫ. ਪੂਰਨ ਸਿੰਘ, ਇੱਕ ਮਹਾਨ ਸਿੱਖ ਵਿਦਵਾਨ ਨੇ ਬਿਆਨ ਕੀਤਾ, "ਗੁਰੂ ਗੋਬਿੰਦ ਸਿੰਘ ਨੇ ਜਾਤ ਪਾਤ ਦੇ ਅਤੀਤ ਨੂੰ ਸਿੱਖ ਰਾਸ਼ਟਰ ਵਿਚੋਂ ਕੱਢ ਦਿੱਤਾ ਅਤੇ ਆਤਮਾ ਅਤੇ ਮਨ ਵਿਚ ਇੱਕ ਆਧੁਨਿਕ ਰਾਸ਼ਟਰ ਪੁੰਗਰ ਪਿਆ। ਇਹ ਭਵਿੱਖ ਦੇ ਸਾਗਰ ਵਿਚ ਜਲ-ਯਾਤਰਾ ਤੇ ਸਥਾਪਿਤ ਕੀਤਾ ਗਿਆ ਧਰਮ ਸੀ। ਸਿੱਖ ਲਈ ਹਿੰਦੂ ਅਤੇ ਮੁਸਲਮ ਦੇ ਅਤੀਤ ਨੂੰ ਖ਼ਤਮ ਕਰ ਦਿੱਤਾ ਗਿਆ ਸੀ, ਰੂਸ ਦੀ ਅਧਿਕਾਰਕ ਅਖਬਾਰ 'ਪਰਵੇਡ' ਨੇ ਟਿੱਪਣੀ ਕੀਤੀ, "ਇਸ ਵਿਸ਼ਵ ਵਿਚ ਦੋ ਹੀ ਸਮਾਜ ਹਨ, ਜਿਨ੍ਹਾਂ ਕੋਲ ਇੱਕ ਰਾਸ਼ਟਰ ਸਥਾਪਿਤ ਕਰਨ ਦੀ ਸਾਰੀ ਸਾਮਗਰੀ ਦੀ ਮਲਕੀਅਤ ਹੈ ਪਰ ਉਨ੍ਹਾਂ ਕੋਲ ਆਪਣਾ ਵਤਨ ਨਹੀਂ ਹੈ। ਇਹ ਸਮਾਜ ਯਹੂਦੀਆਂ ਅਤੇ ਸਿੱਖਾਂ ਦਾ ਹੈ। ਯਹੂਦੀਆਂ ਨੂੰ ਆਪਣਾ ਵਤਨ ਮਿਲ ਗਿਆ ਪਰ ਬਦਕਿਸਮਤੀ ਨਾਲ ਸਿੱਖਾਂ ਕੋਲ ਅਜੇ ਵੀ ਆਪਣਾ ਵਤਨ ਨਹੀਂ ਹੈ"।{ਮਾਸਟਰ ਤਾਰਾ ਸਿੰਘ ਦੀ ਆਤਮ-ਕਥਾ, ਸਫਾ 197}। ਮਾਰਚ 52, 1981 ਨੂੰ, ਐਸ.ਜੀ.ਪੀ.ਸੀ., ਸਿੱਖ ਗੁਰੂਦੁਆਰਾ ਐਕਟ 1925 ਦੇ ਅਧੀਨ ਚੁਣੀ ਗਈ ਪ੍ਰਤੀਨਿਧਿ ਟੀਮ ਨੇ ਸਰਵ-ਸੰਮਤੀ ਨਾਲ ਕਾਨੂੰਨ ਪਾਸ ਕੀਤਾ ਕਿ 'ਸਿੱਖ ਇੱਕ ਰਾਸ਼ਟਰ ਹਨ'। ਨਵੰਬਰ 5, 1981 ਨੂੰ ਸਿੱਖਾਂ ਦੀ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਸਰਵ-ਸੰਮਤੀ ਨਾਲ ਕਾਨੂੰਨ ਪਾਸ ਕੀਤਾ ਕਿ 'ਸਿੱਖ ਇੱਕ ਰਾਸ਼ਟਰ ਹਨ'। ਜੇ ਫਿਰ ਵੀ ਕੋਈ ਇਹ ਬਿਆਨ ਦੇਣ ਦੀ ਹਿੰਮਤ ਕਰਦਾ ਹੈ ਕਿ ਸਿੱਖ ਹਿੰਦੂਆਂ ਦਾ ਧਾਰਮਕ ਸੰਪ੍ਰਦਾਇ ਹੈ, ਤਾਂ ਗ਼ਲਤ ਢੰਗ ਨਾਲ ਪੇਸ਼ਕਾਰੀ ਦੀ ਕੋਈ ਹੱਦ ਨਹੀਂ ਹੋ ਸਕਦੀ।

2. ਸਿੱਖ ਗੁਰੂਆਂ ਨੇ ਪ੍ਰਚਾਰ ਕੀਤਾ ਸੀ ਕਿ ਸਿੱਖ ਹਿੰਦੂਆਂ ਦਾ ਹਿੱਸਾ ਸਨ।

ਇਹ ਇਕਦਮ ਗ਼ਲਤ ਹੈ। ਬਲਕਿ ਇਸਦੇ ਵਿਰੁਧ ਵਿਚ ਸਿੱਖ ਗੁਰੂਆਂ ਨੇ ਐਲਾਨ ਕੀਤਾ ਕਿ ਉਹ ਅਤੇ ਸਿੱਖ ਹਿੰਦੂਆਂ ਦਾ ਹਿੱਸਾ ਨਹੀਂ ਹਨ। ਗੁਰੂ ਨਾਨਕ ਦੇਵ ਜੀ, ਸਿੱਖ ਧਰਮ ਦੇ ਬਾਨੀ ਨੇ ਬਹੁਤ ਸ਼ੁਰੂ ਵਿ ਹੀ ਐਲਾਨ ਕੀਤਾ ਸੀ ਕਿ "ਕੋਈ ਵੀ ਹਿੰਦੂ ਜਾਂ ਮੁਸਲਮਾਨ ਨਹੀਂ ਹੈ"। ਗੁਰੂ ਦਾ ਰੂਹਾਨੀ ਪ੍ਰਕਾਸ਼ਨ ਇਨ੍ਹਾਂ ਧਰਮਾਂ ਤੋਂ ਪਰੇ ਹੈ। ਗੁਰੂ ਨਾਨਕ ਨੇ ਐਲਾਨ ਕੀਤਾ ਕਿ ਰੱਬ, ਸਿਰਜਣਹਾਰ, ਉਨ੍ਹਾਂ ਨੂੰ ਜੋ ਵੀ ਪ੍ਰਕਾਸ਼ਿਤ ਕਰਨ ਦਾ ਨਿਰਦੇਸ਼ ਦਿੰਦਾ ਹੈ ਉਹ ਪ੍ਰਕਾਸ਼ਿਤ ਕਰਦੇ ਹਨ, ਅਤੇ ਇਹੀ ਹੋਰ ਗੁਰੂਆਂ ਵਲੋਂ ਉਨ੍ਹਾਂ ਦੇ ਰੂਹਾਨੀ ਕੀਰਤਨਾਂ ਵਿਚ ਐਲਾਨਿਆ ਗਿਆ ਹੈ ਕਿ ਉਹ ਆਪਣੇ ਵਲੋਂ ਕੁੱਝ ਨਹੀਂ ਕਹਿੰਦੇ ਪਰ ਜੋ ਪਰਮਾਤਮਾ ਉਨ੍ਹਾਂ ਨੂੰ ਕਹਿਣ ਦਾ ਨਿਰਦੇਸ਼ ਦਿੰਦਾ ਹੈ। ਸਿੱਖ ਗੁਰੂ ਮਾਨਵਤਾ ਨੂੰ ਰੌਸ਼ਨ ਕਰਨ ਅਤੇ ਉੱਪਰ ਚੁੱਕਣ ਵਾਲੇ ਪਰਮਾਤਮਾ ਦੇ ਸਿੱਧੇ ਦੂਤ ਸਨ ਅਤੇ ਹਿੰਦੂ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਗੁਰੂ ਅਰਜਨ ਦੇਵ, ਪੰਜਵੀਂ ਪਾਤਸ਼ਾਹੀ ਨੇ ਐਲਾਨਿਆ "ਮੈਂ ਨਾ ਹੀ ਹਿੰਦੂ ਹਾਂ ਨਾ ਹੀ ਮੁਸਲਮਾਨ; ਮੇਰਾ ਸ਼ਰੀਰ ਰੱਬ ਦੀ ਮਲਕੀਅਤ ਹੈ"।

ਸਿੱਖ ਗੁਰੂਆਂ ਨੇ ਹਿੰਦੂਆਂ ਦੇ ਪ੍ਰਮੁੱਖ ਦੇਵਤਾਵਾਂ ਅਤੇ ਇਨ੍ਹਾਂ ਦੀ ਪੂਜਾ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਸੀ। ਗੁਰੂ ਨਾਨਕ ਨੇ ਐਲਾਨਿਆ, "ਬ੍ਰਹਮਾ ਹੰਕਾਰ ਵਿਚ ਸੰਤੁਸ਼ਟ ਹੈ ਅਤੇ ਉਹ ਪਰਮਾਤਮਾ ਨੂੰ ਨਹੀਂ ਸਮਝਦਾ"{ਜੀ.ਜੀ.ਐਸ. 224}, ਅਤੇ,

"ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਮਰੇ ਹੋਏ ਨੂੰ ਸਤਾਉਣ ਵਾਲੇ ਹਨ, ਜਿਵੇਂ ਕਿ ਸਾਰਾ ਵਿਸ਼ਵ ਸਤਾਇਆ ਹੋਇਆ ਹੈ; ਉਦੋਂ ਸਿਰਫ ਉਹ ਹੀ ਜੋ ਰੱਬ ਨੂੰ ਸਮਝਦੇ ਹਨ ਅਤੇ ਗੁਰੂਆਂ ਦੇ ਸ਼ਬਦ ਉੱਤੇ ਕੰਮ ਕਰਦੇ ਹਨ, ਮੁਕਤੀ ਪ੍ਰਾਪਤ ਕਰਦੇ ਹਨ"{ਜੀ.ਜੀ.ਐਸ. 1127}।

ਗੁਰੂ ਨਾਨਕ ਨੇ ਹਿੰਦੂਆਂ ਦੇ ਪੂਜਾ ਕਰਨ ਦੇ ਢੰਗ ਦੀ ਨਿੰਦਾ ਕੀਤੀ ਅਤੇ ਉਸਨੂੰ ਨਾਮੰਜ਼ੂਰ ਕੀਤਾ – "ਹਿੰਦੂ ਰੱਬ ਨੂੰ ਭੁਲ ਚੁੱਕੇ ਹਨ ਅਤੇ ਗ਼ਲਤ ਰਾਹ ਤੇ ਜਾ ਰਹੇ ਹਨ; ਜਿਵੇਂ ਨਾਰਦ ਨੇ ਹਿਦਾਇਤਾਂ ਦਿੱਤੀਆਂ, ਇਸਲਈ ਉਹ ਮੂਰਤੀਆਂ ਦੀ ਪੂਜਾ ਕਰਦੇ ਹਨ; ਉਹ ਅੰਨ੍ਹੇ ਹਨ, ਬਹਿਰੇ ਹਨ, ਅਤੇ ਬਿਨਾਂ ਕਿਸੇ ਸਮਝਦਾਰੀ ਦੇ ਬੇ-ਧਿਆਨੇ ਹਨ, ਪੱਥਰ ਲੈ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ; ਇਹ ਪੱਥਰ, ਜਦੋਂ ਇਹ ਆਪ ਹੀ ਡੁਬ ਜਾਂਦੇ ਹਨ ਇਹ ਦੂਜਿਆਂ ਨੂੰ ਕਿਵੇਂ ਪਾਰ ਲੰਘਾ ਸਕਦੇ ਹਨ"{ਜੀ.ਜੀ.ਐਸ. 506}; ਅਤੇ,

"ਹਿੰਦੂ ਪੱਥਰਾਂ ਨੂੰ ਇਸ਼ਨਾਨ ਕਰਾਉਂਦੇ ਹਨ, ਉਨ੍ਹਾਂ ਨੂੰ ਧੋਂਦੇ ਅਤੇ ਉਨ੍ਹਾਂ ਦੀ ਪੂਜਾ ਕਰਦੇ ਹਨ, ਪਰਮਾਤਮਾ ਦੇ ਨਾਲ ਰੰਗੇ ਬਿਨਾਂ, ਇਹ ਭ੍ਰਸ਼ਟ ਰਹਿੰਦੇ ਹਨ" {ਜੀ.ਜੀ.ਐਸ. 904}।

ਸਿੱਖ ਗੁਰੂਆਂ ਨੇ ਹਿੰਦੂਆਂ ਦੇ ਸਾਰੇ ਪਵਿੱਤਰ ਲੇਖਾਂ ਦਾ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਰੱਬ ਦਾ ਪ੍ਰਚਾਰ ਨਹੀਂ ਕਰਦੇ ਅਤੇ ਰੱਬ ਦੀ ਹਕੀਕਤ ਤੱਕ ਨਹੀਂ ਪਹੁੰਚਦੇ। ਸਿੱਖੀ ਦੇ ਬਾਨੀ, ਗੁਰੂ ਨਾਨਕ ਸਾਹਿਬ ਨੇ ਐਲਾਨ ਕੀਤਾ – ਵੇਦ ਪਰਮਾਤਮਾ ਬਾਰੇ ਗਲਾਂ ਕਰਦਾ ਹੈ ਅਤੇ ਪਰਮਾਤਮਾ ਨੂੰ ਸਮਝਦਾ ਹੈ ਪਰ ਆਪਣੀ ਹੱਦਾਂ ਨਹੀਂ ਜਾਣਦਾ; ਸ਼ਸਤਰ ਦੇ ਛੇ ਸਿਧਾਂਤ ਹਨ ਪਰ ਉਸ ਰਾਹੀਂ ਕੋਈ ਵੀ ਪਰਮਾਤਮਾ ਨਾਲ ਨਹੀਂ ਜੁੜਦਾ" {ਜੀ.ਜੀ.ਐਸ. 148}, ਅਤੇ,

"ਅਠਾਰ੍ਹਾਂ ਪੁਰਾਣ ਅਤੇ ਚਾਰ ਵੇਦ ਰੱਬ ਦੇ ਰਾਜ ਨਹੀਂ ਜਾਣਦੇ" {ਜੀ.ਜੀ.ਐਸ. 355}, ਅਤੇ,

"ਸ਼ਸਤਰ ਅਤੇ ਵੇਦ ਮਨੁੱਖ ਨੂੰ ਭੌਤਿਕਵਾਦ ਦੇ ਤਿੰਨ ਰੂਪਾਂ ਵਿਚ ਬੰਨ ਦਿੰਦਾ ਹੈ, ਅਤੇ ਉਹ ਅੰਨ੍ਹੇ ਕੰਮ ਕਰਨ ਲਗ ਪੈਂਦਾ ਹੈ" {ਜੀ.ਜੀ.ਐਸ. 1126}।

ਗੁਰੂ ਅਮਰ ਦਾਸ ਜੀ, ਸਿੱਖਾਂ ਦੇ ਤੀਜੇ ਗੁਰੂ ਨੇ ਹਿੰਦੂਆਂ ਦੇ ਧਾਰਮਕ ਲੇਖਾਂ ਦਾ ਖੰਡਨ ਕਰਦਿਆਂ ਇਹ ਟਿੱਪਣੀ ਕੀਤੀ ਹੈ ਕਿ "ਹਿੰਦੂ ਸਿਮਿਰਤੀ, ਸ਼ਸਤਰ ਅਤੇ ਵੇਦਾਂ ਦਾ ਉੱਚਾਰਣ ਕਰਦੇ ਹਨ ਪਰ ਇਸ ਸ਼ਕ ਨਾਲ ਧੋਖਾ ਦਿੰਦੇ ਹਨ ਕਿ ਉਹ ਸਚਾਈ ਅਤੇ ਹਕੀਕਤ ਨੂੰ ਨਹੀਂ ਸਮਝਦੇ; ਬਿਨਾਂ ਗੁਰਬਾਣੀ ਦੀ ਰੱਬੀ ਸੋਚ ਦਾ ਅਨੁਸਰਣ ਕੀਤੇ, ਮਨੁੱਖ ਹਕੀਕਤ ਨਹੀਂ ਸਮਝਦਾ ਅਤੇ ਉਸਨੂੰ ਸ਼ਾਂਤੀ ਨਹੀਂ ਮਿਲਦੀ, ਸਿਰਫ ਦੁਖ ਅਤੇ ਦੁਖ ਹੀ ਕਮਾਉਂਦਾ ਹੈ"। {ਜੀ.ਜੀ.ਐਸ. 113}

ਗੁਰੂ ਅਰਜਨ ਦੇਵ ਜੀ, ਸਿੱਖਾਂ ਦੇ 5ਵੇਂ ਗੁਰੂ ਨੈ ਹਿੰਦੂਆਂ ਦੇ ਧਾਰਮਕ ਲੇਖਾਂ ਦਾ ਖੰਡਨ ਕੀਤਾ "ਉੱਥੇ" ਕਾਫੀ ਸਾਰੇ ਸਮਿਰਿਤਿਆਂ ਅਤੇ ਸ਼ਸਤਰ ਹਨ ਜਿਨ੍ਹਾਂ ਨੂੰ ਮੈਂ ਬੜੇ ਹੀ ਧਿਆਨ ਨਾਲ ਪੜਿਆ ਹੈ; ਪਰ ਉਨ੍ਹਾਂ ਵਿਚੋਂ ਕੋਈ ਵੀ ਅਨਮੋਲ ਪਰਮਾਤਮਾ ਦੇ ਨਾਂ ਤੱਕ ਨਹੀਂ ਪਹੁੰਚਦਾ ਜਾਂ ਉਸਦਾ ਪ੍ਰਚਾਰ ਨਹੀਂ ਕਰਦਾ"।{ਸੁਖਮਣੀ ਸਾਹਿਬ}

ਗੁਰੂ ਗੋਬਿੰਦ ਸਿੰਘ, ਦਸਵੀਂ ਸਿੱਖ ਪਾਤਸ਼ਾਹੀ, ਨੇ ਸਾਰੇ ਹਿੰਦੂ ਦੇਵਤਾਵਾਂ ਅਤੇ ਉਨ੍ਹਾਂ ਦੀ ਪੂਜਾ ਅਤੇ ਧਾਰਮਕ ਲੇਖਾਂ ਦਾ ਖੰਡਨ ਕੀਤਾ – "ਰਾਮ, ਰਹੀਮ, ਪੁਰਾਨ, ਕੁਰਾਨ ਨੇ ਕਾਫੀ ਵਿਚਾਰ ਰੱਖੇ ਪਰ ਮੈਂ ਉਨ੍ਹਾਂ ਵਿਚੋਂ ਕਿਸੇ ਨੂੰ ਸਵੀਕਾਰ ਨਹੀਂ ਕਰਦਾ; ਸਮਿਰਿਤਿਆਂ, ਸ਼ਸਤਰਾਂ ਅਤੇ ਵੇਦਾਂ ਨੇ ਕਾਫੀ ਰਾਜ਼ਾਂ ਦਾ ਵਰਣਨ ਕੀਤਾ ਪਰ ਮੈਂ ਕਿਸੇ ਨੂੰ ਮਾਨਤਾ ਨਹੀਂ ਦਿੰਦਾ"{ਸਵਾਯਾ}। ਸਿੱਖ ਗੁਰੂਆਂ ਦੇ ਇਹ ਰੂਹਾਨੀ ਐਲਾਨ ਸਪਸ਼ਟ ਰੂਪ ਵਿਚ ਇਹ ਸਿੱਧ ਕਰਦੇ ਹਨ ਕਿ ਉਨ੍ਹਾਂ ਨੂੰ ਹਿੰਦੂ ਧਰਮ ਵਿਚ ਵਿਸ਼ਵਾਸ ਨਹੀਂ ਸੀ ਅਤੇ ਕਿ ਉਨਾਂ ਦਾ ਧਰਮ ਹਿੰਦੂ ਧਰਮ ਤੋਂ ਆਜ਼ਾਦ ਹੈ। ਸਿੱਖ ਗੁਰੂਆਂ ਨੇ ਪੂਰੀ ਤਰ੍ਹਾਂ ਹਿੰਦੂ ਦੇਵਤਾਵਾਂ ਅਤੇ ਉਨ੍ਹਾਂ ਦੀ ਪੂਜਾ, ਹਿੰਦੂ ਧਾਰਮਕ ਲੇਖ, ਹਿੰਦੂਆਂ ਦੇ ਰੀਤਿ ਰਿਵਾਜ ਅਤੇ ਹਿੰਦੂਆਂ ਦੀ ਭੇਦਭਾਵ ਦੀ ਪ੍ਰਣਾਲੀ ਦਾ ਖੰਡਨ ਕੀਤਾ। ਸਿੱਖ ਗੁਰੂਆਂ ਨੇ ਬਲਕਿ ਆਪਣੇ ਆਜ਼ਾਦ ਅਤੇ ਵੱਖਰੇ ਸੰਪੂਰਣ ਵਿਸ਼ਵ ਵਿਚ ਪ੍ਰਚਾਰਿਤ ਕੀਤੇ ਗਏ ਧਰਮ ਨੂੰ ਮੌਜੂਦਾ ਸਮੇਂ ਦੀ ਸਮੁੱਚੀ ਮਾਨਵਤਾ ਲਈ ਪੇਸ਼ ਕੀਤਾ, ਜੋ ਅੱਜ ਦੇ ਵਿਕਸਿਤ ਵਿਗਿਆਨਕ ਅਤੇ ਨਿਆਂ ਕਰਨ ਵਾਲੇ ਦਿਮਾਗ਼ ਨੂੰ ਸੰਤੁਸ਼ਟ ਕਰਦਾ ਹੈ।

ਵਿਸ਼ਵ ਦੇ ਧਰਮਾਂ ਦੇ ਮਹਾਨ ਅਮਰੀਕੀ ਵਿਦਵਾਨ, ਐਚ.ਐਲ. ਬ੍ਰੈਡਸ਼ਾੱ ਨੇ ਸਹੀ ਟਿੱਪਣੀ ਕੀਤੀ, "ਸਿੱਖ ਧਰਮ ਮੌਜੂਦਾ ਸਮੇਂ ਦਾ ਵਿਸ਼ਵ-ਵਿਆਪੀ ਧਰਮ ਹੈ। ਸਿੱਖ ਧਰਮ ਸੱਚ ਵਿਚ ਆਧੁਨਿਕ ਮਨੁੱਖ ਦੀਆਂ ਮੁਸ਼ਕਲਾਂ ਦਾ ਜਵਾਬ ਹੈ"{ਸਿੱਖੀ-ਸਿੱਖ ਨਿਰੀਖਣ, ਕਲਕੱਤਾ}।

ਮਹਾਨ ਬ੍ਰਿਟਿਸ਼ ਵਿਦਵਾਨ ਮੈਕਸ ਆਰਥਰ ਮੈਕਾੱਲਿਫ ਨੇ ਬਿਆਨ ਕੀਤਾ, "ਸਿੱਖ ਧਰਮ ਤੋਂ ਇਲਾਵਾ ਮਹਾਨ ਹਕੀਕਤ ਜਾਂ ਵਿਆਪਕ ਨੈਤਿਕ ਪ੍ਰਣਾਲੀ ਵਾਲੇ ਧਰਮ ਨੂੰ ਲਭਣਾ ਔਖਾ ਹੋਵੇਗਾ"।

ਡੰਕਨ ਗਰੀਨਲੇਜ਼, ਮਹਾਨ ਵਿਦਵਾਨ ਨੇ ਬਿਆਨ ਕੀਤਾ, "ਸਿੱਖ ਧਰਮ ਮੁਖੌਟਾ ਬਦਲਿਆ ਹੋਇਆ ਹਿੰਦੂ ਸੰਪ੍ਰਦਾਇ ਨਹੀਂ ਹੈ। ਇਹ ਵਿਸ਼ਵ

ਦੇ ਹੋਰ ਧਰਮਾਂ ਦੇ ਵਾਂਗ ਇੱਕ ਵੱਖਰਾ ਧਰਮ ਹੈ"।{ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ, ਸਫਾ 216}।

ਡੌਰੋਥੀ ਫੀਲਡ, ਮਹਾਨ ਵਿਦਵਾਨ ਨੇ ਬਿਆਨ ਕੀਤਾ, "ਸਿੱਖ ਧਰਮ ਨਵੇਂ ਜਮਾਨੇ ਦਾ ਇੱਕ ਅਲਜ਼ ਧਰਮ ਹੈ ਅਤੇ ਹਿੰਦੂ ਧਰਮ ਦਾ ਪੁਨਰਗਠਿਤ ਸੰਪ੍ਰਦਾਇ ਨਹੀਂ ਹੈ"।{ਸਿੱਖਾਂ ਦੇ ਧਰਮ, ਸਫਾ 34}।

3. ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ, ਸਿੱਖਾਂ ਦੇ ਦੋ ਤਖ਼ਤਾਂ ਵਿਖੇ ਪਵਿੱਤਰ ਦਸ਼ਮ ਗ੍ਰੰਥ ਵਲੋਂ ਗੁਰਬਾਨੀ ਦੇ ਰੋਜ਼ਾਨਾ ਉੱਚਾਰਣ ਨੇ ਸ਼ਕ ਦੇ ਘੇਰੇ ਤੋਂ ਬਾਹਰ ਇਹ ਸਿੱਧ ਕਰ ਦਿੱਤਾ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ। ਇਸ ਦਾਅਵੇ ਵਿਚ ਕੋਈ ਤਰਕ ਨਹੀਂ ਹੈ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ, ਸਿੱਖਾਂ ਦੇ ਦੋ ਤਖ਼ਤਾਂ ਵਿਖੇ ਪਵਿੱਤਰ ਦਸ਼ਮ ਗ੍ਰੰਥ ਵਲੋਂ ਗੁਰਬਾਨੀ ਦੇ ਰੋਜ਼ਾਨਾ ਉੱਚਾਰਣ ਨੇ ਸ਼ਕ ਦੇ ਘੇਰੇ ਤੋਂ ਬਾਹਰ ਇਹ ਸਿੱਧ ਕਰ ਦਿੱਤਾ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ। ਇਹ ਇਕ ਬੇਤੁਕੀ ਧਾਰਨਾ ਹੈ ਕਿਉਂ ਜੋ ਸਿੱਖਾਂ ਨੇ ਸ਼ੁਰੂ ਤੋਂ ਹੀ ਦਸ਼ਮ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮੰਨਦੇ ਹੋਏ ਸਵੀਕਾਰ ਨਹੀਂ ਕੀਤਾ ਹੈ। ਇਸ ਵਿਚ ਹਿੰਦੂ ਧਰਮ ਦੇ ਪੌਰਾਣਿਕ ਸਾਹਿਤ ਦੀਆਂ ਕੁਝ ਰਚਨਾਵਾਂ ਅਤੇ ਮਾਰਕੰਡੇ ਪੁਰਾਨ ਦਾ ਅਨੁਵਾਦ ਸ਼ਾਮਲ ਹੈ, ਜੋ ਸਿੱਖੀ ਸੋਚ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਪ ਦੇ ਰੂਹਾਨੀ ਭਜਨਾਂ ਦੇ ਬਿਲਕੁਲ ਵਿਰੁੱਧ ਹੈ। ਇਹ ਰਚਨਾਵਾਂ ਕੁਝ ਹਿੰਦੂ ਕਵੀਆਂ ਦੀ ਹੈ, ਜਿਨ੍ਹਾਂ ਨੂੰ ਉਲਝਨ ਪੈਦਾ ਕਰਨ ਲਈ ਦਸ਼ਮ ਗ੍ਰੰਥ ਵਿਚ ਬ੍ਰਹਮਾ ਦੀ ਪੂਜਾ ਵਿਧੀ ਨਾਲ ਬਿਠਾਇਆ ਗਿਆ ਸੀ। ਗੁਰੂ ਗੋਬਿੰਦ ਸਿੰਘ ਮੰਨਦੇ ਸੀ ਕਿ ਉਨ੍ਹਾਂ ਨੇ ਦਸ਼ਮ ਗ੍ਰੰਥ ਇਕੱਠਾ ਨਹੀਂ ਕੀਤਾ ਸੀ। ਇਹ 1708 ਏ.ਡੀ. ਵਿਚ ਗੁਰੂ ਗੋਬਿੰਦ ਸਿੰਘ ਦੇ ਜਯੋਤੀ ਜੋਤ ਸਮਾਉਣ ਤੋਂ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਦੇ ਬਾਅਦ ਅੱਗੇ ਲਿਆਇਆ ਗਿਆ ਸੀ। ਇਹ ਪੱਕੀ ਤਰ੍ਹਾਂ ਜਾਣੂ ਨਹੀਂ ਹੈ ਕਿ ਇਹ ਰਚਨਾਵਾਂ ਕਿਸ ਵਲੋਂ ਪ੍ਰਚਲਿਤ ਕੀਤੀਆਂ ਗਈਆਂ ਸਨ। ਸਿੱਖ ਉਸ ਵੇਲੇ ਮੁਗ਼ਲਾਂ ਨਾਲ ਹਥਿਆਰਬੰਦ ਝਗੜਿਆਂ ਵਿਚ ਸਨ ਅਤੇ ਇਸਲਈ ਉੱਥੇ ਸਿੱਖ ਧਰਮ ਦੇ ਵਿਰੋਧੀਆਂ ਕੋਲ ਇਹੋ ਜਿਹੀ ਝੂਠੀਆਂ ਧਾਰਨਾਵਾਂ ਬਨਾਉਣ ਲਈ ਵਾਧੂ ਸਮਾਂ ਸੀ। ਚਾਂਦੀ ਚਰਿਤਰ ਅਤੇ ਚਾਂਦੀ ਦੀਵਾਰ, ਦੇਵੀ ਦੁਰਗਾ ਦੀ ਪ੍ਰਸ਼ੰਸਾ ਵਿਚ ਇਕ ਹਿੰਦੂ ਰਿਸ਼ੀ ਮਾਰਕੰਡੇ ਵਲੋਂ ਸੰਸਕ੍ਰਿਤ ਵਿਚ ਲਿਖੇ ਮਾਰਕੰਡੇ ਪੁਰਾਨ ਦੇ ਅਧਿਆਇ 81-94 ਦੇ ਅਨੁਵਾਦ ਹਨ। ਇਹ ਗੁਰੂ ਗੋਬਿੰਦ ਸਿੰਘ ਨੂੰ ਇਨ੍ਹਾਂ ਰਚਨਾਵਾਂ ਨਾਲ ਜੋੜੇ ਜਾਣ ਨੂੰ ਝੂਠਾ ਸਾਬਿਤ ਕਰਦਾ ਹੈ। ਕੁਝ ਹੋਰ ਰਚਨਾਵਾਂ ਸਿੱਖ ਧਰਮ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੇ ਬਿਲਕੁਲ ਵਿਰੁੱਧ ਹਨ। ਇਹੋ ਜਿਹੇ ਕਥਨਾਂ ਪਿੱਛੇ ਬ੍ਰਾਹਮਣ ਦਿਮਾਗ਼ ਹੋ ਸਕਦਾ ਹੈ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹਮੇਸ਼ਾ ਆਪਣੀ ਵੱਖਰੀ ਪਛਾਣ ਬਣਾ ਕੇ ਰਹਿਣ ਅਤੇ ਬ੍ਰਾਹਮਣਾਂ ਦੇ ਰੀਤਿ ਰਿਵਾਜਾਂ ਦਾ ਪਾਲਨ ਨਾ ਕਰਨ ਲਈ ਸਾਵਧਾਨ ਕੀਤਾ ਸੀ। ਇਹ ਸੰਸਕ੍ਰਿਤ ਪੌਰਾਣਿਕ ਸਾਹਿਤ ਜ਼ਿਆਦਾਤਰ ਬ੍ਰਾਹਮਣ ਪ੍ਰਥਾ ਪਾਲਨ ਲਈ ਜਾਣੇ ਜਾਂਦੇ ਸਨ। ਸਿੱਖ ਧਰਮ ਨੇ ਇਸ ਸ਼੍ਰੇਣੀ ਦੀ ਆਪ-ਐਲਾਨੀ ਉੱਚਤਾ ਨੂੰ ਸਭ ਤੋਂ ਵੱਧ ਦੁਖ ਪਹੁੰਚਾਇਆ ਸੀ ਅਤੇ ਧਰਮ ਦੇ ਨਾਂ ਵਿਚ ਇਸ ਹਿੰਦੂ ਬ੍ਰਾਹਮਣ ਸ਼੍ਰੇਣੀ ਵਲੋਂ ਗਰੀਬ ਨਿਰਦੋਸ਼ ਜਨਤਾ ਦੇ ਸ਼ੋਸ਼ਣ ਨੂੰ ਖ਼ਾਤਮੇ ਤੇ ਲੈ ਆਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਚਿਰਸਥਾਈ ਅਮਰ ਗੁਰੂ ਮੰਨਣ ਦਾ ਹੁਕਮ ਦਿੱਤਾ, ਜਿਸ ਵਿਚ ਪਰਮਾਤਮਾ ਦਾ ਪ੍ਰਚਾਰ ਕਰਨ ਵਾਲੇ ਸ਼ਬਦ ਸਨ। ਇਹ ਪੂਰੀ ਤਰ੍ਹਾਂ ਹਿੰਦੂ ਦੇਵੀ-ਦੇਵਤਾਵਾਂ ਅਤੇ ਉਨ੍ਹਾਂ ਦੀ ਪੂਜਾ ਅਤੇ ਮੂਰਤੀ ਪੂਜਾ ਦਾ ਖੰਡਨ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਪਰਮਾਤਮਾ ਦੇ ਨਾਮ ਦਾ ਪ੍ਰਚਾਰ ਕਰਦਾ ਹੈ (ਇਕ ਤੇ ਸਿਰਫ ਇਕ, ਬਿਨਾਂ ਆਕਾਰ ਦੇ, ਅਨਜੰਮਿਆ ਅਤੇ ਆਪ ਪ੍ਰਕਾਸ਼ਿਤ ਹੋਇਆ) ਜਿਸਨੂੰ ਇਕ ਦੇ ਦਿਮਾਗ ਵਿਚ ਭਰਨ ਦੀ ਲੋੜ ਹੈ। ਜੇ ਕੋਈ ਰਚਨਾ ਸਿੱਖ ਧਰਮ ਦੇ ਇਨ੍ਹਾਂ ਮੂਲ ਸਿਧਾਂਤਾਂ ਦੀ ਉਲੰਘਣਾ ਕਰਦੀ ਹੈ ਅਤੇ ਕਿਸੇ ਵੀ ਹਿੰਦੂ ਦੇਵੀ-ਦੇਵਤਾ ਜਾਂ ਉਸਦੀ ਪੂਜਾ ਦੀ ਪ੍ਰਸ਼ੰਸਾ ਕਰਦੀ ਹੈ ਤਾਂ ਇਹ ਕਦੇ ਵੀ ਕਿਸੇ ਸਿੱਖ ਗੁਰੂ ਦੀ ਨਹੀਂ ਹੋ ਸਕਦੀ ਅਤੇ ਇੱਥੇ ਤੱਕ ਕਿ ਸਿੱਖ ਧਰਮ ਦੇ ਕਿਸੇ ਸੱਚੇ ਅਨੁਯਾਈ ਦੀ ਵੀ ਨਹੀਂ ਹੋ ਸਕਦੀ। ਗੁਰੂ ਗ੍ਰੰਥ ਸਾਹਿਬ ਇਹੋ ਜਿਹੇ ਸੱਚੇ ਨਿਰਦੇਸ਼ਕ ਹਨ ਕਿ ਇਸ ਸੰਦਰਭ ਵਿਚ ਕਿਸੇ ਸਹੀ ਫੈਸਲੇ ਤੇ ਆਉਣਾ ਬਿਲਕੁਲ ਵੀ ਔਖਾ ਨਹੀਂ ਹੈ। ਦੇਵੀ ਦੁਰਗਾ, ਰਾਮ ਚੰਦਰ ਜਾਂ ਸ਼੍ਰੀ ਕ੍ਰਿਸ਼ਨ ਜਾਂ ਕਿਸੇ ਹੋਰ ਹਿੰਦੂ ਦੇਵਤਾ ਦੀ ਪ੍ਰਸ਼ੰਸਾ ਨਾਲ ਜੁੜੀਆਂ ਰਚਨਾਵਾਂ ਲਈ ਕਦੇ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਅਮਰੀਕੀ ਵਿਦਵਾਨ ਜੈਫ਼ਰੀ ਪਰਿੰਦਰ ਜਿਸਨੇ 'ਵਿਸ਼ਵ ਦੇ ਧਰਮ' ਕਿਤਾਬ ਲਿਖੀ ਨੂੰ ਸਫਾ 259 ਤੇ ਫ਼ੈਸਲਾ ਲਭਣ ਵਿਚ ਕੋਈ ਮੁਸ਼ਕਲ ਨਹੀਂ ਹੋਈ ਸੀ – "ਦਸ਼ਮ ਗ੍ਰੰਥ ਗੁਰੂ ਗੋਬਿੰਦ ਸਿੰਘ ਨਾਲ ਜੁੜੇ ਵਿਭਿੰਨ ਕੰਮਾਂ ਦਾ ਇਕ ਅਠਾਰ੍ਹਵੀਂ ਸ਼ਤਾਬਦੀ ਦਾ ਸੰਗ੍ਰਹਿ ਹੈ। ਕੁਝ ਰਚਨਾਵਾਂ ਦੇ ਮਾਮਲੇ ਵਿਚ ਜੋੜਨਾ ਇੱਕਦਮ ਸਹੀ ਲਗਦਾ ਹੈ, ਪਰ ਹਿੰਦੂ ਪੌਰਾਣਿਕ ਸਾਹਿਤ ਅਤੇ ਔਰਤਾਂ ਦੇ ਧੋਖੇ ਦੀ ਕਥਾਵਾਂ ਦਾ ਕਾਫੀ ਸਾਰਾ ਸੰਗ੍ਰਹਿ, ਮੁਮਕਿਨ ਹੈ ਕਿ ਉਨ੍ਹਾਂ ਦਾ ਕੰਮ ਨਹੀਂ ਹੋ ਸਕਦਾ"। ਸਿੱਖ ਧਰਮ ਦੇ ਕਈ ਹੋਰ ਵਿਦਵਾਨ ਵੀ ਇਸੇ ਨਤੀਜੇ ਤੇ ਪਹੁੰਚੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰੂਹਾਨੀ ਕੀਰਤਨਾਂ ਵਿਚ ਸਾਰੇ ਹਿੰਦੂ ਦੇਵੀ-ਦੇਵਤਾ, ਧਾਰਮਕ ਲੇਖ, ਰੀਤਿ ਰਿਵਾਜ ਅਤੇ ਹਿੰਦੂ ਜਾਤ ਪ੍ਰਣਾਲੀ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਹੈ। ਇਸ ਦੀ ਬਜਾਏ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਰਾਸ਼ਟਰ ਦੀ ਸਥਾਪਨਾ ਨੂੰ ਪੂਰਾ ਕਰਨ ਲਈ ਸਿੱਖ ਨੂੰ ਇੱਕ ਅਲਗ ਪਛਾਣ ਦਿੱਤੀ। ਸਿੱਖ ਰਾਸ਼ਟਰ ਨੂੰ ਇੰਨ੍ਹਾ ਆਜ਼ਾਦ ਅਤੇ ਤਾਕਤਵਰ ਬਣਾਇਆ ਗਿਆ ਸੀ ਕਿ ਇਸਨੇ ਉੱਤਰ ਭਾਰਤ ਵਿਚ ਸਿੱਖ ਸਾਮਰਾਜ ਸਥਾਪਿਤ ਕੀਤਾ।

ਦਸ਼ਮ ਗ੍ਰੰਥ ਵਿਚ ਹਿੰਦੂ ਪੌਰਾਣਿਕ ਸਾਹਿਤ ਦੇ ਬੇਈਮਾਨ ਕਥਨਾਂ ਦਾ ਲਾਭ ਚੁੱਕਣਾ ਆਪਣੇ ਆਪ ਨੂੰ ਧੋਖਾ ਦੇਣਾ ਹੈ। ਮਹਾਨ ਗੁਰੂ ਦੀ ਅਸਲੀ ਰਚਨਾਵਾਂ ਬਲਕਿ ਬਿਨਾਂ ਸ਼ਕ ਦੀ ਪਰਛਾਈ ਦੇ ਇਹ ਸਿੱਧ ਕਰਦੀਆਂ ਹਨ ਕਿ ਸਿੱਖ ਧਰਮ ਆਪਣੀ ਵੱਖਰੀ ਪਛਾਣ, ਧਾਰਮਕ ਕਿਰਿਆਵਾਂ ਅਤੇ ਅਨੋਖੇ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਦੇ ਨਾਲ ਇੱਕ ਅਲਗ ਆਜ਼ਾਦ ਧਰਮ ਹੈ। ਦਰਅਸਲ, ਇਹ ਉਸ ਮਹਾਨ ਗੁਰੂ ਦੀ ਨਿਰਦੇਸ਼ਿਤ ਪਛਾਣ ਅਤੇ ਆਦਰਸ਼ ਜ਼ਾਬਤਾ ਹੈ ਜੋ ਕੁਝ ਮੂਲ-ਭੂਤ ਹਿੰਦੂਆਂ ਵਲੋਂ ਬਾਰ-ਬਾਰ ਸਿੱਖਾਂ ਨੂੰ ਗ਼ਲਤ ਢੰਗ ਨਾਲ ਹਿੰਦੂਆਂ ਦਾ ਹਿੱਸਾ ਕਹਿ ਕੇ ਪੇਸ਼ ਕਰਨ ਦੀ ਘਟੀਆ ਕਿਰਿਆਵਾਂ ਨੂੰ ਅਸਫਲ ਬਨਾਉਣ ਲਈ ਚੱਟਾਨ ਬਣ ਕੇ ਖੜਾ ਹੈ।

4. ਬ੍ਰਿਟਿਸ਼ ਸ਼ਾਸਨ ਕਾਲ ਵਿਚ ਦੇਸ਼ ਦੀ ਪਹਿਲੀ ਜਨ-ਗਣਨਾ ਵਿਚ ਸਿੱਖਾਂ ਨੇ ਜਨ-ਗਣਨਾ ਅਧਿਕਾਰੀਆਂ ਨੂੰ ਆਪਣੇ ਆਪ ਨੂੰ "ਹਿੰਦੂ

ਅਤੇ ਸਿੱਖ" ਦੋਹਾਂ ਦੇ ਰੂਪ ਵਿਚ ਦਰਜ ਕਰਨ ਲਈ ਕਿਹਾ ਸੀ, ਪਰ ਅਜੇ ਵੀ ਉਹ ਇਕੱਲੇ ਸਿੱਖਾਂ ਦੇ ਹੀ ਰੂਪ ਵਿਚ ਦਰਜ ਕੀਤੇ ਗਏ ਸੀ ਕਿਉਂ ਜੋ ਅੰਗਰੇਜਾਂ ਨੇ ਆਪਣੇ ਨਿਜੀ ਸੁਆਰਥ ਲਈ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਖਾਈ ਬਣਾ ਦਿੱਤੀ ਸੀ। ਇਹ ਵੀ ਗ਼ਲਤ ਬਿਆਨ ਹੈ ਕਿ ਬ੍ਰਿਟਿਸ਼ ਸ਼ਾਸਨ ਕਾਲ ਵਿਚ ਸਿੱਖਾਂ ਨੇ ਜਨ-ਗਣਨਾ ਅਧਿਕਾਰੀਆਂ ਨੂੰ ਆਪਣੇ ਆਪ ਨੂੰ ਹਿੰਦੂ ਅਤੇ ਸਿੱਖ ਦੋਹਾਂ ਦੇ ਰੂਪ ਵਿਚ ਦਰਜ ਕਰਨ ਲਈ ਕਿਹਾ ਸੀ, ਪਰ ਅੰਗਰੇਜਾਂ ਨੇ ਆਪਣੇ ਨਿਜੀ ਸੁਆਰਥ ਲਈ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਖਾਈ ਬਨਾਉਣ ਲਈ ਉਨ੍ਹਾਂ ਨੂੰ ਇਕੱਲੇ ਸਿੱਖਾਂ ਦੇ ਹੀ ਰੂਪ ਵਿਚ ਦਰਜ ਕੀਤਾ। ਉੱਥੇ ਕੋਈ ਕਾਰਣ ਨਹੀਂ ਹੋ ਸਕਦਾ ਸੀ ਕਿ ਸਿੱਖ ਆਪਣੇ ਆਪ ਨੂੰ ਸਿੱਖ ਅਤੇ ਹਿੰਦੂ ਦੋਹਾਂ ਦੇ ਰੂਪ ਵਿਚ ਦਰਜ ਕਰਵਾਉਣ ਕਿਉਂ ਜੋ ਇੱਕ ਮਨੁੱਖ ਦੋ ਧਰਮ ਨਹੀਂ ਰੱਖ ਸਕਦਾ। ਸਿੱਖਾਂ ਨੇ ਆਪਣੇ ਆਪ ਨੂੰ ਕਦੇ ਹਿੰਦੂ ਧਰਮ ਦਾ ਹਿੱਸਾ ਨਹੀਂ ਮੰਨਿਆ ਅਤੇ ਇਸਲਈ ਉਨ੍ਹਾਂ ਨੇ ਆਪਣੇ ਆਪ ਨੂੰ ਸਹੀ ਤਰ੍ਹਾਂ ਸਿੱਖ ਵਜੋਂ ਦਰਜ ਕਰਵਾਇਆ। ਉੱਚੇ ਅਹੁਦਿਆਂ ਤੇ ਬ੍ਰਿਟਿਸ਼ ਅਫਸਰਾਂ ਨਾਲ ਇਸ ਜਨ-ਗਣਨਾ ਨੂੰ ਖੇਤਰ ਵਿਚ ਜਾ ਕੇ ਦਰਜ ਕਰਨ ਵਾਲੇ ਜ਼ਿਆਦਾਤਰ ਹਿੰਦੂ ਸਨ। ਜੇ ਸਹੀ ਵਿਚ ਬ੍ਰਿਟਿਸ਼ ਅਫਸਰਾਂ ਨੇ ਜਨ-ਗਣਨਾ ਦਰਜ ਕਰਨ ਵਾਲਿਆਂ ਨੂੰ ਇਹ ਨਿਰਦੇਸ਼ ਦਿੱਤੇ ਸਨ ਕਿ ਸਿੱਖਾਂ ਨੂੰ ਸਿਰਫ ਸਿੱਖ ਵਜੋਂ ਹੀ ਦਰਜ ਕੀਤਾ ਜਾਵੇ ਅਤੇ ਸਿੱਖ ਅਤੇ ਹਿੰਦੂ ਦੋਹਾਂ ਦੇ ਰੂਪ ਵਿਚ ਨਹੀਂ, ਜਿਵੇਂ ਕਿ ਆਰ.ਐਸ.ਐਸ. ਦੇ ਪ੍ਰਮੁੱਖ ਵਲੋਂ ਪੇਸ਼ ਕੀਤਾ ਗਿਆ ਸੀ, ਤਾਂ ਇਸਨੇ ਹਿੰਦੂ ਨੇਤਾਵਾਂ ਵਲੋਂ ਇਕ ਵਿਰੋਧੀ ਬਣਾਇਆ ਹੋਵੇਗਾ ਅਤੇ ਦਰਜ ਕਰਨ ਵਾਲਿਆਂ ਵਲੋਂ ਆਪਣੇ ਹੀ ਧਰਮ ਦੇ ਖ਼ਿਲਾਫ਼ ਇਹੋ ਜਿਹੇ ਗੈਰਕਾਨੂੰਨੀ ਨਿਰਦੇਸ਼ਾਂ ਦਾ ਪਾਲਨ ਕਰਨ ਲਈ ਇਨਕਾਰ ਕੀਤਾ ਗਿਆ ਹੋਵੇਗਾ। ਬ੍ਰਿਟਿਸ਼ ਦੀ ਹਿੰਦੂਆਂ ਨਾਲੋਂ ਸਿੱਖਾਂ ਨਾਲ ਕਈ ਜ਼ਿਆਦਾ ਦੁਸ਼ਮਣੀ ਸੀ। ਉਨ੍ਹਾਂ ਨੇ ਪੰਜਾਬ ਅਤੇ ਸਿੱਖ ਸਾਮਰਾਜ ਉੱਤੇ ਕਬਜਾ ਕਰਨ ਲਈ ਭਾਰਤ ਦੇ ਹਿੰਦੂਆਂ, ਜਿਨ੍ਹਾਂ ਉੱਤੇ ਅੰਗਰੇਜ ਬਹੁਤ ਪਹਿਲਾਂ ਹੀ ਕਬਜਾ ਕਰ ਚੁੱਕੇ ਸਨ, ਦੀ ਮਦਦ ਨਾਲ ਸਿੱਖਾਂ ਦੇ ਵਿਰੁੱਧ ਭਿਅੰਕਰ ਲੜਾਈਆਂ ਲੜੀਆਂ ਸਨ। ਹਿੰਦੂ ਬ੍ਰਾਕਮਣ ਅਤੇ ਡੋਗਰਾ, ਜੋ ਮਹਾਰਾਜਾ ਰਣਜੀਤ ਸਿੰਘ ਵਲੋਂ ਸਿੱਖ ਰਾਜ ਵਿਚ ਸਭ ਤੋਂ ਉੱਚੇ ਅਹੁਦਿਆਂ ਤੇ ਨਿਯੁਕਤ ਕੀਤੇ ਗਏ ਸਨ, ਨੇ ਸਿੱਖ ਰਾਜ ਨੂੰ ਧੋਖਾ ਦਿੱਤਾ ਅਤੇ ਸਿੱਖਾਂ ਅਤੇ ਅੰਗਰੇਜਾਂ ਵਿਚਕਾਰ ਲੜਾਈ ਵਿਚ ਅੰਗਰੇਜਾਂ ਨਾਲ ਮਿਲ ਗਏ। ਇਸ ਤਰ੍ਹਾਂ ਅੰਗਰੇਜ ਸਿੱਖਾਂ ਲਈ ਕਿਸੇ ਪਾਸੋਂ ਵੀ ਨਰਮ ਨਹੀਂ ਸਨ ਜਿਵੇਂ ਕਿ ਦਰਜ ਕੀਤੀ ਜਨ-ਗਣਨਾ ਵਿਚ ਉਨ੍ਹਾਂ ਨੂੰ ਇਕ ਅਲਗ ਪਛਾਣ ਦੇਣ ਲਈ, ਜੇ ਸਿੱਖਾਂ ਨੇ ਇਹ ਨਹੀਂ ਕਿਹਾ ਸੀ। ਇਹ ਕਥਨ ਇਸ ਤੱਥ ਤੋਂ ਬਿਲਕੁਲ ਝੂਠਾ ਸਾਬਿਤ ਹੋ ਜਾਂਦਾ ਹੈ ਕਿ 19ਵੀਂ ਸਦੀ ਵਿਚ ਸਿੱਖਾਂ ਨੇ ਸਰਵ-ਸੰਮਤੀ ਨਾਲ ਇਹ ਐਲਾਨ ਕੀਤਾ ਸੀ ਕਿ ਸਿੱਖ ਹਿੰਦੂਆਂ ਦਾ ਹਿੱਸਾ ਨਹੀਂ ਹਨ। ਭਾਈ ਕਾਹਨ ਸਿੰਘ ਨਾਭਾ, ਇਕ ਮਾਨਯੋਗ ਸਿੱਖ ਨੇਤਾ ਨੇ, ਆਰਯਾ ਸਮਾਜ ਅਤੇ ਇਸਦੇ ਨੇਤਾ ਦਯਾ ਨੰਦ ਵਲੋਂ ਕੀਤੇ ਗ਼ਲਤ ਪ੍ਰਚਾਰ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ, ਦੇ ਜਵਾਬ ਵਿਚ ਆਪਣੀ ਕਿਤਾਬ 'ਹਮ ਹਿੰਦੂ ਨਹੀ' ਪ੍ਰਕਾਸ਼ਿਤ ਕੀਤੀ। ਗਿਆਨੀ ਦਿੱਤ ਸਿੰਘ ਅਤੇ ਹੋਰ ਸਿੱਕ ਨੇਤਾਵਾਂ ਨੇ ਵੀ ਭਾਸ਼ਣਾਂ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਲੇਖ ਪ੍ਰਕਾਸ਼ਿਤ ਕੀਤੇ ਕਿ ਸਿੱਖ ਹਿੰਦੂ ਨਹੀਂ ਹਨ। ਦਯਾ ਨੰਦ, ਇਹ ਮਹਿਸੂਸ ਕਰਨ ਤੋਂ ਬਾਅਦ ਕਿ ਸਿੱਖ ਸਰਵ-ਸੰਮਤ ਨਾਲ ਉਸਦੇ ਬਿਆਨ ਦੇ ਵਿਰੁੱਧ ਹਨ ਅਤੇ ਉਨ੍ਹਾਂ ਨਾਲ ਖਿਝ ਗਏ ਸਨ, ਕਦੇ ਵਾਪਿਸ ਨਾ ਆਉਣ ਲਈ ਚੁਪ-ਚਾਪ ਪੰਜਾਬ ਛੱਡ ਕੇ ਚਲਾ ਗਿਆ। ਇਸਲਈ ਕਦੇ ਵੀ ਇਹ ਕਿਦਾਂ ਸੋਚਿਆ ਜਾ ਸਕਦਾ ਸੀ ਕਿ ਸਿੱਖਾਂ ਨੇ ਬ੍ਰਿਟਿਸ਼ ਜਨ-ਗਣਨਾ ਅਧਿਕਾਰੀਆਂ ਕੋਲ ਉਨ੍ਹਾਂ ਨੂੰ ਸਿੱਖ ਅਤੇ ਹਿੰਦੂ ਵਜੋਂ ਦਰਜ ਕਰਨ ਦੀ ਬੇਨਤੀ ਕੀਤੀ ਸੀ? ਸਿੱਖਾਂ ਨੇ ਬਲਕਿ ਦ੍ਰਿੜ੍ਹਤਾ ਨਾਲ ਉਨ੍ਹਾਂ ਨੂੰ ਸਿਰਫ ਸਿੱਖਾਂ ਵਜੋਂ ਹੀ ਦਰਜ ਕਰਨ ਲਈ ਕਿਹਾ ਸੀ। ਇਹ ਬਿਆਨ ਸਪਸ਼ਟ ਰੂਪ ਨਾਲ ਤਰਕਹੀਨ ਅਤੇ ਬੇਤੁਕਾ ਹੈ। ਇਤਿਹਾਸ ਵਿਚ ਦਰਜ ਹੈ ਕਿ ਸਿੱਖਾਂ ਨੇ ਸ਼ੁਰੂ ਤੋਂ ਹੁਣ ਤੱਕ ਪੂਰੀ ਦ੍ਰਿੜ੍ਹਤਾ ਨਾਲ ਆਪਣੀ ਵੱਖਰੀ ਪਛਾਣ ਬਨਾਏ ਰੱਖਣ ਲਈ ਉੱਚ ਬਲਿਦਾਨ ਦਿੱਤੇ ਸਨ; ਮੁਗ਼ਲ ਸ਼ਾਸਨ ਵਿਚ, ਬ੍ਰਿਟਿਸ਼ ਸ਼ਾਸਨ ਵਿਚ ਅਤੇ ਭਾਰਤ ਦੇ ਗਣਤੰਤਰ ਵਿਚ ਜਿਸ ਲਈ ਉਹ ਕਦੇ ਵੀ ਸਮਝੌਤਾ ਨਹੀਂ ਕਰ ਸਕਦੇ।

5. ਹਿੰਦੂ ਧਰਮ ਜੀਵਨ ਦੀ ਇਕ ਰਾਹ ਹੈ ਜਿਸਨੂੰ ਭਾਰਤ ਵਿਚ ਵਸਦੇ ਹਰ ਜੀਵ ਵਲੋਂ ਅਪਨਾਇਆ ਜਾਣਾ ਚਾਹੀਦਾ ਹੈ ਅਤੇ ਫਿਰ ਦੂਜੇ ਧਰਮ ਦੇ ਅਨੁਯਾਯੀ ਆਪਣੀਆਂ ਧਾਰਮਕ ਥਾਵਾਂ ਤੇ ਆਪਣੇ ਧਰਮ ਦੀ ਪੂਜਾ ਕਰਨ ਲਈ ਆਜ਼ਾਦ ਸਨ, ਅਤੇ ਭਾਰਤ ਵਿਚ ਕੋਈ ਨਾਬਾਲਗ਼ੀ ਨਹੀਂ ਹੈ ਜਿਵੇਂ ਕਿ ਹਿੰਦੂਆਂ ਦੇ ਰੂਪ ਵਿਚ ਸਾਰੇ ਇਸ ਮਿੱਟੀ ਦੇ ਪੁੱਤਰ ਹਨ। ਹਰ ਧਰਮ ਦੇ ਆਪਣੇ ਸਿਧਾਂਤ, ਵਿਚਾਰਧਾਰਾ ਅਤੇ ਧਾਰਮਕ ਕਿਰਿਆਵਾਂ ਹਨ, ਜੋ ਇਸਦੇ ਆਪਣੇ ਜੀਉਣ ਦੇ ਇਕ ਢੰਗ ਨੂੰ ਪੇਸ਼ ਕਰਦੇ ਹਨ। ਇਹ ਕਥਨ ਇੱਕਦਮ ਬੇਤੁਕਾ, ਤਰਕਹੀਨ ਅਤੇ ਗੈਰ ਸੰਵਿਧਾਨਕ ਹੈ ਕਿ ਹਿੰਦੂ ਧਰਮ ਜੀਉਣ ਦੀ ਇਕ ਰਾਹ ਹੈ ਜਿਸਨੂੰ ਭਾਰਤ ਵਿਚ ਵਸਦੇ ਹਰ ਜੀਵ ਵਲੋਂ ਅਪਨਾਇਆ ਜਾਣਾ ਚਾਹੀਦਾ ਹੈ ਅਤੇ ਫਿਰ ਦੂਜੇ ਧਰਮ ਦੇ ਅਨੁਯਾਯੀ ਆਪਣੀਆਂ ਧਾਰਮਕ ਥਾਵਾਂ ਤੇ ਆਪਣੇ ਧਰਮ ਦੀ ਪੂਜਾ ਕਰਨ ਲਈ ਆਜ਼ਾਦ ਹਨ। ਭਾਰਤ ਵਿਚ ਵਸਦੇ ਲੋਕਾਂ ਲਈ ਜੋ ਹਿੰਦੂ ਧਰਮ ਦੇ ਅਨੁਯਾਯੀ ਨਹੀਂ ਹਨ, ਆਪਣੀ ਵਿਅਕਤੀਗਤ ਧਾਰਮਕ ਥਾਵਾਂ ਤੇ ਪੂਜਾ ਕਰਨ ਲਈ, ਹਿੰਦੂ ਧਰਮ ਨੂੰ ਪ੍ਰਾਥਮਿਕਤਾ ਤੇ ਜੀਉਣ ਦਾ ਢੰਗ ਸਵੀਕਾਰ ਕਰਨ ਦੀ ਸ਼ਰਤ ਕਿਵੇਂ ਰੱਖੀ ਜਾ ਸਕਦੀ ਹੈ?

ਭਾਰਤ ਵਿਚ ਵਸਦੇ ਹਰ ਕਿਸੇ ਨੂੰ ਆਪਣੀ ਧਾਰਮਕ ਕਿਰਿਆਵਾਂ ਕਰਨ ਦੀ ਪੂਰੀ ਆਜ਼ਾਦੀ ਹੈ, ਜੋ ਉਸਦਾ ਮੂਲ਼-ਭੂਤ ਅਧਿਕਾਰ ਹੈ। ਧਰਮ ਦੀ ਆਜ਼ਾਦੀ ਸਭ ਤੋਂ ਮੂਲ ਮਾਨਵ ਅਧਿਕਾਰ ਹੈ ਜਿਸਨੂੰ ਭਾਰਤੀ ਸੰਵਿਧਾਨ ਅਤੇ ਦੁਨਿਆ ਦੇ ਹੋਰ ਦੇਸ਼ਾਂ ਵਿਚ ਮੂਲ-ਭੂਤ ਅਧਿਕਾਰ ਦੇ ਰੂਪ ਵਿਚ ਸਨਮਾਨਿਆ ਜਾਂਦਾ ਹੈ, ਜਿਵੇਂ ਕਿ ਧਰਮ-ਨਿਰਪੇਖਤਾ ਅਤੇ ਲੋਕਤੰਤਰ ਨੂੰ ਮੌਜੂਦਾ ਵਿਸ਼ਵ ਵਿਚ ਬਹੁਤ ਵੱਡੇ ਪੱਧਰ ਤੇ ਸਵੀਕਾਰ ਕੀਤਾ ਗਿਆ ਹੈ। ਇਕਤੰਤ੍ਰੀ ਸ਼ਾਸਨ ਦੇ ਬੀਤੇ ਦਿਨਾਂ ਵਿਚ ਵੀ, ਇਤਿਹਾਸ ਵਿਚ ਦਰਜ ਹੈ ਕਿ ਜਦੋਂ ਵੀ ਕਿਸੇ ਸ਼ਾਸਨ ਪ੍ਰਣਾਲੀ ਨੇ ਆਪਣੇ ਲੋਕਾਂ ਦੇ ਧਰਮ ਦੀ ਆਜ਼ਾਦੀ ਨਾਲ ਛੇੜਖਾਨੀ ਕੀਤੀ ਹੈ, ਉਸ ਸ਼ਾਸਨ ਪ੍ਰਣਾਲੀ ਨੇ ਬਹੁਤ ਜਲਦ ਹੀ ਆਪਣੇ ਪਤਨ ਦਾ ਸਾਮ੍ਹਣਾ ਕੀਤਾ ਹੈ। ਧਰਮ ਦੀ ਆਜ਼ਾਦੀ ਵਿਚ ਇਹੋ ਜਿਹਾ ਦਖ਼ਲ ਭਾਰਤ ਵਿਚ ਗੈਰਕਾਨੂੰਨੀ ਅਤੇ ਗੈਰ ਸੰਵਿਧਾਨਕ ਹੋਣ ਦੇ ਨਾਲ ਨਾਲ ਬਹੁਤ ਜ਼ਿਆਦਾ ਆਪੱਤੀਜਨਕ ਵੀ ਹੈ।

ਭਾਰਤ ਵਿਚ ਲੋਕਤਾਂਤ੍ਰਿਕ ਅਤੇ ਧਰਮ-ਨਿਰਪੇਖ ਪ੍ਰਣਾਲੀ ਹੈ। ਭਾਰਤ ਦੇ ਸੰਵਿਧਾਨ ਦਾ ਮੁੱਖਬੰਧ ਬਿਆਨ ਕਰਦਾ ਹੈ: "ਅਸੀਂ ਭਾਰਤ ਦੇ

ਨਾਗਰਿਕ, ਭਾਰਤ ਨੂੰ, ਇੱਕ ਸਾਮਰਾਜ, ਸਮਾਜਵਾਦੀ, ਧਰਮ-ਨਿਰਪੇਖ, ਲੋਕਤਾਂਤ੍ਰਿਕ ਗਣਤੰਤਰ ਵਿਚ ਗਠਿਤ ਕਰਨ ਦਾ ਗੰਭੀਰਤਾ ਨਾਲ ਫ਼ੈਸਲਾ ਲੈਂਦੇ ਹੋਏ ਅਤੇ ਇਸਦੇ ਸਾਰੇ ਨਾਗਰਿਕਾਂ ਲਈ, ਨਿਆਂ-ਸਮਾਜਕ, ਆਰਥਕ ਅਤੇ ਰਾਜਨੀਤਿਕ; ਆਜ਼ਾਦੀ-ਸੋਚਣ ਦੀ, ਕਹਿਣ ਦੀ, ਵਿਸ਼ਵਾਸ, ਧਰਮ ਅਤੇ ਪੂਜਾ ਦੀ; ਸਮਾਨਤਾ- ਅਹੁਦੇ ਦੀ, ਮੌਕੇ ਦੀ, ਨੂੰ ਸੁਰੱਖਿਅਤ ਕਰਦੇ ਹੋਏ ਅਤੇ ਉਨ੍ਹਾਂ ਸਾਰਿਆਂ ਵਿਚ ਅੱਗੇ ਵਧਾਉਣ ਲਈ। ਉੱਪਰ ਦਿੱਤਾ ਗਿਆ ਕਥਨ ਪੂਰੀ ਤਰ੍ਹਾਂ ਭਾਰਤੀ ਸੰਵਿਧਾਨ, ਜੋ ਭਾਰਤ ਦੇ ਹਰ ਨਾਗਰਿਕ ਦੀ ਵਿਸ਼ਵਾਸ, ਧਰਮ ਅਤੇ ਪੂਜਾ ਦੀ ਆਜ਼ਾਦੀ ਨੂੰ ਸੁਰੱਖਿਅਤ ਕਰਦਾ ਹੈ, ਦੀ ਉਲੰਘਣਾ ਕਰਦਾ ਹੈ। ਹਰ ਕਿਸੇ ਨੂੰ ਆਪਣੇ ਜੀਉਣ ਦੇ ਧਾਰਮਕ ਤਰੀਕੇ ਦਾ ਪਾਲਨ ਕਰਨ ਦਾ ਅਧਿਕਾਰ ਹੈ ਅਤੇ ਹਿੰਦੂ ਧਰਮ ਸਿਰਫ ਹਿੰਦੂਆਂ ਨਾਲ ਸੰਬੰਦਤ ਹੈ ਜੱਦਕਿ ਹੋਰਾਂ ਨਾਲ ਇਸਦਾ ਕੋਈ ਸੰਬੰਧ ਨਹੀਂ ਹੈ। ਇਹ ਕਥਨ ਕਿ ਭਾਰਤ ਵਿਚ ਧਰਮ ਨੂੰ ਲੈ ਕੇ ਕੋਈ ਨਾਬਾਲਗ਼ੀ ਨਹੀਂ ਹੈ, ਕਿਓਂ ਜੋ ਉਹ ਸਾਰੇ ਇਸ ਮਿੱਟੀ ਦੇ ਪੁੱਤਰ ਹਨ ਅਤੇ ਕਿ ਭਾਰਤ ਵਿਚ ਰਹਿਣ ਵਾਲਾ ਹਰ ਕੋਈ ਹਿੰਦੂ ਹੈ, ਸਰਾਸਰ, ਝੂਠੇ, ਤਰਕਹੀਨ ਅਤੇ ਗੈਰ ਸੰਵਿਧਾਨਕ ਹਨ। ਇਕ ਦੇਸ਼, ਜਿਸ ਵਿਚ ਇਕ ਪੱਕੇ ਸਮਾਜ ਦਾ ਬਹੁ-ਮਤ ਹੈ, ਵਿਚ ਹੋਰ ਸਮਾਜ ਅਲਪ ਸੰਖਿਅਕ ਹੋਣਗੇ। ਭਾਰਤ ਵਿਚ ਹਿੰਦੂਆਂ ਦਾ ਪੂਰੀ ਤਰ੍ਹਾਂ ਬਹੁ-ਮਤ ਹੈ ਅਤੇ ਇਸ ਲਈ ਹੋਰ ਸਮਾਜ ਜਿਵੇਂ ਮੁਸਲਮ, ਸਿੱਖ, ਈਸਾਈ ਅਲਪ ਸੰਖਿਅਕ ਹਨ। ਭਾਰਤੀ ਸੰਵਿਧਾਨ ਭਾਰਤ ਵਿਚ ਅਲਪ ਸੰਖਿਅਕਾਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੂੰ ਮੂਲ-ਭੂਤ ਅਧਿਕਾਰ ਦਿੱਤੇ ਗਏ ਹਨ। ਭਾਰਤੀ ਸੰਵਿਧਾਨ ਦਾ ਮਜ਼ਮੂਨ 29 'ਅਲਪ ਸੰਖਿਅਕਾਂ ਦੇ ਹਿੱਤਾਂ ਦੀ ਸੁਰੱਖਿਆ' ਨਾਲ ਸੰਬੰਧਤ ਹੈ, ਜੱਦਕਿ ਮਜ਼ਮੂਨ 30 'ਵਿਦਿਅਕ ਸੰਸਥਾਵਾਂ ਦੀ ਸਥਾਪਨਾ ਅਤੇ ਪ੍ਰਬੰਧ ਲਈ ਅਲਪ ਸੰਖਿਅਕਾਂ ਦੇ ਅਧਿਕਾਰ' ਨਾਲ ਸੰਬੰਧਤ ਹੈ।

## ਅਧਿਆਇ 4-5

### ਸਿੱਖੀ ਸੂਤਰਪਾਤ-ਅਮ੍ਰਿਤ ਅਤੇ ਸਿੱਖੀ ਆਦਰਸ਼ ਜ਼ਾਬਤਾ (ਸਿੱਖਾਂ ਲਈ ਲਾਜ਼ਮੀ)

ਸਿੱਖ ਧਰਮ, ਰੱਬ ਦੀ ਬਾਨੀ, ਮਾਨਵਤਾ ਦੇ ਭਾਈਚਾਰੇ ਅਤੇ ਸੱਚਾਈ ਨਾਲ ਭਰਪੂਰ ਜ਼ਿੰਦਗੀ ਵਿਚ ਵਿਸ਼ਵਾਸ ਰੱਖਦਾ ਹੈ। ਰੱਬ ਦਾ ਸੰਕਲਪ, ਇੱਕ ਤੇ ਸਿਰਫ ਇੱਕ, ਸਾਰੀ ਸਿਰਜਨਾ ਦਾ ਸਿਰਜਣਹਾਰ, ਇਹੀ ਸੰਭਾਲਣ ਵਾਲਾ ਅਤੇ ਤਬਾਹ ਕਰਨ ਵਾਲਾ ਹੈ, ਬਿਨਾਂ ਕਿਸੇ ਅਵਤਾਰ ਦੇ, ਅਣਜੰਮਿਆ ਅਤੇ ਆਪ ਪ੍ਰਕਾਸ਼ਿਤ ਹੋਇਆ ਹੈ, ਜਿਸਦੀ ਰੌਸ਼ਨੀ ਸਾਰਿਆਂ ਵਿਚ ਚਮਕਦੀ ਹੈ। ਰੱਬ, ਉਸ ਸਭ ਤੋਂ ਸ਼ਕਤੀਸ਼ਾਲੀ ਪਰਮਾਤਮਾ ਦੀ ਆਗਿਆ ਦਾ ਪਾਲਨ ਕਰਦਿਆਂ, ਅਤੇ ਉਸ ਨਾਲ ਜੁੜ ਜਾਣ ਦੀ ਉਸਦੀ ਕਿਰਪਾ ਦਾ ਇੰਤਜ਼ਾਰ ਕਰਦਿਆਂ, ਸਿਰਫ ਉਸਦੇ ਹੀ ਨਾਮ ਨੂੰ ਦਿਮਾਗ ਵਿਚ ਰੱਖ ਕੇ ਉਸਦਾ ਜਾਪ ਕਰਨਾ ਹੈ, ਜੋ ਬੁਰਾਈ ਦਾ ਨਾਸ਼ ਕਰਦਾ ਹੈ ਅਤੇ ਸਦਾਚਾਰ ਪੈਦਾ ਕਰਕੇ, ਸਿੱਖੀ ਜੀਵਨ ਦੇ ਢੰਗ ਵਿਚ ਸੱਚਾਈ ਨਾਲ ਭਰੇ ਜੀਵਨ ਦੀ ਅਗਵਾਈ ਕਰਦਾ ਹੈ। ਸੱਚਾਈ, ਰੱਬ ਦਾ ਨਾਂ ਅਤੇ ਪਵਿੱਤਰ ਕਾਰਜ, ਮਨੁੱਖੀ ਦਿਮਾਗ ਨੂੰ ਆਪਣੀ ਛੋਟੀ ਹੰਕਾਰੀ ਪ੍ਰਵ੍ਰਿਤੀਆਂ ਨੂੰ ਉਚ ਰੱਬੀ ਚੇਤਨਾ ਵਿਚ ਬਦਲਣ ਲਈ ਸਿੱਖ ਧਰਮ ਦਾ ਰੂਹਾਨੀ ਸੰਦੇਸ਼ ਹੈ, ਜਿਸਨੂੰ ਜੀਵਨ ਦੇ ਪੂਰੇ ਦੌਰ ਵਿਚ ਸਾਰੇ ਸਮਾਜਕ-ਰਾਜਨੀਤਿਕ ਮਾਮਲਿਆਂ ਵਿਚ ਅਮਲ ਵਿਚ ਲਿਆਉਣਾ ਚਾਹੀਦਾ ਹੈ। ਰੂਹਾਨੀ ਗਿਆਨ ਰੂਹਾਨੀ ਸਿੱਖਿਆ ਤੋਂ ਪ੍ਰਾਪਤ ਕਰਨਾ ਚਾਹੀਦਾ ਹੈ ਪਰ ਇਹ ਮਸਲੇ ਦਾ ਅੰਤ ਨਹੀਂ ਹੈ ਜਿਵੇਂ ਕਿ ਵਿਵਹਾਰਕ ਜੀਵਨ ਦੇ ਸਿੱਖੀ ਢੰਗ ਵਿਚ ਇਨ੍ਹਾਂ ਦਾ ਪਾਲਨ ਕਰਨਾ ਹੁੰਦਾ ਹੈ। ਇਹ ਆਪਣੇ ਆਪ ਹੀ ਜ਼ਿੰਦਗੀ ਦੇ ਸਿੱਖੀ ਢੰਗ ਵਿਚ ਸੱਚਾਈ ਨਾਲ ਭਰਪੂਰ ਜੀਵਨ ਦੀ ਅਗਵਾਈ ਕਰਦਾ ਹੈ, ਜੋ ਰੱਬ ਦਾ ਪ੍ਰਭਾਵਿਤ ਕਰਨ ਦਾ ਢੰਗ ਹੈ।

ਰੱਬ ਦੀ ਬਾਨੀ ਆਪਣੇ ਆਪ ਹੀ ਮਾਨਵਤਾ ਦੇ ਭਾਈਚਾਰੇ ਦੀ ਅਗਵਾਈ ਕਰਦੀ ਹੈ, ਜਿਵੇਂ ਕਿ ਸਾਰੀ ਸਿਰਜਨਾ ਇੱਕੋ ਸਿਰਜਣਹਾਰ ਦੀ ਹੈ, ਉਸਦੀ ਇਕੋ ਹੀ ਰੌਸ਼ਨੀ ਹੈ ਜੋ ਸਾਰਿਆਂ ਵਿਚ ਚਮਕਦੀ ਹੈ। ਸਿੱਖ ਧਰਮ ਦਾ ਰੱਬੀ ਸੰਦੇਸ਼ ਇਹ ਹੈ ਕਿ ਬਿਨਾਂ ਕਿਸੇ ਭਿੰਨਤਾ ਜਾਂ ਭੇਦਭਾਵ ਦੇ ਕਿਸੇ ਵੀ ਪੱਧਰ ਤੇ ਮਨੁੱਖ ਦੀ ਇਕੋ ਜਾਤ ਹੈ। ਧਰਮ, ਵਿਸ਼ਵਾਸ, ਪ੍ਰਣਾਲੀਆਂ, ਜਿਸਨੇ ਮਾਨਵਤਾ ਵਿਚ ਭੇਦਭਾਵ ਅਤੇ ਵੰਡ ਪੈਦਾ ਕਰ ਦਿੱਤੀ, ਸਿੱਖ ਧਰਮ ਵਿਚ ਨਾਮੰਜ਼ੂਰ ਕੀਤੀ ਗਈ ਸੀ ਅਤੇ ਮਾਨਵਤਾ ਵਿਚ ਸਮਾਨਤਾ ਸਥਾਪਿਤ ਕਰਨ ਲਈ ਪ੍ਰਭਾਵੀ ਕਦਮ ਚੁੱਕੇ ਗਏ ਸਨ। ਸਿੱਖ ਧਰਮ ਮਨੁੱਖ ਅਤੇ ਮਨੁੱਖ ਵਿਚ ਪਿਆਰ, ਜਿਵੇਂ ਕਿ ਮਨੁੱਖ ਅਤੇ ਰੱਬ ਵਿਚ ਪਿਆਰ ਹੈ, ਅਤੇ ਮਾਨਵਤਾ ਦੀ ਸੁਆਰਥਹੀਣ ਸੇਵਾ ਦੀ ਸਿੱਖਿਆ ਦਿੰਦਾ ਹੈ। ਵਿਸ਼ਵ ਦੇ ਮਹਾਨ ਧਰਮ ਅਤੇ ਇਤਿਹਾਸ ਦੇ ਵਿਦਵਾਨਾਂ ਨੇ ਇਸਦੀ ਪ੍ਰਸ਼ੰਸਾ ਕੀਤੀ ਹੈ। ਬਿਆਨ ਕੀਤਾ ਗਿਆ,

ਮੈਕਸ ਆਰਥਰ ਮੈਕੱਲਿਫ, ਬ੍ਰਿਟਿਸ਼ ਦੇ ਮਹਾਨ ਵਿਦਵਾਨ, ਸਿੱਖ ਧਰਮ, ਦੇ ਲੇਖਕ, "ਸਿੱਖ ਧਰਮ ਤੋਂ ਇਲਾਵਾ ਮਹਾਨ ਹਕੀਕਤ ਜਾਂ ਵਿਆਪਕ ਨੈਤਿਕ ਪ੍ਰਣਾਲੀ ਵਾਲੇ ਧਰਮ ਨੂੰ ਲਭਣਾ ਔਖਾ ਹੋਵੇਗਾ। ਸਿੱਖ ਗ੍ਰੰਥਾਂ ਵਿਚ ਪਰਮ ਸੱਚ ਸ਼ਾਮਲ ਹਨ, ਜਿਨ੍ਹਾਂ ਦਾ ਗਿਆਨ ਪੜ੍ਹਣ ਵਾਲੇ ਨੂੰ ਆਤਮਕ, ਨੀਤੀ ਅਨੁਸਾਰ ਅਤੇ ਸਮਾਜਕ ਤੌਰ ਤੇ ਉੱਚਾ ਚੁੱਕ ਦਿੰਦਾ ਹੈ। ਉਨ੍ਹਾਂ ਵਿਚ ਸੰਪ੍ਰਦਾਇਵਾਦ ਦੀ ਝਲਕ ਨਹੀਂ ਹੈ। ਇਹ ਸਭ ਤੋਂ ਉੱਚੇ ਅਤੇ ਸਭ ਤੋਂ ਪਵਿੱਤਰ ਸਿਧਾਂਤਾਂ ਦਾ ਗਿਆਨ ਕਰਵਾਉਂਦੇ ਹਨ ਜੋ ਮਨੁੱਖ ਨੂੰ ਮਨੁੱਖ ਨਾਲ ਬੰਨਣ ਅਤੇ ਵਿਸ਼ਵਾਸ ਕਰਨ ਵਾਲੇ ਨੂੰ ਆਪਣੇ ਸਾਥੀ ਮਿੱਤਰ ਦੀ ਸੇਵਾ ਦੇ ਉਦੇਸ਼ ਦੇ ਨਾਲ, ਸਭ ਕੁੱਝ ਤਿਆਗ ਦੇਣ ਅਤੇ ਉਸ ਦੇ ਲਈ ਜਾਨ ਕੁਰਬਾਨ ਕਰਨ ਲਈ ਪ੍ਰੇਰਿਤ ਕਰਦਾ ਹੈ"।

ਜਾੱਨ ਕਲਾਰਕ ਆਰਕਰ, ਮਹਾਨ ਬ੍ਰਿਟਿਸ਼ ਵਿਦਵਾਨ, "ਸਿੱਖ ਧਰਮ, ਅਸਲ ਵਿਚ ਆਪ ਹੀ ਪਿਛਲੇ ਵਿਸ਼ਲੇਸ਼ਣ ਵਿਚ ਧਰਮ ਕੀ ਹੈ ਦਾ ਪ੍ਰਚਾਰ ਕਰਦਾ ਹੈ। ਇਹ ਆਪਣੀ ਹੀ ਇਕ ਸਪਸ਼ਟ ਅਤੇ ਆਜ਼ਾਦ ਵਿਵਸਥਾ ਹੈ। ਅੱਜ ਦੇ ਵਿਸ਼ਵ ਨੂੰ ਇਸਦੇ ਪਿਆਰ ਅਤੇ ਸ਼ਾਂਤੀ ਦੇ ਸੰਦੇਸ਼ ਦੀ ਲੋੜ ਹੈ"।

ਅਜਿਹਾ ਸੰਦੇਸ਼ ਕੌਣ ਪ੍ਰਦਾਨ ਕਰੇਗਾ? ਸਿਰਫ, ਸਿੱਖ, ਸਿੱਖ ਧਰਮ ਦੇ ਅਨੁਯਾਈ, ਜੋ ਬਲਕਿ, ਉਨ੍ਹਾਂ ਦੇ ਧਰਮ ਦੀ ਰੱਬੀ ਸਿੱਖਿਆ ਨੂੰ,

ਵਿਸ਼ਵ ਦੇ ਧਿਆਨ ਵਿਚ ਲਿਆਉਣ ਦੇ ਆਪਣੇ ਫ਼ਰਜ਼ ਨਾਲ ਬੰਨ੍ਹੇ ਹੋਏ ਹਨ, ਜਿਸਨੂੰ ਦੁਨਿਆਂ ਭਰ ਦੇ ਧਰਮਾਂ ਦੇ ਕੁਝ ਵਿਸਵਾਨਾਂ ਨੇ ਮੌਜੂਦਾ ਸਮੇਂ ਦਾ ਧਰਮ ਬਿਆਨਿਆ ਹੈ; ਜੋ ਆਧੁਨਿਕ ਮਨੁੱਖ ਦੀ ਸਮੱਸਿਆਵਾਂ ਨੂੰ ਹਲ ਕਰਨ ਦੇ ਯੋਗ ਹੈ। ਹਾਲਾਂਕਿ ਸਿੱਖਾਂ ਨੂੰ ਆਪ ਆਪਣੇ ਧਰਮ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਉਸ ਮੁਤਾਬਕ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਸਿੱਖੀ ਦੇ ਸੂਤਰਪਾਤ ਅਮ੍ਰਿਤ ਨੂੰ ਛੱਕ ਕੇ ਸਿੱਖੀ ਆਦਰਸ਼ ਜ਼ਾਬਤੇ, ਜਿਵੇਂ ਕਿ ਦਸਵੀਂ ਪਾਤਸ਼ਾਹੀ, ਗੁਰੂ ਗੋਬਿੰਦ ਸਿੰਘ ਜੀ ਵਲੋਂ ਆਦੇਸ਼ ਕੀਤਾ ਗਿਆ ਸੀ, ਸਾਰੇ ਸਿੱਖਾਂ ਲਈ ਲਾਜ਼ਮੀ ਹੈ, ਦਾ ਪਾਲਨ ਕਰਦਿਆਂ ਸਿੱਖ ਬਨਣ ਅਤੇ ਉਨ੍ਹਾਂ ਵਾਂਗ ਕੰਮ ਕਰਨਾ ਹੈ। ਉਨ੍ਹਾਂ ਨੂੰ ਇਹ ਆਪਣੀ ਯੁਵਾ ਪੀੜ੍ਹੀ ਲਈ ਵੀ ਸੁਨਿਸ਼ਚਿਤ ਕਰਨਾ ਪਵੇਗਾ। ਹਰ ਪਾਸੇ ਤੋਂ ਇਕੋ ਜਿਹਾ ਸਿੱਖੀ ਆਦਰਸ਼ ਜ਼ਾਬਤਾ, ਜਿਸਦਾ ਆਪਣਾ ਹੀ ਮਹੱਤਵ ਹੈ, ਸਾਰੇ ਸਿੱਖਾਂ ਲਈ ਲਾਜ਼ਮੀ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਸਥਾਈ ਰੂਪ ਵਿਚ ਸਿੱਖਾਂ ਦਾ ਗੁਰੂ ਮੰਨਣ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਸੀ, ਅਤੇ ਉਸਨੂੰ ਸਮਝਣ ਅਤੇ ਉਸ ਮੁਤਾਬਕ ਕੰਮ ਕਰਨ, ਇਸਦੀ ਰੂਹਾਨੀ ਸੋਚ, ਹਲਾਂਕਿ ਭੌਤਿਕਵਾਦੀ ਮੁਸ਼ਕਲਾਂ ਕਰਕੇ, ਹੋ ਸਕਦਾ ਹੈ, ਇਸਦੀ ਵਿਵਹਾਰਕ ਮਨਜ਼ੂਰੀ ਹੌਂਸਲਾ ਵਧਾਉਣ ਵਾਲੀ ਨਾ ਹੋਵੇ, ਸਿੱਖਾਂ ਵਿਚ ਇਸਨੂੰ ਲੈ ਕੇ ਕੋਈ ਵਿਵਾਦ ਨਹੀਂ ਹੈ। ਹਾਲਾਂਕਿ ਕੁਝ ਸਿੱਖ, ਜੋ ਸਿੱਖੀ ਸੂਤਰਪਾਤ ਅਤੇ ਸਿੱਖੀ ਆਦਰਸ਼ ਜ਼ਾਬਤਾ, ਜੋ ਸਾਰੇ ਸਿੱਖਾਂ ਲਈ ਜ਼ਰੂਰੀ ਹੈ, ਲਈ ਆਪਣੇ ਸ਼ਕ ਨੂੰ ਪ੍ਰਗਟ ਕਰਦੇ ਹੋਏ ਉਸਦਾ ਅਨੁਸਰਣ ਨਹੀਂ ਕਰਦੇ, ਅਤੇ ਆਪਣੇ ਵਿਰੋਧ ਵਿਚ ਸਫਾਈ ਪੇਸ਼ ਕਰਦੇ ਹਨ, ਜਿਸ ਉੱਤੇ ਇਸ ਪਹਿਲੂ ਨੂੰ ਲੈ ਕੇ ਵਿਚਾਰ-ਵਟਾਂਦਰੇ ਦੀ ਲੋੜ ਹੈ।

ਅਮ੍ਰਿਤ-ਖੰਡੇ ਦਾ ਪਾਹੁਲ ਦੇ ਸਿੱਖੀ ਸੂਤਰਪਾਤ, ਪੰਜ ਸਿੱਖੀ ਚਿੰਨ੍ਹ ਅਤੇ ਸਿੱਖੀ ਆਦਰਸ਼ ਜ਼ਾਬਤਾ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੁਕਮ ਕੀਤੇ ਗਏ, ਸਿੱਖ ਧਰਮ ਦਾ ਹਿੱਸਾ ਹਨ ਅਤੇ ਸਾਰੇ ਸਿੱਖਾਂ ਲਈ ਲਾਜ਼ਮੀ ਹਨ। ਚਾਰ ਉਲੰਘਣਾਵਾਂ-ਕੁਰਹਿਤਾਂ, ਵੀ ਪੇਸ਼ ਕੀਤੀਆਂ ਗਈਆਂ ਸਨ, ਪਹਿਲੀ ਸ਼ਰੀਰ ਦੇ ਕਿਸੇ ਅੰਗ ਦੇ ਵੀ ਬਾਲ ਕੱਟਣ ਦੀ ਮਨਾਹੀ। ਇਹ ਪੰਜ ਚਿਨ੍ਹਾਂ ਵਿਚ ਵੀ ਸ਼ਾਮਲ ਹੈ। ਇਨ੍ਹਾਂ ਜਿੰਮੇਦਾਰੀਆਂ ਦਾ ਵਿਰੋਧ ਜਾਂ ਉਲੰਘਣਾ, ਵਿਰੋਧ ਕਰਨ ਵਾਲੇ ਨੂੰ ਸਿੱਖ ਪੰਥ ਤੋਂ ਬਾਹਰ ਕਰ ਸਕਦੀਆਂ ਹਨ, ਜੱਦ ਤੱਕ ਕਿ ਮੁਆਫੀ ਮੰਗਣ ਤੋਂ ਬਾਅਦ ਧਰਮ ਵਿਚ ਦੁਬਾਰਾ ਪੇਸ਼ ਕਰਨ ਲਈ ਉਸਦਾ ਨਾਮਕਰਣ-ਸੰਸਕਾਰ ਨਾ ਹੋ ਜਾਵੇ ਅਤੇ ਉਹ ਇਹ ਗਲਤੀ ਨਾ ਦੋਹਰਾਉਣ ਦਾ ਵਾਅਦਾ ਨਹੀਂ ਕਰਦਾ। ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਨ ਲਈ ਸਿੱਖੀ ਦਾ ਅਨੁਸ਼ਾਸਨ ਅਜਿਹਾ ਸਖ਼ਤ ਹੈ। ਦਸਵੀਂ ਪਾਤਸ਼ਾਹੀ ਨੇ ਆਪਣੇ ਰੂਹਾਨੀ ਐਲਾਨਾਂ ਵਿਚ ਇਹ ਸਪਸ਼ਟ ਕੀਤਾ ਸੀ ਕਿ ਇਸ ਤੋਂ ਕੋਈ ਛੁਟਕਾਰਾ ਨਹੀਂ ਹੋ ਸਕਦਾ। ਇਸਲਈ ਉੱਥੇ ਕਿਸੇ ਸ਼ਕ ਦੀ ਗੁੰਜਾਇਸ਼ ਨਹੀਂ ਹੈ।

ਐਸ.ਜੀ.ਪੀ.ਸੀ ਵਲੋਂ ਪ੍ਰਕਾਸ਼ਿਤ, ਸਿੱਖ ਰਹਿਤ ਮਰਯਾਦਾ, ਸਿੱਖਾਂ ਦਾ ਉਨ੍ਹਾਂ ਮਸਲਿਆਂ ਨਾਲ ਸੰਬੰਧਤ ਸਾਮੂਹਿਕ ਫੈਸਲਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੇ ਜ਼ਿੰਦਗੀ ਦੇ ਦੌਰ ਵਿਚ ਸਮਝੌਤਾ ਕਰਨਾ ਚਾਹੀਦਾ ਹੈ। ਇਹ ਪਹਿਲਾਂ ਤੋਂ ਹੀ, ਸਿੱਖ ਗੁਰੂਆਂ ਦੇ ਵੇਲੇ ਤੋਂ ਸਿੱਖਾਂ ਦੇ ਸਿੱਖ ਕਥਨਾਂ ਅਤੇ ਸਿੱਖ ਧਾਰਮਕ ਕਿਰਿਆਵਾਂ ਦੇ ਅਨੁਸਰਣ, ਦੇ ਮੁਤਾਬਕ ਹੈ ਅਤੇ ਇਸਨੂੰ ਸਿਰਫ ਜ਼ਾਬਤਾ ਬਣਾਇਆ ਗਿਆ ਹੈ। ਸਿੱਖਾਂ ਵਲੋਂ ਆਪਣੀ ਵੱਖਰੀ ਸਿੱਖੀ ਪਛਾਣ ਅਤੇ ਸਮਾਨਤਾ ਨੂੰ ਬਣਾਏ ਰੱਖਣ ਲਈ ਸਿੱਖ ਧਰਮ ਦੇ ਮੁਤਾਬਕ ਇਸਦਾ ਪਾਲਨ ਕੀਤਾ ਜਾਣਾ ਚਾਹੀਦਾ ਹੈ।

ਐਸ.ਜੀ.ਪੀ.ਸੀ ਨੇ 1927 ਵਿਚ, ਸਾਰੇ ਸਿੱਖਾਂ ਦਾ ਮਤ ਲੈਣ ਤੋਂ ਬਾਅਦ, ਸਿੱਖ ਧਰਮ ਵਿਚ ਸਵੀਕਾਰ ਕੀਤੇ ਸਿੱਖ ਆਦਰਸ਼ ਜ਼ਾਬਤੇ ਦੇ ਸੰਚਾਲਨ ਲਈ, ਸਿੱਖ ਉੱਦੇਸ਼ ਲਈ ਜਾਣੂ ਵਚਨਬੱਧ ਉੱਘੇ ਸਿੱਖਾਂ ਨੂੰ ਲੈ ਕੇ, ਇਕ ਕਮੇਟੀ ਬਣਾਈ ਸੀ। ਕਮੇਟੀ ਨੇ ਸਾਰੇ ਸਿੱਖਾਂ ਅਤੇ ਸਿੱਖ ਸੰਗਠਨਾਂ ਦੀ ਰਾਏ ਲਈ ਅਤੇ ਲੰਮੇਂ ਸਮੇਂ ਤੱਕ ਚਰਚਾ ਕੀਤੀ ਅਤੇ ਫਿਰ ਆਪਣੀ ਰਿਪੋਰਟ ਤਿਆਰ ਕਰਕੇ ਦਿੱਤੀ। ਇਸ ਉੱਤੇ ਫਿਰ ਐਸ.ਜੀ.ਪੀ.ਸੀ ਵਲੋਂ ਪੂਰਨ ਰੂਪ ਨਾਲ ਸੋਚ-ਵਿਚਾਰ ਕੀਤਾ ਗਿਆ, ਜਿਸ ਨੇ ਇਸਨੂੰ ਪੱਕਾ ਕੀਤਾ ਅਤੇ ਫਿਰ 1945 ਵਿਚ ਸਖਤੀ ਨਾਲ ਸਿੱਖਾਂ ਵਲੋਂ ਪਾਲਨ ਕਰਨ ਲਈ ਇਸਨੂੰ ਪ੍ਰਕਾਸ਼ਿਤ ਕਰ ਦਿੱਤਾ। ਉਸ ਸਮੇਂ ਦੇ ਐਸ.ਜੀ.ਪੀ.ਸੀ ਦੇ ਮੈਂਬਰ ਗੁਰੂਦੁਆਰਿਆਂ ਦੇ ਸੁਧਾਰ ਅੰਦੋਲਨ ਵਿਚ ਆਪਣੇ ਬਲਿਦਾਨ ਲਈ ਜਾਣੇ ਜਾਂਦੇ ਸਨ ਅਤੇ ਸਿੱਖ ਉੱਦੇਸ਼ ਲਈ ਸਮਰਪਿਤ ਸਨ।

ਸਿੱਖਾਂ ਨੂੰ ਇਕੋ ਜਿਹੇ ਅਤੇ ਸਮਰੂਪ ਆਦਰਸ਼ ਜ਼ਾਬਤੇ ਵਿਚ ਰਹਿਣ ਦੀ ਬਹੁਤ ਜ਼ਿਆਦਾ ਲੋੜ ਸੀ ਕਿਉਂ ਜੋ ਸਿੱਖ ਵਿਰੋਧੀ ਅਤੇ ਖ਼ਾਸਤੌਰ ਤੇ ਉਹ ਜੋ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਹੋਣ ਦਾ ਪ੍ਰਚਾਰ ਕਰਕੇ ਸਿੱਖਾਂ ਲਈ ਉਹੀ ਬ੍ਰਾਹਮਣ ਰੀਤਿ ਰਿਵਾਜਾਂ ਦਾ ਪਾਲਨ ਕਰਨ ਦੀ ਉਲਝਨਾਂ ਪੈਦਾ ਕਰ ਰਹੇ ਸਨ, ਜਿਸਨੂੰ ਸਿੱਖ ਧਰਮ ਵਿਚ ਸਵੀਕਾਰ ਨਹੀਂ ਕੀਤਾ ਗਿਆ ਸੀ। ਇੱਥੋਂ ਤੱਕ ਕਿ ਮਹੰਤ, ਜੋ ਕਿ ਬ੍ਰਿਟਿਸ਼ ਪ੍ਰਸ਼ਾਸਨ ਅਤੇ ਬ੍ਰਾਹਮਣੀ ਮੁਖ਼ਤਾਰਾਂ ਅਧੀਨ ਕੰਮ ਕਰ ਰਹੇ ਸਨ, ਵਲੋਂ ਸਿੱਖ ਗੁਰੂਦੁਆਰਿਆਂ ਵਿਚ ਸਿੱਖ ਵਿਰੋਧੀ ਦੰਗੇ ਵੀ ਪੇਸ਼ ਕੀਤੇ ਗਏ।

ਮੈਕਸ ਆਰਥਰ ਮੈਕਾੱਲਿਫ ਜਿਨ੍ਹੇ ਲੇਖਕ ਲਈ ਪੰਜਾਬ ਵਿਚ ਡਿਵੀਜ਼ਨਲ ਜੱਜ ਦੇ ਉੱਚੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ, ਸਿੱਖ ਧਰਮ, ਇੱਕ ਡੂੰਘੀ ਖੋਜ ਤੋਨ ਬਾਅਦ, 1909 ਵਿਚ ਲੰਡਨ ਦੀ ਆੱਕਸਫੋਰਡ ਯੁਨੀਵਰਸਿਟੀ ਵਲੋਂ ਪ੍ਰਕਾਸ਼ਿਤ ਕੀਤੀ ਗਈ, ਕਿਤਾਬ ਦੇ ਭਾਗ 1 ਵਿਚ ਇਸਦੇ ਮੁਖਬੰਦ ਵਿਚ ਦਰਜ ਕੀਤਾ ਸੀ ਕਿ,

"ਮੌਜੂਦਾ ਸਮੇਂ ਦਾ ਸਭ ਤੋਂ ਵਧੀਆਂ ਧਰਮ, ਸਿੱਖ ਧਰਮ, ਸ਼ਾਇਦ ਜ਼ਿਆਦਾ ਦੇਰ ਜਿਉਂਦਾ ਨਾ ਰਹੇ ਕਿਉਂ ਜੋ ਸਿੱਖ, ਸਿੱਖੀ ਆਦਰਸ਼ ਜ਼ਾਬਤਾ ਨੂੰ ਭੁਲਦੇ ਹੋਏ, ਆਪਣੇ ਮਹਾਨ ਗੁਰੂਆਂ ਦੀ ਚੇਤਾਵਨੀ ਦੇ ਬਾਵਜੂਦ ਵੀ, ਬ੍ਰਾਹਮਣ ਜਾਲ ਦੇ ਅਧੀਨ ਉਨ੍ਹਾਂ ਦੇ ਰੀਤਿ-ਰਿਵਾਜ਼ਾਂ ਦਾ ਪਾਲਨ ਕਰਨ ਲਈ ਘਿਰ ਗਏ ਸਨ, ਜਿਸਦੀ ਸਿੱਖ ਧਰਮ ਵਿਚ ਮਨਾਹੀ ਸੀ"।

ਸਿੱਖਾਂ ਕੋਲ ਸਿੱਖੀ ਆਦਰਸ਼ ਜ਼ਾਬਤਾ ਦਾ ਸਖ਼ਤੀ ਨਾਲ ਪਾਲਨ ਕਰਨ ਲਈ ਇਸਦੇ ਸਹੀ ਇਤਿਹਾਸਕ ਦ੍ਰਿਸ਼ਟੀਕੋਣ ਦਾ ਹੋਣਾ ਜ਼ਰੂਰੀ ਹੈ।

ਕਿਸੇ ਨੂੰ ਵੀ ਇਸਨੂੰ ਇੰਨਾਂ ਹਲਕਾ ਨਹੀਂ ਲੈਣਾ ਚਾਹੀਦਾ ਕਿ ਇਸਨੂੰ ਆਪਣੇ ਭਰਮਾਂ ਦੇ ਸਿਰ ਤੇ ਲਲਕਾਰੇ ਕਿਉਂ ਜੋ ਵਿਅਕਤੀਗਤ ਵਿਚਾਰਾਂ ਨੂੰ ਸਾਮੂਹਿਕ ਫੈਸਲਿਆਂ ਦੇ ਅਧੀਨ ਰਖਿਆ ਜਾਣਾ ਹੈ। ਸਿੱਖ ਧਰਮ ਦਾ ਪਹਿਲਾ ਕਥਨ ਆਪਣੇ ਆਤਮ-ਕੇਂਦਰਿਤ ਦਿਮਾਗ ਦੇ ਨਾਲੋਂ, ਗੁਰੂਆਂ ਦੇ ਸ਼ਬਦ ਦਾ ਪਾਲਨ ਕਰਨਾ ਹੈ। ਸਿੱਖ, ਜੋ ਜੋ ਗੁਰੂ ਗੋਬਿੰਦ ਸਿੰਘ ਦੇ ਰੱਬੀ ਕਥਨਾਂ ਜਿਵੇਂ ਕਿ ਸਿੱਖੀ ਸੂਤਰਪਤਾ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਵਿਰੋਧ ਕਰਦੇ ਹਨ, ਗੁਰੂਆਂ ਦੇ ਸ਼ਬਦ ਨਾਲੋਂ ਆਪਣੇ ਆਤਮ-ਕੇਂਦਰਿਤ ਭਰਮਾਂ ਤੇ ਚਲਦੇ ਹਨ, ਸਿੱਖ ਧਰਮ ਵਿਚ ਸਵੀਕ੍ਰਿਤ ਨਹੀਂ ਹਨ, ਜਿੱਥੇ ਗੁਰੂਆਂ ਦਾ ਸ਼ਬਦ ਸਭ ਤੋਂ ਉੱਚਾ ਹੈ।

ਸਿੱਖ ਜੋ ਇਸਦੇ ਖ਼ਿਲਾਫ਼ ਅਸੱਭਿਅ ਦੋਸ਼ ਲਾਉਂਦੇ ਹਨ, ਜੋ ਬਿਲਕੁਲ ਬੇਕਾਰ ਹਨ ਅਤੇ ਸਿੱਖ ਧਰਮ ਦਾ ਹਿੱਸਾ ਨਹੀਂ ਹਨ, ਸਿੱਖ ਧਰਮ ਨੂੰ ਅਪੂਰਨੀ ਨੁਕਸਾਨ ਪਹੁੰਚਾਉਂਦੇ ਹਨ, ਬਲਕਿ ਸਿੱਖ ਵਿਰੋਧੀਆਂ ਅਤੇ ਉਨ੍ਹਾਂ ਦੇ ਏਜੰਟਾਂ ਨੂੰ ਸਮੱਰਥਨ ਦਿੰਦੇ ਹਨ, ਜੋ ਸਿੱਖ ਧਰਮ ਦਾ ਹਿੰਦੂ ਧਰਮ ਦਾ ਹਿੱਸਾ ਹੋਣ ਦਾ ਪ੍ਰਚਾਰ ਕਰਦੇ ਹਨ ਅਤੇ ਸਿੱਖੀ ਆਦਰਸ਼ ਜ਼ਾਬਤੇ ਲਈ ਹਾਨੀਕਾਰਕ ਹਨ, ਜੋ ਉਨ੍ਹਾਂ ਦੇ ਰਾਹ ਵਿਚ ਖੜਾ ਹੈ ਕਿਉਂ ਜੋ ਇਹ ਵੱਖਰੀ ਸਿੱਖੀ ਪਛਾਣ ਸਥਾਪਿਤ ਕਰਦਾ ਹੈ। ਉਹ ਬਿਲਕੁਲ ਅਗਿਆਨੀ ਅਤੇ ਉਨ੍ਹਾਂ ਦੇ ਜਾਲ ਵਿਚ ਫਸੇ ਹੋਏ ਹਨ।

ਕੁਝ ਸਿੱਖ ਲੇਖਕ ਤਾਂ ਸਿੱਖਾਂ ਨੂੰ ਗੁਮਰਾਹ ਕਰਨ ਲਈ, ਇਸ ਵਿਰੁੱਧ ਵਿਵਾਦ ਅਤੇ ਉਲਝਨਾਂ ਪੈਦਾ ਕਰਨ ਲਈ, ਫ਼ਰੇਬੀ ਬ੍ਰਾਹਮਣ ਸੰਬੰਧੀ ਕਾਰਡ ਦੇ ਉਪਯੋਗ ਦੀ ਹੱਦ ਤੱਕ ਵੀ ਚਲੇ ਗਏ ਹਨ, ਕਿ ਸਿੱਖੀ ਆਦਰਸ਼ ਜ਼ਾਬਤੇ ਨੇ ਬ੍ਰਾਹਮਣ ਰੀਤਿਆਂ ਦੀ ਸ਼ੁਰੂਆਤ ਕੀਤੀ ਹੈ। ਸਿੱਖੀ ਆਦਰਸ਼ ਜ਼ਾਬਤਾ ਦੀ ਹਰ ਵਸਤੂ ਗੁਰੂ ਗ੍ਰੰਥ ਸਾਹਿਬ ਦੇ ਰੱਬੀ ਮਾਰਗ-ਦਰਸ਼ਨ ਅਧੀਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿਚ ਹੋਣੀ ਹੁੰਦੀ ਹੈ ਇਸਲਈ ਬ੍ਰਾਹਮਣ ਰੀਤਿ-ਰਿਵਾਜ਼ ਸ਼ੁਰੂ ਕਰਨ ਲਈ ਕਿਵੇਂ ਕਿਹਾ ਜਾ ਸਕਦਾ ਹੈ। ਇਹ ਸਪਸ਼ਟ ਰੂਪ ਨਾਲ ਇੱਕ ਵੱਖਰੀ ਸਿੱਖੀ ਪਛਾਣ ਸਥਾਪਿਤ ਕਰਨ ਲਈ ਹੈ। ਸਿੱਖੀ ਆਦਰਸ਼ ਜ਼ਾਬਤਾ ਵਿਚ ਪ੍ਰਦਾਨ ਕੀਤੀਆਂ ਗਈਆਂ ਸਵੇਰ, ਸ਼ਾਮ ਅਤੇ ਰਾਤ ਦੀਆਂ ਅਰਦਾਸਾਂ, ਸਿੱਖ ਗੁਰੂਆਂ ਦੇ ਕਥਨਾਂ ਮੁਤਾਬਕ ਰੱਬ ਦੇ ਨਾਂ=96 ਵਾਹਿਗੁਰੂ ਦੇ ਨਾਲ, ਸਿੱਖ ਗੁਰੂਆਂ ਦੀ ਰੂਹਾਨੀ ਰਚਨਾਵਾਂ ਹਨ। ਦੋਹਾਂ ਪਾਸੇ ਤੋਂ ਧਾਰ ਵਾਲੀ ਤਲਵਾਰ-ਖੰਡੇ ਦਾ ਪਾਹੁਲ ਦਾ ਅਮ੍ਰਿਤ, ਅਤੇ ਇਸ ਨੂੰ ਬਨਾਉਣ ਦੀ ਵਿਧੀ, ਸਾਰੇ ਸਿੱਖਾਂ ਲਈ ਲਾਜ਼ਮੀ ਹੋਣੀ ਚਾਹੀਦੀ ਹੈ, ਦਾ ਦਸਵੀਂ ਸਿੱਖ ਪਾਤਸ਼ਾਹੀ ਦੇ ਹੁਕਮ ਅਨੁਸਾਰ ਵਰਣਨ ਕੀਤਾ ਗਿਆ ਹੈ। ਸਿੱਖ ਗੁਰੂਆਂ ਦੀ ਪੰਜ ਰੂਹਾਨੀ ਰਚਨਾਵਾਂ, ਜਿਸ ਵਿਚ ਪਰਮਾਤਮਾ ਦਾ ਨਾਂ ਸ਼ਾਮਲ ਹੈ, ਦਾ ਇਸਨੂੰ ਬਨਾਉਣ ਲਈ ਦਸਵੀਂ ਸਿੱਖ ਪਾਤਸ਼ਾਹੀ ਦੇ ਆਦੇਸ਼ ਅਨੁਸਾਰ ਪਾਠ ਕੀਤਾ ਜਾਂਦਾ ਹੈ। ਸਾਰੇ ਸਿੱਖ ਵਿਰੋਧੀ ਅਤੇ ਬ੍ਰਾਹਮਣ ਸੰਬੰਧੀ ਰੀਤਿ-ਰਿਵਾਜ਼ ਖ਼ਾਸ ਤੌਰ ਤੇ ਮਨਾ ਕਰ ਦਿੱਤੇ ਗਏ ਹਨ। ਸਿੱਖੀ ਆਦਰਸ਼ ਜ਼ਾਬਤਾ ਉੱਤੇ ਬ੍ਰਾਹਮਣ ਸੰਬੰਧੀ ਰੀਤਿਆਂ ਨੂੰ ਪੇਸ਼ ਕਰਨ ਦਾ ਦੋਸ਼ ਲਾਉਣਾ, ਇਸਦੇ ਵਿਰੁੱਧ ਉਲਝਨਾਂ ਪੈਦਾ ਕਰਨ ਲਈ ਬੇਈਮਾਨ ਕਾਰਣਾਂ ਦੇ ਅਧੀਨ ਝੂਠਾ ਅਤੇ ਫ਼ਰੇਬੀ ਬਿਆਨ ਹੈ, ਤਾਂ ਜੋ ਸਿੱਖਾਂ ਵਲੋਂ ਇਸਦਾ ਸਖ਼ਤੀ ਨਾਲ ਪਾਲਨ ਨਾ ਕੀਤਾ ਜਾਵੇ।

ਅਜਿਹੇ ਲੋਕਾਂ ਵਲੋਂ ਠੱਗਬਾਜ਼ੀ, ਬੇਬੁਨਿਆਦੀ ਅਤੇ ਅਸਥਿਰ ਦਾਇਰੇ ਤੇ ਸਿੱਖੀ ਸੂਤਰਪਾਤ ਵਿਚ ਵੀ ਦੋਸ਼ ਕੱਢਿਆ ਗਿਆ ਕਿ ਸਿੱਖ ਧਰਮ ਵਿਚ ਅਮ੍ਰਿਤ ਸਿਰਫ ਰੱਬ ਦਾ ਨਾਂ ਹੈ, ਅਮ੍ਰਿਤ ਦਾ ਖੰਡੇ ਦਾ ਪਾਹੁਲ, ਸਿੱਖੀ ਸੂਤਰਪਾਤ ਵਜੋਂ ਨਾਮਕਰਣ ਨੂੰ ਵਿਵਾਦਾਂ ਵਿਚ ਪਾਉਣ ਲਈ ਅਤੇ ਕਿ ਅਮ੍ਰਿਤ ਨੂੰ ਤਿਆਰ ਕਰਨ ਵੇਲੇ ਭਜੇ ਜਾਣ ਵਾਲੇ ਦਸਵੇਂ ਗੁਰੂ ਦੇ ਰੂਹਾਨੀ ਭਜਨ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।

ਇਸ ਉੱਤੇ ਕੋਈ ਵਿਵਾਦ ਨਹੀਂ ਹੋ ਸਕਦਾ ਕਿ ਸਿੱਖ ਧਰਮ ਵਿਚ ਸਿਰਫ ਰੱਬ ਦਾ ਨਾਂ ਹੀ ਅਮ੍ਰਿਤ ਹੈ, ਜੋ ਚਿਰ ਸਥਾਈ ਹੈ। ਸਿੱਖੀ ਸੂਤਰਪਾਤ ਆਪਣੇ ਅਰਥਾਂ ਵਿਚ ਹੀ ਚਿਰਸਥਾਈ ਹੈ ਅਤੇ ਇੱਕ ਵੱਖਰੇ ਸੰਦਰਭ ਵਿਚ ਹੈ। ਇਹ ਅਮ੍ਰਿਤ ਛੱਕਣ ਵਾਲੇ ਨੂੰ ਰੱਬ ਦਾ ਨਾਂ ਜਪਾਉਂਦਾ ਹੈ। ਇਸ ਸੰਬੰਧ ਵਿਚ ਕੋਈ ਵਿਰੋਧ ਨਹੀਂ ਹੈ।

ਅਮ੍ਰਿਤ ਦਾ ਸਿੱਖ ਸੂਤਰਪਾਤ, ਇਸਨੂੰ ਤਿਆਰ ਕਰਨ ਦੀ ਵਿਧੀ ਅਤੇ ਇਸਦੇ ਵੇਲੇ ਰੂਹਾਨੀ ਸ਼ਬਦਾਂ ਦਾ ਉੱਚਾਰਨ ਦਸਵੀਂ ਸਿੱਖ ਪਾਤਸ਼ਾਹੀ ਵਲੋਂ ਪੇਸ਼ ਕੀਤਾ ਗਿਆ ਸੀ, ਜਿਸ ਲਈ ਉਨ੍ਹਾਂ ਨੂੰ ਪੂਰਾ ਅਧਿਕਾਰ ਸੀ। ਸਾਰੇ ਸਿੱਖ ਗੁਰੂਆਂ ਵਿਚ ਇਕੋ ਜਿਹੀ ਰੂਹਾਨੀ ਆਤਮਾ ਸੀ। ਭਲੇ ਹੀ, ਉਨ੍ਹਾਂ ਨੇ ਆਪਣੀਆਂ ਰੂਹਾਨੀ ਰਚਨਾਵਾਂ ਦੇ ਉੱਚਾਰਨ ਨੂੰ ਇਕੱਲੇ ਹੀ ਪੇਸ਼ ਕੀਤਾ ਸੀ, ਕੀ ਕਿਸੇ ਕੋਲ ਇਸਦਾ ਵਿਰੋਧ ਕਰਨ ਦਾ ਅਧਿਕਾਰ ਹੋ ਸਕਦਾ ਸੀ? ਇਹ ਕੀਤੇ ਵੀ ਨਹੀਂ ਦੱਸਿਆ ਗਿਆ ਹੈ ਕਿ ਉਸ ਸਮੇਂ ਸਿਰਫ ਗੁਰੂ ਗ੍ਰੰਥ ਸਾਹਿਬ ਦੀਆਂ ਰੂਹਾਨੀ ਰਚਨਾਵਾਂ ਦਾ ਉੱਚਾਰਨ ਕੀਤਾ ਜਾ ਸਕਦਾ ਸੀ। ਇਹ ਸਿੱਖਾਂ ਦੇ ਦਸਵੇਂ ਗੁਰੂ ਦਾ ਫੈਸਲਾ ਸੀ, ਜਿਸਦਾ ਸਿੱਖਾਂ ਨੂੰ ਪਾਲਨ ਕਰਨਾ ਸੀ। ਉਨ੍ਹਾਂ ਦੇ ਰੂਹਾਨੀ ਕੀਰਤਨ ਸਿੱਖਾਂ ਲਈ ਦੂਜੇ ਸਿੱਖ ਗੁਰੂਆਂ ਦੇ ਕੀਰਤਨਾਂ ਵਾਂਗੂ ਸਮਾਨ ਸਤਿਕਾਰ ਵਾਲੇ ਹਨ। ਸਿੱਖ ਸੂਤਰਪਾਤ ਸਾਰੇ ਸਿੱਖਾਂ ਲਈ ਲਾਜ਼ਮੀ ਹੈ। ਇਸ ਸੰਬੰਧ ਵਿਚ ਆਪ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖਾਂ ਨੂੰ ਨਿਰਦੇਸ਼ ਹੈ ਕਿ ਉਨ੍ਹਾਂ ਨੂੰ ਸਿੱਖ ਸੂਤਰਪਾਤ-ਅਮ੍ਰਿਤ-ਖੰਡੇ ਦਾ ਪਾਹੁਲ ਨੂੰ ਜ਼ਰੂਰ ਛੱਕਣਾ ਚਾਹੀਦਾ ਹੈ ਅਤੇ ਪੰਜਾਂ ਸਿੱਖੀ ਚਿੰਨ੍ਹਾਂ ਨੂੰ ਧਾਰਨ ਕਰਨਾ ਚਾਹੀਦਾ ਹੈ ਅਤੇ ਸਖ਼ਤੀ ਨਾਲ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਨਾ ਚਾਹੀਦਾ ਹੈ, ਜਿਵੇਂ ਕਿ ਉਨ੍ਹਾਂ ਵਲੋਂ 1699 ਨੂੰ ਵਿਸਾਖੀ ਤੇ ਆਦੇਸ਼ ਕੀਤਾ ਗਿਆ ਸੀ।

ਸਿੱਖ ਰਹਿਤ-ਨਿਸ਼ਾਨੇ ਸਿੱਖੀ ਵਿਚ ਉਨ੍ਹਾਂ ਐਲਾਨ ਕੀਤਾ ਕਿ ਸਾਰੇ ਸਿੱਖਾਂ ਨੂੰ ਲਾਜ਼ਮੀ ਤੌਰ ਤੇ ਦੋਹਾਂ ਪਾਸੋਂ ਧਾਰ ਵਾਲੀ ਤਲਵਾਰ ਦਾ ਅਮ੍ਰਿਤ ਛੱਕਣਾ ਚਾਹੀਦਾ ਹੈ ਅਤੇ ਪੰਜ ਸਿੱਖੀ ਚਿੰਨ੍ਹ - ਕੇਸ਼-ਬਿਨਾਂ ਕੱਟੇ ਬਾਲ, ਕੰਘਾ-ਬਾਲ ਵਾਹਣ ਲਈ, ਕੱਛਾ-ਆਦੇਸ਼ ਹੋਇਆ ਕਛਹਿਰਾ, ਕੜਾ-ਕਲਾਈ ਤੇ ਪਾਉਣ ਵਾਲਾ, ਅਤੇ ਕਿਰਪਾਣ-ਆਦੇਸ਼ ਹੋਈ ਤਲਵਾਰ ਨੂੰ ਧਾਰਨ ਕਰਨਾ ਚਾਹੀਦਾ ਹੈ, ਖ਼ਾਸ ਜ਼ਿਕਰ ਨਾਲ, ਕਿ ਕਿਸੇ ਵੀ ਸਿੱਖ ਨੂੰ, ਇਸ ਤੋਂ, ਕੋਈ ਛੁਟਕਾਰਾ ਨਹੀਂ ਹੋ ਸਕਦਾ। ਗੁਰੂ ਗੋਬਿੰਦ ਸਿੰਘ ਜੀ ਨੇ, ਅਗਲੇ ਹੀ ਮਹੀਨੇ ਵਿਚ, ਜੇਠ 26, 1756(ਮਈ 1699) ਨੂੰ, ਸਾਰੇ ਸਿੱਖਾਂ ਲਈ, ਹੁਕਮਨਾਮਾ-ਹਜ਼ੂਰੀ ਹੁਕਮ ਜਾਰੀ ਕੀਤਾ, ਕਿ ਸਾਰੇ ਸਿੱਖਾਂ ਨੂੰ, ਲਾਜ਼ਮੀ ਤੌਰ ਤੇ ਅਮ੍ਰਿਤ-ਖੰਡੇ ਦਾ ਪਾਹੁਲ ਛੱਕਣਾ ਚਾਹੀਦਾ

ਹੈ ਅਤੇ ਪੰਜਾਂ ਸਿੱਖੀ ਚਿੰਨ੍ਹਾਂ ਨੂੰ ਧਾਰਨ ਕਰਨਾ ਚਾਹੀਦਾ ਹੈ ਅਤੇ ਸਖ਼ਤੀ ਨਾਲ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਨਾ ਚਾਹੀਦਾ ਹੈ, ਜਿਵੇਂ ਕਿ ਉਨ੍ਹਾਂ ਵਲੋਂ ਆਦੇਸ਼ ਕੀਤਾ ਗਿਆ ਸੀ।

ਸੈਨਾ ਪਤੀ, ਗੁਰ ਸ਼ੋਭਾ, ਜੋ ਕਿ 1716 ਵਿਚ ਜਾਂ ਇਸਦੇ ਆਸਪਾਸ ਪੂਰੀ ਹੋਈ, ਦਾ ਲੇਖਕ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਿਹਾ ਸੀ, ਨੇ ਬਿਆਨ ਕੀਤਾ, ਕਿ ਇਹ ਉਸ ਮਹਾਨ ਗੁਰੂ ਦੀ ਇੱਛਾ ਸੀ ਕਿ ਸਾਰੇ ਸਿੱਖ ਜ਼ਰੂਰ ਅਮਿੱਤ ਦਾ ਸਿੱਖੀ ਸੂਤਰਪਾਤ ਛਕਣ ਅਤੇ ਉਸ ਸੰਬੰਧ ਵਿਚ ਆਦਰਸ਼ ਜ਼ਾਬਤਾ ਦਾ ਪਾਲਨ ਕਰਨ, ਜਿਵੇਂ ਕਿ ਉਨ੍ਹਾਂ ਵਲੋਂ ਹੁਕਮ ਕੀਤਾ ਗਿਆ ਸੀ।

ਨਾਥ ਮਲ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਇਕ ਢਾਡੀ ਨੇ, ਅਮਰ ਨਾਮਾ, ਅਕਤੂਬਰ 1708 ਵਿਚ ਉਸ ਵਲੋਂ ਲਿੱਖੀ ਗਈ, ਵਿਚ ਬਿਆਨ ਕੀਤਾ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਸਿੱਖਾਂ ਨੂੰ ਅਮ੍ਰਿਤ ਛਕਣ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਅਨੁਸਰਣ ਕਰਨ ਦਾ ਨਿਰਦੇਸ਼ ਦਿੱਤਾ, ਜਿਵੇਂ ਕਿ ਉਨ੍ਹਾਂ ਵਲੋਂ ਹੁਕਮ ਕੀਤਾ ਗਿਆ ਸੀ।

ਮਹਾਨ ਸਿੱਖਾਂ ਵਲੋਂ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹੇ, ਵਲੋਂ ਲਿਖੇ ਗਏ ਸਾਰੇ ਰਿਤ ਨਾਮਿਆਂ ਵਿਚ, ਇਹ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਸਿੱਖਾਂ ਨੂੰ ਅਮ੍ਰਿਤ-ਖੰਡੇ ਦਾ ਪਾਹੁਲ ਛਕਣ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਅਨੁਸਰਣ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਜਿਵੇਂ ਕਿ ਉਨ੍ਹਾਂ ਵਲੋਂ ਹੁਕਮ ਹੋਇਆ ਸੀ।

ਕੁਝ ਲੋਕਾਂ ਨੇ ਸਿੱਖ ਦੀ ਪਰਿਭਾਸ਼ਾ, ਜਿਵੇਂ ਕਿ ਸਿੱਖ ਰਹਿਤ ਮਰਯਾਦਾ ਵਿਚ ਦਿੱਤੀ ਗਈ ਹੈ, ਦੀ ਗ਼ਲਤ ਵਿਆਖਿਆ ਕੀਤੀ ਕਿ ਅਮ੍ਰਿਤ-ਖੰਡੇ ਦਾ ਪਾਹੁਲ ਨੂੰ ਛਕੇ ਬਿਨਾਂ, ਇਸ ਵਿਚ ਵਿਸ਼ਵਾਸ ਕਰਨਾ ਬਹੁਤ ਹੈ। ਇਹ ਸਪਸ਼ਟ ਰੂਪ ਵਿਚ ਬੇਤੁਕਾ ਅਤੇ ਸਿੱਖ ਰਹਿਤ ਮਰਯਾਦਾ ਵਿਚ ਦਿੱਤੀ ਸਿੱਖ ਦੀ ਪਰਿਭਾਸ਼ਾ ਨੂੰ ਬਦਲਣਾ ਹੈ, ਨਾਲ ਹੀ ਦਸਵੀਂ ਪਾਤਸ਼ਾਹੀ ਦੇ ਹੁਕਮ ਦਾ ਵਿਰੋਧ ਕਰਨਾ ਹੈ, ਜਿਸਨੇ ਕਿ ਇਸਨੂੰ ਸਿੱਖਾਂ ਲਈ ਲਾਜ਼ਮੀ ਕੀਤਾ ਸੀ। ਰਹਿਤ ਮਰਯਾਦਾ ਵਿਚ, ਸਿੱਖ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਹੈ,

"ਕੋਈ ਵੀ ਮਨੁੱਖ ਜੋ ਪੂਰੀ ਨਿਸ਼ਠਾ ਨਾਲ, ਇਕ ਅਮਰ ਹੋਂਦ, ਦਸਾਂ ਗੁਰੂ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ, ਗੁਰੂ ਗ੍ਰੰਥ ਸਾਹਿਬ, ਦਸਾਂ ਗੁਰੂਆਂ ਦੇ ਕਥਨ ਅਤੇ ਸਿਖਿਆ ਅਤੇ ਦਸਵੀਂ ਪਾਤਸ਼ਾਹੀ ਵਲੋਂ ਆਉਣ ਵਾਲੀ ਨਸਲਾਂ ਲਈ ਛੱਡੀ ਨਾਮਕਰਣ ਦੀ ਵਿਧੀ ਵਿਚ ਵਿਸ਼ਵਾਸ ਕਰਦਾ ਹੈ ਅਤੇ ਜੋ ਕਿਸੇ ਹੋਰ ਧਰਮ ਦੀ ਭਗਤੀ ਨਹੀਂ ਕਰਦਾ, ਸਿੱਖ ਹੈ"।

ਭਲੇ ਹੀ ਪਰਿਭਾਸ਼ਾ ਵਿਚ ਸ਼ਬਦ ਸ਼ਾਮਲ ਨਹੀਂ ਹੋਣਗੇ, ਜਿਵੇਂ ਕਿ ਬਪਤਿਸਮਾ ਲਈ ਹਨ, ਤਾਂ ਵੀ ਸਿੱਖੀ ਸੂਤਰਪਾਤ ਅਮ੍ਰਿਤ ਦਾ ਸਿੱਖਾਂ ਲਈ ਲਾਜ਼ਮੀ ਹੋਣ ਤੇ ਕੋਈ ਸ਼ਕ ਨਹੀਂ ਹੋ ਸਕਦਾ ਸੀ, ਕਿਓਂ ਜੋ ਦਸਵੇਂ ਗੁਰੂ ਦੀ ਉਚਿਤ ਜ਼ਰੂਰੀ ਸਿਖਿਆ ਹੁੰਦੇ ਹੋਏ, ਇਹ ਦਸਾਂ ਗੁਰੂਆਂ ਦੀ ਸਿਖਿਆਵਾਂ ਦੇ ਅਧੀਨ ਆਵੇਗਾ, ਜਿਸ ਉੱਤੇ ਉਨ੍ਹਾਂ ਨੇ ਬਲਕਿ ਸਿੱਖਾਂ ਲਈ ਲਾਜ਼ਮੀ ਹੋਣ ਦਾ ਕਾਫੀ ਜ਼ੋਰ ਵੀ ਦਿੱਤਾ ਅਤੇ ਜਿਸ ਲਈ ਸਿੱਖਾਂ ਨੂੰ ਕੋਈ ਛੂਟ ਨਹੀਂ ਹੋ ਸਕਦੀ। ਪਰਿਭਾਸ਼ਾ ਵਿਚ 'ਬਪਤਿਸਮਾ' ਦਾ ਜ਼ਿਕਰ ਇਸਨੂੰ ਹੋਰ ਜ਼ਿਆਦਾ ਸਾਰਥਕ ਬਨਾਉਣ ਲਈ ਹੈ ਅਤੇ ਕਮਜ਼ੋਰ ਕਰਨ ਲਈ ਨਹੀਂ ਹੈ। ਬਪਤਿਸਮਾ ਤੋਂ ਭਾਵ ਇੱਕ ਧਰਮ ਵਿਚ ਸਵੀਕਾਰ ਕੀਤਾ ਜਾਣਾ ਹੈ ਅਤੇ ਸਾਰੇ ਈਸਾਈਆਂ ਲਈ ਉਸ ਧਰਮ ਵਿਚ ਪ੍ਰਵੇਸ਼ ਕਰਨ ਲਈ ਲਾਜ਼ਮੀ, ਇਹ ਈਸਾਈ-ਧਰਮ ਦਾ ਸ਼ਬਦ ਹੈ। ਇਸ ਤਰ੍ਹਾਂ ਸਿੱਖ ਸੂਤਰਪਾਤ ਅਮ੍ਰਿਤ ਇਕ ਨੂੰ ਸਿੱਖ ਬਨਣ ਅਤੇ ਉਸ ਵਾਂਗੂ ਕੰਮ ਕਰਨ ਯੋਗ ਬਣਾਉਂਦਾ ਹੈ।

ਸਾਰੇ ਸਿੱਖਾਂ ਲਈ ਲਾਜ਼ਮੀ, ਗੁਰੂ ਗੋਬਿੰਦ ਸਿੰਘ ਵਲੋਂ ਆਦੇਸ਼ ਕੀਤਾ ਗਿਆ ਸਿੱਖ ਸੂਤਰਪਾਤ ਅਤੇ ਆਦਰਸ਼ ਜ਼ਾਬਤਾ, ਇਹ ਸਪਸ਼ਟ ਕਰਦਾ ਹੈ ਕਿ ਸਿੱਖ, ਸਿੰਘ ਅਤੇ ਖ਼ਾਲਸਾ ਵਿਚ ਕੋਈ ਫ਼ਰਕ ਨਹੀਂ ਹੈ। ਮਨ ਵਿਚ ਡਰ ਪੈਦਾ ਕਰਦਿਆਂ, ਇਹ ਗ਼ਲਤ ਵਿਆਖਿਆ ਹੈ ਕਿ ਜੋ ਸਿੱਖ ਸੂਤਰਪਾਤ-ਅਮ੍ਰਿਤ ਦੇ ਸੰਕਲਪ ਨੂੰ ਬਣਾਏ ਰਖ ਸਕਦੇ ਹਨ ਸਿਰਫ ਉਨ੍ਹਾਂ ਨੂੰ ਹੀ ਅਮ੍ਰਿਤ ਛੱਕਣਾ ਚਾਹੀਦਾ ਹੈ। ਕੁਝ ਇਸ ਹੱਦ ਤੱਕ ਵੀ ਜਾਂਦੇ ਹਨ ਕਿ ਛੱਕਣ ਵਾਲੇ ਇਸਦੇ ਯੋਗ ਹੋਣੇ ਚਾਹੀਦੇ ਹਨ। ਜਿਵੇਂ ਕਿ ਇਹ ਸਿੱਖ ਸੂਤਰਪਾਤ ਹੈ, ਇਸਲਈ ਸਿੱਖ ਧਰਮ ਵਿਚ ਸਵੀਕ੍ਰਿਤੀ ਲਈ ਸਾਰੇ ਸਿੱਖਾਂ ਵਲੋਂ ਇਸਨੂੰ ਛਕਿਆ ਜਾਣਾ ਚਾਹੀਦਾ ਹੈ।

ਹਰ ਕੋਈ ਜੋ ਸਿੱਖ ਧਰਮ, ਸਿੱਖ ਗੁਰੂਆਂ ਅਤੇ ਉਨ੍ਹਾਂ ਦੀ ਸਿਖਿਆ ਵਿਚ ਨਿਸ਼ਠਾਪੂਰਣ ਵਿਸ਼ਵਾਸ ਨਾਲ ਸਿੱਖ ਬਨਣ ਦਾ ਫੈਸਲਾ ਕਰਦਾ ਹੈ, ਵਚਨ ਬਣਾਏ ਰੱਖਣ ਵਿਚ ਅਤੇ ਅਮ੍ਰਿਤ ਛਕਣ ਦੇ ਲਈ ਯੋਗ ਹੋਣ ਵਿਚ ਵਿਸ਼ਵਾਸ ਕਰਦਾ ਹੈ। ਹੋਰ ਕਿਸੇ ਨੂੰ ਉਸ ਉੱਤੇ ਸ਼ੱਕ ਕਰਨ ਅਤੇ ਉਸਦਾ ਮੁਲੰਕਣ ਕਰਨ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਹੈ। ਇਤਿਹਾਸ ਵਿਚ ਦਰਜ ਹੈ ਕਿ 1699 ਦੀ ਵਿਸਾਖੀ ਨੂੰ, ਜਦੋਂ ਦਸਵੀਂ ਪਾਤਸ਼ਾਹੀ ਨੇ ਸਿੱਖ ਸੂਤਰਪਾਤ ਦਾ ਆਦੇਸ਼ ਦਿੱਤਾ, ਵੀਹ ਹਜ਼ਾਰ ਸਿੱਖਾਂ ਨੇ ਇਸਨੂੰ ਉੱਥੇ ਹੀ ਛੱਕਿਆ, ਜੱਦਕਿ ਅੱਸੀ ਹਜ਼ਾਰ ਲੋਕਾਂ ਨੇ ਉਸੇ ਹਫਤੇ ਵਿਚ ਛੱਕਿਆ। ਉਨ੍ਹਾਂ ਦਾ ਕਿਸੇ ਵਲੋਂ ਵੀ ਉਨ੍ਹਾਂ ਦੇ ਵਚਨ ਨੂੰ ਬਣਾਏ ਰੱਖਣ ਅਤੇ ਇਸ ਲਈ ਯੋਗ ਹੋਣ ਦਾ ਨਿਰਧਾਰਣ ਨਹੀਂ ਕੀਤਾ ਗਿਆ ਸੀ। ਇਹ, ਇਹ ਸਿੱਧ ਕਰਨ ਲਈ ਬਹੁਤ ਹੈ ਕਿ ਸਿੱਖ ਸੂਤਰਪਾਤ ਸਾਰੇ ਸਿੱਖਾਂ ਲਈ ਸੀ। ਇਹ ਬਲਕਿ ਛੱਕਣ ਵਾਲੇ ਨੂੰ ਇਸਦੇ ਉਦੇਸ਼ ਅਤੇ ਕਰਮਾਂ ਲਈ ਵਫਾਦਾਰ ਹੋਣ ਦੀ ਦ੍ਰਿੜ੍ਹਤਾ ਪ੍ਰਦਾਨ ਕਰਦਾ ਹੈ। ਇਸਦੇ ਸਿੱਖ ਬਨਣ ਲਈ ਸਿੱਖ ਸੂਤਰਪਾਤ ਹੋਣ ਤੇ, ਪਹਿਲੀ ਸਥਿਤੀ ਉੱਤੇ ਸ਼ੱਕ ਕਿਓਂ ਕਰਨਾ। ਕੁਝਨਾਂ ਵਲੋਂ ਗ਼ਲਤ ਧਾਰਨਾ ਵਾਲਾ ਸਵਾਲ ਉਠਾਇਆ ਗਿਆ ਹੈ ਕਿ ਸਿੱਖ ਸੂਤਰਪਾਤ ਅਤੇ ਆਦਰਸ਼ ਜ਼ਾਬਤਾ ਕਿਸ ਲਈ ਪ੍ਰਦਾਨ ਕੀਤੇ ਗਏ ਹਨ ਕਿਓਂ ਜੋ ਸਿੱਖ ਧਰਮ ਅਧਿਆਤਮਿਕਤਾ ਨਾਲ ਸੰਬੰਧਤ ਹੈ। ਇਸਨੂੰ ਸਮਝਣ ਲਈ, ਧਰਮ ਦੇ ਅੰਦਰ ਤੱਕ ਜਾ ਕੇ ਅਤੇ ਹੋਰ ਧਰਮਾਂ ਵਿਚ ਮੌਜੂਦ ਨਾਮਕਰਣ ਵਿਧੀ ਨੂੰ ਸਮਝਣਾ ਪਵੇਗਾ। ਈਸਾਈ-ਧਰਮ ਵੀ ਅਧਿਆਤਮਿਕਤਾ ਨਾਲ

ਸੰਬੰਧਤ ਹੈ, ਜਿੱਥੇ ਬਪਤਿਸਮਾ ਲਾਜ਼ਮੀ ਹੈ। ਬਪਤਿਸਮਾ ਦਾ ਮਤਲਬ ਧਰਮ ਲਈ ਸਵੀਕ੍ਰਿਤੀ ਹੈ। ਧਰਮ ਫ੍ਰੀਲਾਂਸਰਾਂ ਦੀ ਖੇਡ ਨਹੀਂ ਹੈ ਕਿ ਕੋਈ ਵੀ ਬਿਨਾਂ ਕਿਸੇ ਅਨੁਸ਼ਾਸਨ ਅਤੇ ਇਕਰੂਪਤਾ ਦੇ ਕੁਝ ਵੀ ਕਰ ਸਕਦਾ ਹੈ। ਧਰਮ ਦੀ ਪਰਿਭਾਸ਼ਾ, ਵਿਸ਼ਵਾਸ ਅਤੇ ਪੂਜਾ ਦੀ ਇਕ ਪ੍ਰਣਾਲੀ ਹੈ। ਹਰ ਪ੍ਰਣਾਲੀ ਵਿਚ, ਜੋ ਵੀ ਇਸਦਾ ਅਹੁਦਾ ਹੋਵੇ, ਇਸਦੇ ਆਦਰਸ਼ ਜ਼ਾਬਤਾ ਅਤੇ ਅਨੁਸ਼ਾਸਨ ਦੀ ਬਹੁਤ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ, ਨਹੀਂ ਤਾਂ ਇਹ ਸ਼ਾਂਤੀ ਨਾਲ ਨਹੀਂ ਚਲ ਸਕਦੀ। ਦੁਨਿਆ ਦੀ ਹਰ ਆਮ ਪ੍ਰਣਾਲੀ ਦੇ ਵਿਚ ਵੀ, ਸਕੂਲੀ ਸਿਖਿਆ ਦੀ, ਪੁਲਿਸ, ਫੌਜ, ਅਦਾਲਤ ਕਿਸੇ ਦੀ ਵੀ ਹੋਵੇ, ਵਰਦੀ ਅਤੇ ਦੂਜੇ ਅਨੁਸ਼ਾਸਨ ਦਿੱਤੇ ਜਾਂਦੇ ਹਨ। ਕੋਈ ਵੀ ਨਹੀਂ ਪੁੱਛਦਾ ਕਿ ਇਹ ਕਿਓਂ ਦਿੱਤੇ ਗਏ ਹਨ ਬਲਕਿ ਇਸਨੂੰ ਸਵੀਕਾਰ ਕਰ ਲੈਂਦੇ ਹਨ। ਧਰਮ, ਬਹੁਤ ਉੱਚ ਮਹਾਨਤਾ, ਜੀਵਨ ਦਾ ਉੱਚ ਕੀਮਤਾਂ ਨਾਲ ਸੰਬੰਧਤ ਅਤੇ ਰੁਹਾਨੀ ਗਿਆਨ ਦੀ ਪ੍ਰਣਾਲੀ ਹੈ ਅਤੇ ਇਸਦੇ ਅਨੁਸ਼ਾਸਨ ਅਤੇ ਆਦਰਸ਼ ਜ਼ਾਬਤਾ ਤੇ ਸਵਾਲ ਨਹੀਂ ਕੀਤਾ ਜਾ ਸਕਦਾ, ਜੋ ਉੱਚ ਮਹੱਤਵ, ਇਕਰੂਪਤਾ ਅਤੇ ਇੱਕ-ਸਾਰਤਾ ਨੂੰ ਪ੍ਰਾਪਤ ਕਰਨ ਵਿਚ ਮਦਦ ਕਰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵ-ਅਧਿਕਾਰੀਆਂ ਵਲੋਂ ਵਿਕਸਿਤ ਕੀਤੇ ਗਏ, ਸਿੱਖ ਧਰਮ ਦੇ ਆਖਿਰੀ ਪਹਿਲੂ ਨੂੰ ਪੂਰਾ ਕੀਤਾ ਸੀ। ਕਿਸੇ ਵੀ ਜੀਉਂਦੇ ਗੁਰੂ ਨੂੰ ਨਹੀਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਸਥਿਰ ਅਮਰ ਗੁਰੂ ਬਣਾਇਆ ਜਾਣਾ ਸੀ। ਇਸਲਈ ਉਨ੍ਹਾਂ ਨਵੇਂ ਸਿੱਖ ਸੂਤਰਪਾਤ ਦਾ ਆਦੇਸ਼ ਦੇਣਾ ਪੈਣਾ ਸੀ, ਜੋ ਉਨ੍ਹਾਂ ਨੇ ਆਮਤੌਰ ਤੇ ਅਮ੍ਰਿਤ ਕਹੇ ਜਾਣ ਵਾਲੇ, ਖੰਡੇ ਦੇ ਪਾਹੁਲ ਦੇ ਰੂਪ ਵਿਚ ਦਿੱਤਾ, ਜੋ ਸਿੱਖ ਧਰਮ ਦਾ ਹਿੱਸਾ ਹੈ ਅਤੇ ਸਿੱਖਾਂ ਲਈ ਲਾਜ਼ਮੀ ਹੈ। ਉਨ੍ਹਾਂ ਆਪ ਇਸਨੂੰ ਪੰਜ ਪਿਆਰਿਆਂ ਨੂੰ ਛਕਾਉਣ ਤੋਂ ਬਾਅਦ ਉਨ੍ਹਾਂ ਦੇ ਕੋਲੋਂ ਛੱਕਿਆ। ਸਿੱਖਾਂ ਲਈ ਹੋਰ ਜ਼ਿਆਦਾ ਸੰਦੇਸ਼ ਕੀ ਹੋ ਸਕੇਗਾ ਕਿ ਸਿੱਖਾਂ ਨੂੰ ਇਹ ਛੱਕਣਾ ਚਾਹੀਦਾ ਹੈ।

ਕੁਝਨਾਂ ਵਲੋਂ ਦੂਜਾ ਸਵਾਲ ਚੁੱਕਿਆ ਗਿਆ ਸੀ ਕਿ ਸਿੱਖ ਗੁਰੂਆਂ ਵਲੋਂ ਦੂਜੇ ਧਰਮ ਦੇ ਚਿੰਨ੍ਹਾਂ ਦੀ ਆਲੋਚਨਾ ਕੀਤੀ ਗਈ ਸੀ ਅਤੇ ਸਿੱਖ ਧਰਮ ਦੇ ਪੰਜ ਚਿੰਨ੍ਹ ਕਿਉਂ। ਸਿੱਖ ਗੁਰੂਆਂ ਨੇ ਹੋਰ ਵਿਸ਼ਵਾਸਾਂ, ਪ੍ਰਣਾਲੀਆਂ ਅਤੇ ਧਰਮਾਂ ਦੇ ਚਿੰਨ੍ਹਾਂ ਦੀ ਆਲੋਚਨਾ ਕੀਤੀ ਸੀ ਕਿਓਂ ਜੋ ਉਨ੍ਹਾਂ ਧਰਮਾਂ ਦੇ ਅਨੁਯਾਯੀਆਂ ਨੇ ਧਾਰਮਕ ਸਿੱਖਿਆਵਾਂ ਨੂੰ ਸਿਰਫ ਚਿੰਨ੍ਹਾਂ ਤੱਕ ਹੀ ਸੀਮਿਤ ਕਰ ਕੇ ਰੱਖ ਦਿੱਤਾ ਸੀ। ਸਿੱਖ ਗੁਰੂਆਂ ਨੇ, ਉਨ੍ਹਾਂ ਲੋਕਾਂ ਦੇ ਚਿੰਨ੍ਹਾਂ ਦੇ ਮਾਮਲੇ ਵਿਚ, ਉਨ੍ਹਾਂ ਦੇ ਮਨ ਵਿਚ ਸੱਚ, ਸੰਤੋਖ, ਦਇਆ, ਨਿਆਂ, ਕਿਰਪਾ, ਮਿਹਰਬਾਨੀ, ਮੁਆਫ਼ੀ, ਨਿਮਰਤਾ ਦੇ ਨਾਲ ਰੱਬ ਦਾ ਨਾਂ ਜੱਪਣ ਦੇ ਗੁਣ ਪੈਦਾ ਕਰਨ ਲਈ ਅਤੇ ਉਨ੍ਹਾਂ ਦੇ ਦਿਮਾਗ਼ ਵਿਚ ਰੱਬ ਨੂੰ ਪਾਉਣ ਲਈ, ਉਨ੍ਹਾਂ ਦਾ ਰੱਬੀ ਮਾਰਗ-ਦਰਸ਼ਨ ਕੀਤਾ। ਆਦੇਸ਼ ਕੀਤੇ ਗਏ, ਸਿੱਖ ਸੂਤਰਪਾਤ, ਚਿੰਨ੍ਹ ਅਤੇ ਸਿੱਖ ਆਦਰਸ਼ ਜ਼ਾਬਤਾ, ਦਿਮਾਗ਼ ਵਿਚ ਰੱਬ ਨੂੰ ਗ੍ਰਹਿਣ ਕਰਨ, ਅਤੇ ਚੰਗਿਆਈਆਂ ਪੈਦਾ ਕਰਨ, ਬੁਰਾਈਆਂ ਦਾ ਨਾਸ਼ ਕਰਨ ਅਤੇ ਹੰਕਾਰ ਨੂੰ ਜਲਾ ਕੇ ਸਚਾਈ ਨਾਲ ਭਰਪੂਰ ਸਿੱਖੀ ਢੰਗ ਵਿਚ ਜੀਓਣ, ਧਰਮਾਂ ਲਈ ਲਾਜ਼ਮੀ, ਇਸਦੀ ਇਕਰੂਪਤਾ ਅਤੇ ਵੱਖਰੀ ਪਛਾਣ ਨੂੰ ਕਾਇਮ ਰੱਖਣ ਦੇ ਉਨ੍ਹਾਂ ਉੱਚ ਆਦਰਸ਼ਾਂ ਵੱਲ ਹੈ।

ਬਸ ਉਨ੍ਹਾਂ ਭਗਤਾਂ ਦਾ ਉਦਾਹਰਣ ਲੈਂਦੇ ਹਾਂ ਜਿਨ੍ਹਾਂ ਦੇ ਰੁਹਾਨੀ ਭਜਨ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ, ਅਧਿਆਤਮਿਕਤਾ ਨਾਲ ਸੰਬੰਧਤ, ਪਰ ਉਹ ਕੋਈ ਧਰਮ ਸਥਾਪਿਤ ਨਹੀਂ ਕਰ ਸਕੇ। ਉਹ ਆਪਣੀ ਵਿਅਕਤਿਕਤਾ ਵਿਚ ਸਨ ਅਤੇ ਧਰਮ ਦੀ ਕੋਈ ਪ੍ਰਣਾਲੀ ਨਹੀਂ ਬਣਾਈ। ਜੇ ਸਿੱਖ, ਸਿੱਖੀ ਦੀ ਰੁਹਾਨੀ ਸਿੱਖਿਆਵਾਂ ਦਾ ਪਾਲਨ ਕੀਤੇ ਬਿਨਾਂ ਅਤੇ ਸਿੱਖੀ ਢੰਗ ਵਿਚ ਜਵਿਨ ਜੀਉਣ ਦੇ ਬਿਨਾਂ ਸਿੱਖ ਧਰਮ ਨੂੰ ਸਿਰਫ ਸਿੱਖੀ ਚਿੰਨ੍ਹਾਂ ਤੱਕ ਹੀ ਸੀਮਿਤ ਕਰ ਦੇਣਗੇ, ਤਾਂ ਉਹ ਵੀ ਉਸ ਆਲੋਚਨਾ ਨੂੰ ਖਿੱਚਣਗੇ। ਸਿੱਖ ਸੂਤਰਪਾਤ ਦਸਵੀਂ ਪਾਤਸ਼ਾਹੀ ਵਲੋਂ ਆਦੇਸ਼ ਕੀਤੇ ਗਏ ਆਦਰਸ਼ ਜ਼ਾਬਤਾ ਦਾ ਪਾਲਨ ਕਰਦਿਆਂ, ਸਿੱਖ ਬਨਣ ਲਈ, ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਲਈ ਹੈ ਅਤੇ ਫਿਰ ਇਹ ਮਨੁੱਖ ਤੋਂ ਮਨੁੱਖ ਤੇ ਨਿਰਭਰ ਕਰਦਾ ਹੈ ਕਿ ਕਿਨਾਂ ਉੱਚ ਦਰਜਾ ਉਸਨੂੰ ਪ੍ਰਾਪਤ ਹੈ। ਜਿਨ੍ਹਾਂ ਜ਼ਿਆਦਾ ਉਹ ਸਿੱਖ ਗੁਰੂਆਂ ਦੇ ਰੱਬੀ ਗਿਆਨ ਅਤੇ ਉਨ੍ਹਾਂ ਦੀ ਸਿਖਿਆ ਨੂੰ ਸਮਝੇਗਾ ਅਤੇ ਉਸ ਤੇ ਅਮਲ ਕਰੇਗਾ, ਉਨ੍ਹਾਂ ਹੀ ਜ਼ਿਆਦਾ ਉਹ ਉੱਪਰ ਤੇ ਉੱਪਰ ਜਾਵੇਗਾ। ਅਜਿਹੇ ਘਟੀਆ ਆਧਾਰ ਤੇ ਸਿੱਖ ਸੂਤਰਪਾਤ ਦੀ ਆਲੋਚਨਾ ਉਲਝਨਾਂ ਪੈਦਾ ਕਰਨ ਤੋਂ ਵੱਧ ਕੁਝ ਵੀ ਨਹੀਂ ਹੈ, ਜੋ ਸਿੱਖ ਇਤਿਹਾਸਕ ਦ੍ਰਿਸ਼ਟੀਕੋਣ ਦੀ ਸਮਝ ਵਿਚ ਪੂਰੀ ਤਰ੍ਹਾਂ ਕਮੀ ਜਾਂ ਬੇਈਮਾਨ ਵਿਚਾਰਾਂ ਤੋਂ ਪ੍ਰੇਰਿਤ ਹੋਣ ਦੇ ਆਧਾਰ ਤੇ ਹੈ। ਇਹ ਦਸਵੀਂ ਪਾਤਸ਼ਾਹੀ ਅਤੇ ਉਨ੍ਹਾਂ ਦੀ ਰੁਹਾਨੀ ਰਚਨਾਵਾਂ ਦੇ ਨਿਰਾਦਰ ਅਤੇ ਉਨ੍ਹਾਂ ਦੇ ਹੁਕਮਾਂ ਦੇ ਵਿਰੋਧ ਨੂੰ ਦਰਸ਼ਾਉਂਦਾ ਹੈ, ਜੋ ਇੱਕ ਸੱਚਾ ਸਿੱਖ ਕਦੇ ਨਹੀਂ ਕਰ ਸਕਦਾ। ਸਿੱਖ ਅਤੇ ਖ਼ਾਸ ਕਰਕੇ ਸਿੱਖ ਲੇਖਕਾਂ ਨੂੰ ਇਨ੍ਹਾਂ ਮਾਮਲਿਆਂ ਵਿਚ ਆਤਮ ਸੰਜਮ ਨਾਲ ਬਹੁਤ ਸਾਵਧਾਨ ਹੋਣ ਦੀ ਲੋੜ ਹੈ ਕਿ ਆਪਣੀ ਵਿਅਕਤੀਗਤ ਸਨਕ ਜਾਂ ਕਿਸੇ ਪ੍ਰੇਰਣਾ ਦੇ ਅਧੀਨ ਸਿੱਖ ਕਦਰਾਂ-ਕੀਮਤਾਂ ਅਤੇ ਸਿੱਖ ਸਾਮੂਹਿਕ ਫੈਸਲਿਆਂ ਦਾ ਨਿਰਾਦਰ ਨਾ ਕੀਤਾ ਜਾਵੇ। ਇੱਕ ਧਰਮ ਦੇ ਧਾਰਮਕ ਸਿੱਧਾਂਤ, ਕਥਨ ਅਤੇ ਆਦਰਸ਼ ਜ਼ਾਬਤਾ ਉਸ ਧਰਮ ਦੇ ਅਨੁਯਾਯੀਆਂ ਲਈ ਲਾਜ਼ਮੀ ਹਨ ਅਤੇ ਉਨ੍ਹਾਂ ਦੀ ਨਿਜੀ ਸਿਆਣਪ ਨੂੰ ਰੱਦ ਕਰਦੇ ਹਨ। ਉਨ੍ਹਾਂ ਨੂੰ ਇਨ੍ਹਾਂ ਦੀ ਆਲੋਚਨਾ ਕਰਨ ਅਤੇ ਇਨ੍ਹਾਂ ਨੂੰ ਲਲਕਾਰਣ ਦਾ ਕੋਈ ਅਧਿਕਾਰ ਨਹੀਂ ਹੋ ਸਕਦਾ।

ਜ਼ਿਆਦਾਤਰ ਸਿੱਖ ਅਤੇ ਖ਼ਾਸ ਕਰਕੇ ਸਿੱਖ ਯੁਵਾ ਪੈਦਾ ਕੀਤੀਆਂ ਗਈਆਂ ਉਲਝਨਾਂ ਅਤੇ ਸਿੱਖੀ ਧਰਮ ਦੇ ਪ੍ਰਚਾਰ ਵਿਚ ਕਮੀ ਕਾਰਣ ਸਿੱਖੀ ਆਦਰਸ਼ ਜ਼ਾਬਤਾ ਤੋਂ ਦੂਰ ਹੁੰਦੇ ਜਾ ਰਹੇ ਹਨ ਕਿਓਂ ਜੋ ਉਨ੍ਹਾਂ ਵਿਚੋਂ ਕੁਝ ਇਹ ਵੀ ਸੋਚਦੇ ਹਨ ਕਿ ਇਹ ਸ਼ਾਇਦ ਉਨ੍ਹਾਂ ਦੇ ਧਰਮ ਦਾ ਹਿੱਸਾ ਨਹੀਂ ਹੈ। ਉਨ੍ਹਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਇਹ ਸਿੱਖ ਧਰਮ ਦਾ ਹਿੱਸਾ ਹੈ ਅਤੇ ਉਨ੍ਹਾਂ ਲਈ ਲਾਜ਼ਮੀ ਹੈ। ਇੱਕ, ਜੋ ਸਿੱਖ ਧਰਮ ਵਿਚ ਵਿਸ਼ਵਾਸ ਕਰਦਾ ਹੈ ਅਤੇ ਕਿਸੇ ਹੋਰ ਧਰਮ ਵਿਚ ਨਹੀਂ, ਜੋ ਇੱਕ ਰੱਬ, ਦੱਸੋਂ ਸਿੱਖ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੀ ਸਿੱਖਿਆਵਾਂ ਵਿਚ ਵਿਸ਼ਵਾਸ ਕਰਦਾ ਹੈ, ਜੋ ਸਿੱਖ ਸੂਤਰਪਾਤ ਗ੍ਰਹਿਣ ਕਰਦਾ ਹੈ ਅਤੇ ਦਸਵੀਂ ਪਾਤਸ਼ਾਹੀ, ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਕੀਤੇ ਸਿੱਖੀ ਆਦਰਸ਼ ਜ਼ਾਬਤਾ ਵਿਚ ਜੀਵਨ ਜੀਉਂਦਾ ਹੈ, ਸਿੱਖ ਹੈ। ਕੁਝ ਸਿੱਖ ਜੋ ਉਸ ਲਹਿਜੇ ਵਿਚ ਸਿੱਖ ਸੂਤਰਪਾਤ ਗ੍ਰਹਿਣ ਨਹੀਂ ਕਰਦੇ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਨਹੀਂ ਕਰਦੇ, ਆਪਣੀ ਸੁਵਿਧਾ ਜਾਂ ਕਿਸੇ ਹੋਰ ਕਾਰਣ ਲਈ, ਅਤੇ ਉਨ੍ਹਾਂ ਵਿਚੋਂ ਕੁਝ ਜੋ ਆਪਣੇ ਪ੍ਰਚਾਰ ਨੂੰ ਜੋੜਨ ਲਈ ਸਿੱਖ ਪਛਾਣ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ ਕਿ ਸਿੱਖੀ ਹਿੰਦੂ ਧਰਮ ਦਾ ਹਿੱਸਾ ਹੈ ਅਤੇ ਸਿੱਖ ਹਿੰਦੂਆਂ ਦੀ ਸੰਪਰਦਾ

ਹੈ, ਸਿੱਖ ਸੂਤਰਪਾਤ ਅਤੇ ਸਿੱਖ ਆਦਰਸ਼ ਜ਼ਾਬਤਾ ਨੂੰ ਲੈ ਕੇ ਵਿਵਾਦ ਪੈਦਾ ਕਰਦੇ ਹਨ।

ਉਹ ਗ਼ਲਤ ਧਾਰਨਾ ਵਾਲੇ ਤਰਕ ਨੂੰ ਸਾਮ੍ਹਣੇ ਰੱਖਦੇ ਹਨ ਕਿ ਸਿੱਖ ਗੁਰੂਆਂ ਦੀ ਰੂਹਾਨੀ ਰਚਨਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਇਹ ਕਿਤੇ ਵੀ ਪ੍ਰਦਾਨ ਨਹੀਂ ਕੀਤਾ ਗਿਆ ਹੈ। ਅਜਿਹੇ ਮਾਮਲੇ, ਜੋ ਸਿੱਖ ਧਰਮ ਦੇ ਸੰਗਠਨਾਂ ਨਾਲ ਸੰਬੰਧਤ ਹਨ, ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਰੱਬ ਦੇ ਨਾਂ ਦੇ ਆਤਮਕ ਪਹਿਲੂ ਹਨ, ਵਿਚ ਸ਼ਾਮਲ ਨਹੀਂ ਹਨ। ਇਸ ਵਿਚ ਇਸ ਸੰਬੰਧ ਵਿਚ ਕਈ ਸੰਤਾਂ ਦੇ ਰੱਬੀ ਭਜਨ ਵੀ ਸ਼ਾਮਲ ਹਨ ਜੋ ਮੁਸਲਮ ਅਤੇ ਹਿੰਦੂ ਵੀ ਸਨ ਅਤੇ ਸਿੱਖ ਨਹੀਂ ਸਨ। ਹਾਲਾਂਕਿ ਅਨਕੱਟੇ ਬਾਲ ਰੱਖਣ ਦੀ ਸਿੱਖ ਆਦਰਸ਼ ਜ਼ਾਬਤਾ ਦੀ ਮੂਲ ਲੋੜ ਨੂੰ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ ਤੇ, ਸਿੱਖ ਧਰਮ ਦੇ ਸੰਸਥਾਪਕ, ਗੁਰੂ ਨਾਨਕ ਦੇਵ ਜੀ ਦੇ ਪਹਿਲੇ ਰੂਹਾਨੀ ਐਲਾਨ ਦਾ ਸਮੱਰਥਣ ਪ੍ਰਾਪਤ ਹੈ, ਕਿ ਇੱਕ ਨੂੰ ਉਸ ਰੱਬ, ਪਰਮਾਤਮਾ, ਦੇ ਰੂਹਾਨੀ ਹੁਕਮ ਹੇਠ ਹੀ ਜੀਉਣਾ ਚਾਹੀਦਾ ਹੈ। ਸ਼ਰੀਰ ਤੇ ਬਾਲ ਰੱਬ ਦੀ ਇੱਛਾ ਦੇ ਅਧੀਨ ਹਨ ਅਤੇ ਜੇ ਕੱਟੇ ਜਾਣ, ਇਹ ਸਪਸ਼ਟ ਰੂਪ ਨਾਲ ਰੱਬ ਦੀ ਮਰਜ਼ੀ ਦਾ ਵਿਰੋਧ ਹੋਵੇਗਾ, ਜਿਸ ਦੀ ਸਿੱਖ ਧਰਮ ਵਿਚ ਮੰਜ਼ੂਰੀ ਨਹੀਂ ਹੈ। ਸਾਰੇ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਸਮੱਰਪਿਤ ਅਨੁਯਾਈਆਂ ਨੇ ਸ਼ੁਰੂ ਤੋਂ ਹੀ ਕੇਸ਼ ਅਨਕੱਟੇ ਰੱਖੇ ਹਨ। ਸਿੱਖ ਧਰਮ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਵਲੋਂ ਕੀਤੀ ਗਈ ਅਤੇ ਇਸਦੇ ਨੌਂ ਉੱਤਰਾਧਿਕਾਰੀਆਂ ਵਲੋਂ ਇਸਨੂੰ ਵਿਕਸਿਤ ਕੀਤਾ ਗਿਆ, ਜੱਦਕਿ ਗੁਰੂ ਗੋਬਿੰਦ ਸਿੰਘ ਜੀ, ਦਸਵੇਂ ਸਿੱਖ ਗੁਰੂ, ਨੇ ਇਸਦੇ ਆਖਿਰੀ ਦੌਰ ਨੂੰ ਪੂਰਾ ਕੀਤਾ। ਉਨ੍ਹਾਂ ਨੇ ਸਿੱਖਾਂ ਲਈ ਲਾਜ਼ਮੀ, ਅਤੇ ਸਿੱਖ ਧਰਮ ਦਾ ਹਿੱਸਾ ਬਨਾਉਣ ਲਈ, ਅਤੇ ਇੱਕ ਵੱਖਰੀ ਸਿੱਖ ਪਛਾਣ ਦੀ ਸਥਾਪਨਾ ਲਈ ਇਸ ਵਿਧੀ ਵਿਚ ਬਹੁਤ ਹੀ ਮਹੱਤਵਪੂਰਣ ਅਤੇ ਮੂਲ ਰੂਹਾਨੀ ਐਲਾਨ ਕੀਤੇ। ਇਹ, 1699 ਦੀ ਵਿਸਾਖੀ ਤੇ, ਜ਼ਰੂਰੀ ਅਮ੍ਰਿਤ ਦੇ ਸਿੱਖ ਸੂਤਰਪਾਤ, ਪੰਜ ਸਿੱਖੀ ਚਿੰਨ੍ਹ ਅਤੇ ਸਿੱਖ ਆਦਰਸ਼ ਜ਼ਾਬਤਾ ਨੂੰ ਪੇਸ਼ ਕਰਨ ਲਈ ਸਨ। ਉਨ੍ਹਾਂ ਆਪ ਅਮ੍ਰਿਤ ਤਿਆਰ ਕੀਤਾ ਅਤੇ ਪੰਜ ਪਿਆਰਿਆਂ ਨੂੰ ਛੱਕਾਇਆ। ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਇਹ ਅਮ੍ਰਿਤ ਉਸੇ ਵਿਧੀ ਵਿਚ ਬਾਕੀ ਸਿੱਖਾਂ ਨੂੰ ਅਤੇ ਕਿਸੇ ਪੰਜ ਸਿੱਖਾਂ ਨੂੰ, ਜੋ ਸਖ਼ਤੀ ਨਾਲ ਸਿੱਖੀ ਆਦਰਸ਼ ਜ਼ਾਬਤਾ ਲਈ ਦਰਿੜ੍ਹ ਸਨ, ਛੱਕਾਉਣ ਦਾ ਅਧਿਕਾਰ ਦਿੱਤਾ। ਉਨ੍ਹਾਂ ਆਪ ਉਨ੍ਹਾਂ ਪੰਜ ਪਿਆਰਿਆਂ ਤੋਂ ਇਹ ਅਮ੍ਰਿਤ ਗ੍ਰਹਿਣ ਕੀਤਾ ਜਿਨ੍ਹਾਂ ਨੂੰ ਉਨ੍ਹਾਂ ਨੇ ਇਹ ਛੱਕਾਇਆ ਸੀ। ਉਨ੍ਹਾਂ ਨੇ ਉਸ ਵੇਲੇ ਉੱਥੇ ਮੌਜੂਦ ਸਾਰੇ ਸਿੱਖਾਂ ਨੂੰ ਅਮ੍ਰਿਤ ਗ੍ਰਹਿਣ ਕਰਨ ਦਾ ਨਿਰਦੇਸ਼ ਦਿੱਤਾ।

ਇਤਿਹਾਸ ਵਿਚ ਦਰਜ ਹੈ ਕਿ ਵੀਹ ਹਜ਼ਾਰ ਤੋਂ ਵੀ ਜ਼ਿਆਦਾ ਸਿੱਖਾਂ ਨੇ ਉਸ ਦਿਨ ਅਮ੍ਰਿਤ ਗ੍ਰਹਿਣ ਕੀਤਾ ਜਿਨ੍ਹਾਂ ਦੇ ਕੇਸ਼ ਅਨਕੱਟੇ ਅਤੇ ਅਸਲ ਰੂਪ ਵਿਚ ਹੀ ਸਨ ਅਤੇ ਕਿ ਅੱਸੀ ਹਜ਼ਾਰ ਤੋਂ ਵੀ ਵੱਧ ਸਿੱਖਾਂ ਨੇ ਉਸੇ ਹਫਤੇ ਵਿਚ ਅਮ੍ਰਿਤ ਦੇ ਸਿੱਖ ਸੂਤਰਪਾਤ ਨੂੰ ਗ੍ਰਹਿਣ ਕੀਤਾ। ਇਹ ਸਥਾਪਿਤ ਕਰਨ ਲਈ ਬਹੁਤ ਹੈ ਕਿ ਅਮ੍ਰਿਤ ਦਾ ਸਿੱਖ ਸੂਤਰਪਾਤ ਸਾਰੇ ਸਿੱਖਾਂ ਲਈ ਸੀ।ਗੁਰੂ ਗੋਬਿੰਦ ਸਿੰਘ ਜੀ ਨੇ ਅਗਲੇ ਹੀ ਮਹੀਨਨੇ ਜੇਠ ਵਿਚ ਅਮ੍ਰਿਤ ਛਕਣ ਅਤੇ ਪੰਜ ਸਿੱਖੀ ਚਿੰਨ੍ਹ ਧਾਰਨ ਕਰਨ ਅਤੇ ਸਖ਼ਤੀ ਨਾਲ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਨ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਉਨ੍ਹਾਂ ਆਪਣੇ ਰੂਹਾਨੀ ਐਲਾਨ ਵਿਚ ਸਪਸ਼ਟ ਕਰ ਦਿੱਤਾ ਕਿ ਸਿੱਖਾਂ ਲਈ ਲਾਜ਼ਮੀ ਹੁੰਦੇ ਹੋਏ, ਇਸ ਨੂੰ ਲੈ ਕੇ ਕੋਈ ਛੂਟ ਨਹੀਂ ਹੈ ਅਤੇ ਉਨ੍ਹਾਂ ਨੂੰ ਆਪਣੀ ਵੱਖਰੀ ਸਿੱਖੀ ਪਛਾਣ ਜ਼ਰੂਰ ਕਾਇਮ ਰੱਖਣੀ ਚਾਹੀਦੀ ਹੈ। ਮੈਕਸ ਆਰਥਰ ਮੈਕਾੱਲਿਫ, ਸਿੱਖ ਧਰਮ ਦੇ ਮਹਾਨ ਬ੍ਰਿਟਿਸ਼ ਵਿਦਵਾਨ, ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਨਿਰਦੇਸ਼ ਦਿੱਤੇ, "ਉਹ ਜੋ ਬਪਤਿਸਮਾ ਪ੍ਰਾਪਤ ਕੀਤੇ ਬਗ਼ੈਰ ਲੰਬੇ ਕੇਸ਼ ਰੱਖਦਾ ਹੈ, ਢੋਂਗੀ ਅਤੇ ਅਗਿਆਨੀ ਸਿੱਖ ਹੈ। ਮੈਂ ਉਸਨੂੰ ਆਪਣਾ ਆਪ ਨਹੀਂ ਦਿਖਾਵਾਂਗਾ। ਇੱਕ ਧਰਮ ਨੂੰ ਅਪਨਾਉਣਾ ਅਤੇ ਇੱਕ ਦਾ ਦਿਮਾਗ ਦੂਜੇ ਧਰਮ ਵੱਲ ਨਾ ਖਿੱਚਣਾ ਸਭ ਤੋਂ ਵਧੀਆ ਹੈ। ਉਹ ਜੋ ਆਪ ਨੂੰ ਮੇਰਾ ਸਿੱਖ ਕਹਿੰਦੇ ਹਨ ਅਤੇ ਦੂਜੇ ਧਰਮਾਂ ਵਲ ਭਟਕਦੇ ਹਨ ਪਾਪੀ ਹਨ"। ਅਤੇ "ਜੋ ਆਪ ਨੂੰ ਮੇਰਾ ਸੱਚਾ ਸਿੱਖ ਕਹਿੰਦੇ ਹਨ, ਬਪਤਿਸਮਾ ਸਵੀਕਾਰ ਕਰਨ ਅਤੇ ਚੰਗੇ ਕੰਮ ਕਰਨ, ਤਾਂ ਜੋ ਉਨ੍ਹਾਂ ਦੇ ਪਹਿਲੇ ਸਾਰੇ ਪਾਪ ਰੱਬ ਦੀ ਆਸਰੇ ਨੂੰ ਭਾਲਦੇ ਹੋਏ ਦੂਰ ਹੋ ਜਾਣ"। (ਸਿੱਖ ਧਰਮ, ਐਮ.ਏ. ਮੈਕੱਲਿਫ, ਭਾਗ-5, ਸਫੇ 157 ਅਤੇ 159)

ਗੁਰੂ ਗੋਬਿੰਦ ਸਿੰਘ ਜੀ ਕੋਲ ਸਿੱਖਾਂ ਲਈ ਅਮ੍ਰਿਤ ਦੇ ਅਜਿਹੇ ਸਿੱਖ ਸੂਤਰਪਾਤ ਅਤੇ ਆਦਰਸ਼ ਜ਼ਾਬਤਾ ਨੂੰ ਪੇਸ਼ ਕਰਨ ਦਾ ਅਧਿਕਾਰ ਸੀ। ਸਾਰੇ ਸਿੱਖ ਗੁਰੂਆਂ ਵਿਚ ਸਮਾਨ ਰੂਹਾਨੀ ਆਤਮਾ ਸੀ। ਇਕ ਜੋ ਆਪਣੇ ਆਪ ਨੂੰ ਸਿੱਖ ਐਲਾਨਦਾ ਹੈ, ਗੁਰੂ ਗੋਬਿੰਦ ਸਿੰਘ ਜੀ, ਦਸਵੀਂ ਪਾਤਸ਼ਾਹੀ, ਦੇ ਹੁਕਮਾਂ ਦਾ ਸਖਤੀ ਨਾਲ ਪਾਲਨ ਕਰਨ ਲਈ ਬੱਧ ਹੈ, ਜਿਸ ਵਿਚ ਉਨ੍ਹਾਂ ਵਲੋਂ ਹੁਕਮ ਕੀਤੇ ਗਏ ਸਿੱਖ ਸੂਤਰਪਾਤ ਅਤੇ ਸਿੱਖ ਆਦਰਸ਼ ਜ਼ਾਬਤਾ ਸ਼ਾਮਲ ਹਨ, ਜੋ ਸਿੱਖ ਧਰਮ ਦਾ ਹਿੱਸਾ ਹਨ।

ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਐਲਾਨ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ, ਸਿੱਖ ਗੁਰੂਆਂ ਦੀ ਰੂਹਾਨੀ ਆਤਮਾ, ਨੂੰ ਚਿਰਸਥਾਈ ਰੂਪ ਵਿਚ, ਆਉਣ ਵਾਲੇ ਹਰ ਸਮੇਂ ਲਈ, ਸਿੱਖਾਂ ਦਾ ਅਮਰ ਗੁਰੂ ਸਵੀਕਾਰ ਕਰਨਾ ਸੀ ਅਤੇ ਇਸਦੇ ਰੂਹਾਨੀ ਐਲਾਨਾਂ ਤੋਂ ਮਨ ਦੀ ਸ਼ੁੱਧਤਾ ਦੇ ਨਾਲ, ਰੱਬ ਦਾ ਸ਼ਬਦ ਹੁੰਦੇ ਹੋਏ, ਰੱਬੀ ਅਕਲ ਪਾਉਣਾ ਸੀ। ਹਰ ਸਿੱਖ ਅਤੇ ਦੂਜਿਆਂ ਨੇ ਵੀ ਇਹ ਸਵੀਕਾਰ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ ਅਤੇ ਇਸ ਉੱਤੇ ਕੋਈ ਵਿਵਾਦ ਨਹੀਂ ਹੈ। ਸਿੱਖ ਧਰਮ ਵਿਚ, ਇੱਕ ਰੱਬ ਵਿਚ, ਦਸੋਂ ਸਿੱਖ ਗੁਰੂਆਂ ਵਿਚ, ਅਤੇ ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੀ ਸਿੱਖਿਆਵਾਂ ਵਿਚ ਸਿੱਖਾਂ ਦੇ ਵਿਸ਼ਵਾਸ ਨੂੰ ਲੈ ਕੇ ਵੀ ਕੋਈ ਵਿਵਾਦ ਨਹੀਂ ਹੈ। ਸਿੱਖਾਂ ਵਿਚ ਕੋਈ ਵਰਗੀਕਰਣ ਜਾਂ ਸ਼੍ਰੇਣੀ ਨਹੀਂ ਹੈ। ਇਕ ਸਿੱਖ ਹੈ ਜਾਂ ਨਹੀਂ ਅਤੇ ਵਿਚਕਾਰ ਕੁਝ ਵੀ ਨਹੀਂ ਹੈ। ਹਾਲਾਂਕਿ ਸਿੱਖ ਸੂਤਰਪਾਤ, ਸਿੱਖ ਚਿੰਨ੍ਹ, ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਇਤਿਹਾਸਕ ਦ੍ਰਿਸ਼ਟੀਕੋਣ ਦੀ ਸਹੀ ਸਮਝ ਦੀ ਕਮੀ ਕਾਰਣ, ਅਮ੍ਰਿਤਧਾਰੀ ਸਿੱਖ, ਕੇਸ਼ਧਾਰੀ ਸਿੱਖ, ਸਹਿਜਧਾਰੀ ਸਿੱਖ ਅਤੇ ਖ਼ਾਲਸਾ ਸਿੱਖਾਂ ਦੇ ਰੂਪ ਵਿਚ ਆਪ ਬਣਾਈਆਂ ਸ਼੍ਰੇਣੀਆਂ ਪ੍ਰਚਾਰਿਤ ਹੋ ਗਈਆਂ ਹਨ, ਜੋ ਕਿ ਸਿੱਖ ਧਰਮ ਵਿਚ ਸਵੀਕਾਰ ਨਹੀਂ ਕੀਤੀਆਂ ਜਾ ਸਕਦੀਆਂ, ਕਿਉਂ ਜੋ ਸਿੱਖੀ ਦਾ ਰੂਪ ਬਿਨਾਂ ਕਿਸੇ ਛੂਟ ਦੇ ਸਾਰੇ ਸਿੱਖਾਂ ਲਈ ਲਾਜ਼ਮੀ ਹੈ।

ਇੱਕ ਧਰਮ ਦੇ ਲਾਜ਼ਮੀ ਕਥਨਾਂ ਵਿਚ ਨਿਜੀ ਚੋਣ ਜਾਂ ਸਿਆਣਪ ਨਹੀਂ ਹੋ ਸਕਦੀ। ਹਰ ਧਰਮ ਦਾ ਆਪਣੇ ਅਨੁਯਾਈਆਂ ਉੱਤੇ ਬੱਝਵੇਂ ਸੂਤਰਪਾਤ, ਚਿੰਨ੍ਹਾਂ, ਅਤੇ ਆਦਰਸ਼ ਜ਼ਾਬਤਾ ਦਾ ਆਪਣਾ ਹੀ ਰੂਪ ਹੈ, ਇਸ ਤੋਂ ਇਲਾਵਾ, ਇਸਦੀ ਆਪਣੀ ਵਿਚਾਰਧਾਰਾ, ਸਿੱਧਾਂਤ ਅਤੇ ਧਾਰਮਕ ਕਿਰਿਆਵਾਂ ਹਨ। ਹਰ ਕਿਸੇ ਨੂੰ ਧਰਮ, ਜਿਸਨੂੰ ਉਹ ਵਧੀਆ ਸਮਝਦਾ ਹੈ, ਦਾ ਪਾਲਨ ਕਰਨ ਦੀ ਆਜ਼ਾਦੀ ਹੈ ਅਤੇ ਇਕ ਬਾਰ ਉਸਨੇ ਜਿਸ ਧਰਮ ਦੇ ਨਾਲ ਚੱਲਣ ਦਾ ਫੈਸਲਾ ਕਰ ਲਿਆ, ਉਸਨੂੰ ਉਸ ਧਰਮ ਦੇ ਕਥਨਾਂ ਦਾ ਪਾਲਨ ਕਰਨਾ ਪੈਂਦਾ ਹੈ। ਆਪਣੇ ਨਿਜੀ ਵਿਚਾਰਾਂ ਨਾਲ ਕਿਸੇ ਵੀ ਕਥਨ ਨੂੰ ਬਦਲਣ ਜਾਂ ਉਸ ਵਿਚ ਦਖ਼ਲ ਦੇਣ ਦਾ ਉਸਨੂੰ ਕੋਈ ਅਧਿਕਾਰ ਨਹੀਂ ਹੈ ਕਿਉਂ ਜੋ ਇਹ ਉਸ ਧਰਮ ਨੂੰ ਗ਼ਲਤ ਢੰਗ ਨਾਲ ਪੇਸ਼ ਕਰ ਸਕਦਾ ਹੈ ਅਤੇ ਇਸਦੀ ਇਕਰੂਪਤਾ ਅਤੇ ਇੱਕ-ਸਾਰਤਾ ਨੂੰ ਵਿਗਾੜ ਸਕਦਾ ਹੈ। ਇਹ ਆਪ ਪੈਦਾ ਕੀਤੀਆਂ ਸ਼੍ਰੇਣੀਆਂ ਜਾਂ ਵਰਗੀਕਰਣ ਸਿੱਖਾਂ ਅਤੇ ਸਿੱਖ ਧਰਮ ਨੂੰ ਗ਼ਲਤ ਢੰਗ ਨਾਲ ਪੇਸ਼ ਕਰਦੇ ਹਨ। ਕੁਝ ਸਿੱਖ ਅਤੇ ਖ਼ਾਸ ਕਰਕੇ ਸਿੱਖ ਯੁਵਾ ਅਜਿਹੀ ਪੈਦਾ ਕੀਤੀਆਂ ਗਈਆਂ ਉਲਝਨਾਂ ਕਾਰਣ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਦੇ ਢੰਗ ਤੋਂ ਦੂਰ ਹੁੰਦੇ ਜਾ ਰਹੇ ਹਨ।

ਕੁਝ ਸਿੱਖ ਜੋ ਸਿੱਖ ਸੂਤਰਪਾਤ ਗ੍ਰਹਿਣ ਨਹੀਂ ਕਰਦੇ ਅਤੇ ਸਿੱਖ ਆਦਰਸ਼ ਜ਼ਾਬਤਾ ਦਾ ਪਾਲਨ ਨਹੀਂ ਕਰਦੇ, ਬਿਆਨਬਾਜੀ ਦੀ ਇਸ ਹੱਦ ਤੱਕ ਜਾ ਚੁੱਕੇ ਹਨ ਕਿ ਸਿੱਖ ਬਨਣ ਲਈ ਇਨ੍ਹਾਂ ਜ਼ਰੂਰਤਾਂ ਨੂੰ ਸਿੱਖਾਂ ਵਲੋਂ ਵਾਪਸ ਲੈ ਲੈਣਾ ਚਾਹੀਦਾ ਹੈ ਜਿਵੇਂ ਕਿ ਸਿੱਖਾਂ ਦਾ ਬਹੁ-ਮਤ ਇਸ ਨਾਲ ਸਹਿਮਤ ਨਹੀਂ ਹੈ, ਇਸਦੀ ਬਜਾਏ ਇਸ ਬਿਆਨ ਦੇ ਕਿ ਉਨ੍ਹਾਂ ਨੂੰ ਇਨ੍ਹਾਂ ਜ਼ਰੂਰਤਾਂ ਨਾਲ ਸਹਿਮਤ ਹੋਣਾ ਚਾਹੀਦਾ ਹੈ ਅਤੇ ਹੋਰ ਸਿੱਖਾਂ ਨੂੰ ਇਨ੍ਹਾਂ ਜ਼ਰੂਰਤਾਂ ਨੂੰ ਸਮਝਣ ਅਤੇ ਇਸਦਾ ਪਾਲਨ ਕਰਨ ਯੋਗ ਬਨਾਉਣਾ ਚਾਹੀਦਾ ਹੈ। ਉਹ ਇਸ ਬਹਿਸ ਨੂੰ ਵੀ ਅੱਗੇ ਲੈ ਕੇ ਆਏ ਕਿ ਭਾਰਤ ਤੋਂ ਇਲਾਵਾ ਕਿਸੇ ਵੀ ਹੋਰ ਦੇਸ਼ ਵਿਚ, ਸਿੱਖਾਂ ਨੂੰ ਕਿਰਪਾਣ ਪਾਉਣ ਅਤੇ ਦਾੜ੍ਹੀ ਅਤੇ ਪੱਗ ਨਾਲ ਨੌਕਰੀ ਕਰਨ ਲਈ ਵਿਧਾਨ ਸੰਬੰਧੀ ਅਧਿਕਾਰ ਨਹੀਂ ਦਿੱਤੇ ਗਏ ਹਨ ਅਤੇ ਇਸ ਲਈ ਸਿੱਖ ਚਿੰਨ੍ਹਾਂ ਨੂੰ ਰੱਖਣਾ ਮੁਮਕਿਨ ਨਹੀਂ ਹੈ। ਇਹ ਆਪ ਹੀ ਗ਼ਲਤ ਧਾਰਨਾ ਲੱਗਦੀ ਹੈ। ਅਜਿਹੇ ਆਧਾਰ ਬਣਾ ਕੇ ਕਦੇ ਵੀ ਕਿਸੇ ਧਰਮ ਦੇ ਫਰਮਾਨਾਂ ਜਾਂ ਚਿੰਨ੍ਹਾਂ ਦਾ ਵਿਰੋਧ ਨਹੀਂ ਕੀਤਾ ਜਾ ਸਕਦਾ।

ਇਹ ਇਤਿਹਾਸਕ ਸਚਾਈ ਹੈ ਕਿ ਮੁਗ਼ਲ ਕਾਲ ਵਿਚ ਸਿੱਖਾਂ ਨੂੰ ਆਪਣੀ ਮਰਜ਼ੀ ਦੀ ਗ਼ੈਰ-ਫ਼ੌਜੀ ਜਾਂ ਫ਼ੌਜੀ ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਜਾਂਦੀ ਸੀ, ਜੇਕਰ ਉਹ ਆਪਣੇ ਚਿੰਨ੍ਹਾਂ ਨੂੰ ਛੱਡ ਕੇ ਇਸਲਾਮ ਧਰਮ ਅਪਨਾ ਲੈਣ, ਅਤੇ ਨਹੀਂ ਤਾਂ ਉਨ੍ਹਾਂ ਨੂੰ ਸਤਾਇਆ ਜਾਵੇਗਾ ਅਤੇ ਮਾਰ ਦਿੱਤਾ ਜਾਵੇਗਾ ਪਰ ਉਨ੍ਹਾਂ ਨੇ ਪੂਰੀ ਤਰ੍ਹਾਂ ਇਨ੍ਹਾਂ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ ਅਤੇ ਮੌਤ ਨੂੰ ਅਪਨਾ ਲਿਆ। ਇਹ ਇਹ ਉੱਚ ਚੇਤਨਾ ਸੀ ਕਿ ਉਹ ਤਕਰੀਬਨ ਇੱਕ ਸ਼ਤਾਬਦੀ ਤੱਕ ਉਨ੍ਹਾਂ ਜ਼ਾਲਮਾਂ ਦੇ ਖ਼ਿਲਾਫ਼ ਸੰਘਰਸ਼ ਕਰਦੇ ਰਹੇ ਅਤੇ ਉਨ੍ਹਾਂ ਨੂੰ ਪਛਾੜ ਕੇ ਆਪਣਾ ਸਾਮਰਾਜ ਸਥਾਪਿਤ ਕੀਤਾ। ਉਹ ਨਿਰੰਕੁਸ਼ ਸ਼ਾਸਕ ਨਿਯਮ ਬੀਤੇ ਦਿਨਾਂ ਦੇ ਹਨ। ਇਹ ਹੁਣ ਲੋਕਤੰਤ੍ਰੀ ਦੁਨਿਆ ਦਾ ਯੁਗ ਹੈ।

ਕਿ ਸਿੱਖਾਂ ਨੇ ਉਨ੍ਹਾਂ ਦੇਸ਼ਾਂ ਵਿਚ ਜਾ ਕੇ ਆਪ ਆਪਣੇ ਸੂਤਰਪਾਤ, ਚਿੰਨ੍ਹ ਅਤੇ ਸਿੱਖੀ ਆਦਰਸ਼ ਜ਼ਾਬਤਾ ਨੂੰ ਨਹੀਂ ਤਿਆਗ ਦਿੱਤਾ ਸੀ ਜਿੱਥੇ ਜਾ ਕੇ ਉਹ ਵਸ ਗਏ ਸਨ, ਉਨ੍ਹਾਂ ਮੁਲਕਾਂ ਦੀ ਸਰਕਾਰ ਨੇ ਬਹੁਤ ਪਹਿਲਾਂ ਹੀ ਇਸ ਸੰਬੰਧ ਵਿਚ ਉਨ੍ਹਾਂ ਦੇ ਅਧਿਕਾਰਾਂ ਨੂੰ ਸਵੀਕਾਰ ਕਰ ਲਿਆ ਹੋਵੇਗਾ। ਫਿਰ ਵੀ ਜੇ ਕਿਸੇ ਤੇ ਕਿਰਪਾਣ ਰੱਖਣ ਕਰਕੇ ਮੁਕੱਦਮਾ ਚਲਾਇਆ ਗਿਆ ਸੀ, ਉਸਨੂੰ ਆਖਿਰਕਾਰ ਬਰੀ ਕਰ ਦਿੱਤਾ ਗਿਆ ਸੀ। ਜੇ ਕਿਸੇ ਨਾਲ ਪੱਗ ਰੱਖਣ ਕਰਕੇ ਭੇਦਭਾਵ ਕੀਤਾ ਗਿਆ ਸੀ, ਉਸਨੂੰ ਆਖਿਰਕਾਰ ਖ਼ਤਮ ਕਰ ਦਿੱਤਾ ਗਿਆ ਸੀ।

## ਅਧਿਆਇ 4-6

### ਸਿੱਖਾਂ ਵਿਚ ਡੇਰਾਵਾਦ ਅਤੇ ਆਪਣੇ ਧਰਮ ਦਾ ਤਿਆਗ – ਕਾਰਣ ਅਤੇ ਹੱਲ

ਡੇਰਾਵਾਦ ਪੂਰੀ ਤਰ੍ਹਾਂ ਸਿੱਖ ਧਰਮ ਦੀ ਰੂਹਾਨੀ ਸੋਚ ਦੇ ਵਿਰੁੱਧ ਹੈ। ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਅਮਰ ਗੁਰੂ ਹਨ, ਜਿਸ ਵਿਚ ਸਿੱਖ ਧਰਮ ਦੀ ਰੂਹਾਨੀ ਸੋਚ ਸ਼ਾਮਲ ਹੈ, ਜਿਵੇਂ ਕਿ ਰੱਬ, ਸਰਬ ਸ਼ਕਤੀਸ਼ਾਲੀ, ਵਲੋਂ ਸਿੱਖ ਗੁਰੂਆਂ ਦੇ ਰਾਹੀਂ, ਮਾਨਵਤਾ ਲਈ, ਜਿਵੇਂ ਕਿ ਉਸ ਮੁਤਾਬਕ ਐਲਾਨਿਆ ਗਿਆ ਹੈ, ਅਤੇ ਇਸ ਲਈ ਪਰਮਾਤਮਾ ਦਾ ਸ਼ਬਦ ਮੰਨਿਆ ਜਾਣਾ ਚਾਹੀਦਾ ਹੈ, ਜਿਸ ਨੂੰ ਸਿੱਖਾਂ ਵਲੋਂ ਸਮਝਣ ਅਤੇ ਉਸ ਤੇ ਕੰਮ ਕਰਨ ਕਿ ਸਚਾਈ ਨਾਲ ਭਰਪੂਰ ਸਿੱਖੀ ਜੀਵਨ ਦੇ ਢੰਗ ਲਈ ਰੂਹਾਨੀ ਸੋਚ ਦੀ ਲੋੜ ਹੈ। ਅਮ੍ਰਿਤ-ਖੰਡੇ ਦਾ ਪਾਹੁਲ ਦਾ ਸਿੱਖ ਸੂਤਰਪਾਤ, ਜਿਵੇਂ ਕਿ ਦਸਵੀਂ ਸਿੱਖ ਪਾਤਸ਼ਾਹੀ ਵਲੋਂ ਹੁਕਮ ਕੀਤਾ ਗਿਆ ਹੈ, ਸਿੱਖ ਧਰਮ ਦਾ ਹਿੱਸਾ ਹੈ ਅਤੇ ਸਿੱਖੀ ਆਦਰਸ਼ ਜ਼ਾਬਤਾ ਵਿਚ ਜੀਉਣ ਲਈ ਸਾਰੇ ਸਿੱਖਾਂ ਲਈ ਲਾਜ਼ਮੀ ਹੈ।

ਸਿੱਖ ਮਾਮਲਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੱਬੀ ਮਾਰਗ ਦਰਸ਼ਨ ਹੇਠ ਸਿੱਖ ਪੰਥ ਇਸਦੇ ਫ਼ੈਸਲੇ ਲਵੇਗਾ। ਸਿੱਖਾਂ ਲਈ ਕੋਈ ਹੋਰ ਨਿਜੀ ਗੁਰੂ ਜਾਂ ਮਾਰਗ ਦਰਸ਼ਕ ਨਹੀਂ ਹੋ ਸਕਦਾ। ਦੂਜੇ ਪਾਸੇ ਡੇਰਾਵਾਦ ਵਿਚ, ਡੇਰੇ ਜਾਂ ਸੰਪ੍ਰਦਾਇ ਦਾ ਮੁੱਖੀ ਆਪਣੇ ਆਪ ਨੂੰ ਉਸ ਸੰਪ੍ਰਦਾਇ ਦੇ ਗੁਰੂ ਦੇ ਰੂਪ ਵਿਚ ਚਿਤ੍ਰਿਤ ਕਰਦਾ ਹੈ ਅਤੇ ਉਸ ਡੇਰੇ ਅਤੇ ਸੰਪ੍ਰਦਾਇ ਦੇ ਅਨੁਯਾਈਆਂ ਵਲੋਂ ਇਸੇ ਰੂਪ ਵਿਚ ਮੰਨਿਆ ਜਾਂਦਾ ਹੈ, ਹਾਲਾਂਕਿ ਬਿਨਾਂ ਕਿਸੇ ਵੱਖਰੇ ਰੱਬੀ ਵਿਚਾਰ ਦੇ ਉਹ ਡੇਰੇ ਜਾਂ ਸੰਪ੍ਰਦਾਇ ਦੇ ਮਾਮਲਿਆਂ ਦਾ ਫੈਸਲਾ ਕਰਦਾ ਹੈ। ਇਹ ਨਿਰਦੋਸ਼ ਜਨਤਾ ਦਾ ਸ਼ੋਸ਼ਣ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਧਰਮਾਂ ਦੀ ਰੂਹਾਨੀ ਸਿੱਖਿਆਵਾਂ ਦਾ ਗਿਆਨ ਨਹੀਂ ਕਰਵਾਇਆ ਜਾਂਦਾ।

ਸਿੱਖ ਧਰਮ ਰੱਬ ਦੇ ਪਿਤ੍ਰਭਾਵ, ਮਾਨਵਤਾ ਦੇ ਭਾਈਚਾਰੇ ਅਤੇ ਸਚਾਈ ਨਾਲ ਭਰਪੂਰ ਜ਼ਿੰਦਗੀ ਵਿਚ ਵਿਸ਼ਵਾਸ ਕਰਦਾ ਹੈ। ਰੱਬ ਦਾ ਸੰਕਲਪ, ਇੱਕ ਤੇ ਸਿਰਫ ਇੱਕ, ਸਾਰੀ ਸਿਰਜਨਾ ਦੇ ਸਿਰਜਣਹਾਰ, ਇਸਨੂੰ ਸੰਭਾਲਣ ਵਾਲਾ ਅਤੇ ਤਬਾਹ ਕਰਨ ਵਾਲਾ, ਬਿਨਾਂ ਕਿਸੇ ਅਵਤਾਰ ਦੇ, ਅਣਜੰਮਿਆ ਅਤੇ ਆਪ ਪ੍ਰਕਾਸ਼ਿਤ ਹੋਇਆ ਹੈ, ਜਿਸ ਦੀ ਰੋਸ਼ਨੀ ਹਰ ਪਾਸੇ ਚਮਕਦੀ ਹੈ। ਸਿਰਫ ਉਸਦੇ ਨਾਮ ਨੂੰ ਮਨ ਵਿਚ

ਜਪਣ ਦੀ ਲੋੜ ਹੈ, ਜੋ ਹੰਕਾਰ ਨੂੰ ਜਲਾਉਂਦਾ ਹੈ, ਬੁਰਾਈਆਂ ਨੂੰ ਖ਼ਤਮ ਕਰਦਾ ਹੈ, ਸਿੱਖ ਜੀਵਨ ਦੇ ਢੰਗ ਵਿਚ ਸਚਾਈ ਨਾਲ ਭਰਪੂਰ ਜ਼ਿੰਦਗੀ ਦੀ ਅਗਵਾਈ ਕਰਦਾ ਚੰਗਿਆਈਆਂ ਭਰਦਾ ਹੈ, ਰੱਬ, ਸਿਰਜਣਹਾਰ, ਦੀ ਆਗਿਆ ਦਾ ਪਾਲਨ ਕਰਦਾ ਹੋਇਆ, ਉਸ ਨਾਲ ਜੁੜਣ ਦੀ ਉਸਦੀ ਕਿਰਪਾ ਦਾ ਇੰਤਜ਼ਾਰ ਕਰਦਾ ਹੈ।

ਸੱਚ, ਰੱਬ ਦਾ ਨਾਂ ਅਤੇ ਧਾਰਮਕ ਕਰਮ ਜ਼ਿੰਦਗੀ ਦੇ ਦੌਰ ਦੇ ਦੌਰਾਨ ਸਾਰੇ ਸਮਾਜਕ-ਰਾਜਨੀਤਕ ਮਾਮਲਿਆਂ ਵਿਚ ਮਨੁੱਖੀ ਦਿਮਾਗ ਦੀ ਘਟੀਆ ਹੰਕਾਰੀ ਪ੍ਰਵਿ੍ਤੀਆਂ ਨੂੰ ਉਚ ਰੱਬੀ ਚੇਤਨਾ ਵਿਚ ਬਦਲਣ ਲਈ ਸਿੱਖ ਧਰਮ ਦਾ ਰੂਹਾਨੀ ਸੰਦੇਸ਼ ਹੈ। ਰੂਹਾਨੀ ਗਿਆਨ ਸਿੱਖ ਧਰਮ ਦੀ ਰੂਹਾਨੀ ਸਿੱਖਿਆਵਾਂ ਤੋਂ ਲਿਆ ਜਾਣਾ ਚਾਹੀਦਾ ਹੈ ਪਰ ਇਹ ਮਾਮਲੇ ਦਾ ਅੰਤ ਨਹੀਂ ਹੈ ਕਿਓਂ ਜੋ ਕਿਰਿਆਤਮਕ ਸਿੱਖੀ ਜੀਵਨ ਦੇ ਢੰਗ ਵਿਚ ਇੰਨ੍ਹਾਂ ਦਾ ਪਾਲਨ ਕਰਨ ਦੀ ਲੋੜ ਹੈ। ਇਹ ਸਿੱਖੀ ਜੀਵਨ ਦੇ ਢੰਗ ਵਿਚ ਆਪ ਹੀ ਸਚਾਈ ਨਾਲ ਭਰਪੂਰ ਜ਼ਿੰਦਗੀ ਦੀ ਅਗਵਾਈ ਕਰਦਾ ਹੈ, ਜੋ ਰੱਬ ਦਾ ਪ੍ਰਭਾਵਿਤ ਢੰਗ ਹੈ।

ਰੱਬ ਦਾ ਪਿਤ੍ਰਭਾਵ ਆਪਣੇ ਆਪ ਮਾਨਵਵਤਾ ਦੇ ਭਾਈਚਾਰੇ ਦੀ ਅਗਵਾਈ ਕਰਦਾ ਹੈ, ਜਿਵੇਂ ਕਿ ਸਾਰੀ ਸਿਰਜਨਾ ਦਾ ਸਿਰਜਣਹਾਰ ਇੱਕੋ ਹੈ, ਉਸਦੀ ਰੌਸ਼ਨੀ ਵੀ ਇੱਕ ਹੀ ਹੈ ਜੋ ਸਾਰਿਆਂ ਵਿਚ ਚਮਕਦੀ ਹੈ। ਸਿੱਖ ਧਰਮ ਦਾ ਰੂਹਾਨੀ ਸੰਦੇਸ਼ ਇਹ ਹੈ ਕਿ, ਚਾਹੇ ਕੋਈ ਵੀ ਆਧਾਰ ਹੋਵੇ, ਬਿਨਾਂ ਕਿਸੇ ਭਿੰਨਤਾ ਜਾਂ ਭੇਦਭਾਵ ਦੇ, ਮਾਨਵ ਜਾਤ ਇੱਕ ਹੀ ਹੈ। ਧਰਮ, ਵਿਸ਼ਵਾਸ ਅਤੇ ਪ੍ਰਣਾਲੀਆਂ, ਜਿਨ੍ਹਾਂ ਨੇ ਮਾਨਵਤਾ ਵਿਚ ਵੰਡ ਜਾਂ ਭੇਦਭਾਵ ਪੈਦਾ ਕੀਤੇ, ਸਿੱਖ ਧਰਮ ਵਿਚ ਪੂਰੀ ਤਰ੍ਹਾਂ ਨਾਮੰਜ਼ੂਰ ਕੀਤੀਆਂ ਗਈਆਂ ਸਨ ਅਤੇ ਮਾਨਵਤਾ ਵਿਚ ਸਮਾਨਤਾ ਸਥਾਪਿਤ ਕਰਨ ਲਈ ਪ੍ਰਭਾਵੀ ਕਦਮ ਚੁੱਕੇ ਗਏ ਸਨ। ਸਿੱਖ ਧਰਮ ਮਨੁੱਖ ਅਤੇ ਮਨੁੱਖ ਵਿਚ ਪਿਆਰ ਜਿਵੇਂ ਕਿ ਮਨੁੱਖ ਅਤੇ ਰੱਬ ਵਿਚ ਪਿਆਰ ਅਤੇ ਮਾਨਵਤਾ ਲਈ ਸੁਆਰਥਹੀਣ ਸੇਵਾ ਦਾ ਗਿਆਨ ਦਿੰਦਾ ਹੈ।

ਵਿਸ਼ਵ ਦੇ ਧਰਮਾਂ ਅਤੇ ਇਤਿਹਾਸ ਦੇ ਪ੍ਰਸਿੱਧ ਵਿਦਵਾਨਾਂ ਨੇ ਇਸਨੂੰ ਪਸੰਦ ਕੀਤਾ ਹੈ। ਉੱਧਰਿਤ ਕਰਨ ਲਈ ਕਾਫੀ ਹੈ, ਮੈਕਸ ਆਰਥਰ ਮੈਕਾੱਲਿਫ, ਪ੍ਰਸਿੱਧ ਬ੍ਰਿਟਿਸ਼ ਵਿਦਵਾਨ, ਸਿੱਖ ਧਰਮ, ਦੇ ਲੇਖਕ, “ਸਿੱਖ ਧਰਮ ਤੋਂ ਇਲਾਵਾ ਮਹਾਨ ਹਕੀਕਤ ਜਾਂ ਵਿਆਪਕ ਨੈਤਿਕ ਪ੍ਰਣਾਲੀ ਵਾਲੇ ਧਰਮ ਨੂੰ ਲੱਭਣਾ ਔਖਾ ਹੋਵੇਗਾ। ਸਿੱਖ ਗ੍ਰੰਥਾਂ ਵਿਚ ਪਰਮ ਸੱਚ ਸ਼ਾਮਲ ਹਨ, ਜਿਨ੍ਹਾਂ ਦਾ ਗਿਆਨ ਪੜ੍ਹਣ ਵਾਲੇ ਨੂੰ ਆਤਮਕ, ਨੀਤੀ ਅਨੁਸਾਰ ਅਤੇ ਸਮਾਜਕ ਤੌਰ ਤੇ ਉੱਚਾ ਚੁੱਕ ਦਿੰਦਾ ਹੈ। ਉਨ੍ਹਾਂ ਵਿਚ ਸੰਪ੍ਰਦਾਇਵਾਦ ਦੀ ਝਲਕ ਨਹੀਂ ਹੈ। ਇਹ ਸਭ ਤੋਂ ਉੱਚੇ ਅਤੇ ਸਭ ਤੋਂ ਪਵਿੱਤਰ ਸਿਧਾਂਤਾਂ ਦਾ ਗਿਆਨ ਕਰਵਾਉਂਦੇ ਹਨ ਜੋ ਮਨੁੱਖ ਨੂੰ ਮਨੁੱਖ ਨਾਲ ਬੰਨਣ ਅਤੇ ਵਿਸ਼ਵਾਸ ਕਰਨ ਵਾਲੇ ਨੂੰ ਆਪਣੇ ਸਾਥੀ ਮਿੱਤਰ ਦੀ ਸੇਵਾ ਦੇ ਉਦੇਸ਼ ਦੇ ਨਾਲ, ਸਭ ਕੁੱਝ ਤਿਆਗ ਦੇਣ ਅਤੇ ਉਸ ਦੇ ਲਈ ਜਾਨ ਕੁਰਬਾਨ ਕਰਨ ਲਈ ਪ੍ਰੇਰਿਤ ਕਰਦਾ ਹੈ”।

ਜਾੱਨ ਕਲਾਰਕ ਆਰਕਰ, ਮਹਾਨ ਬ੍ਰਿਟਿਸ਼ ਵਿਦਵਾਨ, “ਸਿੱਖ ਧਰਮ, ਅਸਲ ਵਿਚ ਆਪ ਹੀ ਪਿਛਲੇ ਵਿਸ਼ਲੇਸ਼ਣ ਵਿਚ ਧਰਮ ਕੀ ਹੈ, ਦਾ ਪ੍ਰਚਾਰ ਕਰਦਾ ਹੈ। ਇਹ ਆਪਣੀ ਹੀ ਇਕ ਸਪਸ਼ਟ ਅਤੇ ਆਜ਼ਾਦ ਵਿਵਸਥਾ ਹੈ। ਅੱਜ ਦੇ ਵਿਸ਼ਵ ਨੂੰ ਇਸਦੇ ਪਿਆਰ ਅਤੇ ਸ਼ਾਂਤੀ ਦੇ ਸੰਦੇਸ਼ ਦੀ ਲੋੜ ਹੈ”।

ਐਚ.ਐਲ. ਬ੍ਰੈਡਸ਼ਾੱ, ਧਰਮਾਂ ਦੇ ਮਹਾਨ ਅਮਰੀਕੀ ਵਿਦਵਾਨ- “ਸਿੱਖ ਧਰਮ ਮੌਜੂਦਾ ਯੁਗ ਦਾ ਵਿਸ਼ਵ-ਵਿਆਪੀ ਧਰਮ ਹੈ। ਇਹ ਆਧੁਨਿਕ ਸਮੇਂ ਦੀ ਸਮੱਸਿਆਵਾਂ ਦਾ ਸਹੀ ਲਹਿਜੇ ਵਿਚ ਸਮਾਧਾਨ ਹੈ। ਪੌਰਾਣਿਕ ਧਰਮ ਆਪਣੇ ਸਮੇਂ ਵਿਚ ਵਧੀਆ ਸਨ ਪਰ ਉਹ ਦਿਨ ਹੁਣ ਬੀਤ ਚੁੱਕੇ ਹਨ ਅਤੇ ਅਸੀਂ ਗੁਰੂ ਨਾਨਕ ਦੇਵ ਜੀ ਦੀ ਤਕਸੀਮ ਵਿਚ ਜੀਵਨ ਬਤੀਤ ਕਰ ਰਹੇ ਹਾਂ। ਹੋਰ ਧਰਮਾਂ ਵਿਚ ਸੱਚ ਸ਼ਾਮਲ ਹੈ ਪਰ ਸਿੱਖ ਧਰਮ ਸਚਾਈ ਨਾਲ ਭਰਪੂਰ ਹੈ। ਇਹ ਆਧੁਨਿਕ ਮਨੁੱਖ ਲਈ ਸਭ ਤੋਂ ਵਧੀਆ ਅਤੇ ਨੈਤਿਕ ਚੰਗਿਆਈਆਂ ਨਾਲ ਭਰਪੂਰ ਹੈ। ਇਹ ਪੁਰਾਣੇ ਧਰਮ ਦੀ ਤਕਸੀਮ ਨੂੰ ਪੂਰੀ ਤਰ੍ਹਾਂ ਕੱਢ ਦਿੰਦਾ ਹੈ ਅਤੇ ਪੂਰਾ ਕਰਦਾ ਹੈ”।

ਪ੍ਰੋਫ. ਆਰਨੋਲਡ ਟੋਏਨਬੀ, ਅਮਰੀਕਾ ਦੇ ਮਹਾਨ ਇਤਿਹਾਸਕਾਰ ਅਤੇ ਵਿਦਵਾਨ, “ਆਉਣ ਵਾਲੇ ਧਾਰਮਕ ਬਹਿਸ-ਮੁਬਾਹਸੇ ਵਿਚ, ਸਿੱਖ ਧਰਮ ਅਤੇ ਇਸਦੇ ਪਵਿੱਤਰ ਲੇਖ: ਆਦਿ ਗ੍ਰੰਥ: ਕੋਲ ਸਮੁੱਚੇ ਵਿਸ਼ਵ ਨੂੰ ਕਹਿਣ ਲਈ ਕੁਝ ਖਾਸ ਕਦਰ-ਕੀਮਤ ਵਾਲਾ ਕੁਝ ਹੋਵੇਗਾ”।

ਸਿੱਖ ਧਰਮ ਆਤਮਕ, ਸਾਂਪ੍ਰਦਾਇਕ, ਸਮਾਜਕ ਅਤੇ ਰਾਜਨੀਤਕ ਸਾਰੇ ਪਹਿਲੂਆਂ ਵਾਲੀ ਮਨੁੱਖੀ ਇੱਛਾਵਾਂ ਨੂੰ ਪੂਰਾ ਕਰਦਾ ਹੈ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ, ਅਮਰ ਸਿੱਖ ਗੁਰੂ, ਵਿਚ ਸ਼ਾਮਲ ਹੈ ਅਤੇ ਇਸ ਵਿਚ ਕਿਸੇ ਵੀ ਮਾਮਲੇ ਵਿਚ ਕਿਸੇ ਨਿਜੀ ਗੁਰੂ ਜਾਂ ਮਾਰਗ ਦਰਸ਼ਕ ਦੀ ਕੋਈ ਲੋੜ ਜਾਂ ਗੁੰਜਾਇਸ਼ ਨਹੀਂ ਹੈ, ਜਿਵੇਂ ਕਿ ਵਿਸ਼ਵ ਦੇ ਧਰਮਾਂ ਦੇ ਮਹਾਨ ਪੱਛਮੀ ਵਿਦਵਾਨਾਂ ਵਲੋਂ ਵੀ ਮੰਨਿਆ ਗਿਆ ਹੈ। ਜੇ ਸਿੱਖ ਧਰਮ ਦਾ ਕੋਈ ਅਨੁਯਾਯੀ, ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਮਾਰਗ ਦਰਸ਼ਨ ਹੇਠ, ਸਿੱਖੀ ਜੀਵਨ ਦੇ ਢੰਗ ਵਿਚ ਨਹੀਂ ਜੀਉਂਦਾ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਨਹੀਂ ਕਰਦਾ, ਅਤੇ ਆਪਣੇ ਧਰਮ ਤੇ ਗਰਵ ਕਰਨ ਦੀ ਬਜਾਏ ਅਤੇ ਇਸਦੇ ਕਥਨਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਬਜਾਏ, ਕਿਸੇ ਡੇਰੇ, ਚਰਚ ਜਾਂ ਕਿਸੇ ਹੋਰ ਧਰਮ ਦੀ ਭਗਤੀ ਦੇ ਜਾਲ ਵਿਚ ਫੱਸ ਜਾਂਦਾ ਹੈ, ਤਾਂ ਸਿਰਫ ਇਕੋ ਕਾਰਣ ਹੋ ਸਕਦਾ ਹੈ ਕਿ ਉਹ ਸਿੱਖ ਦੀ ਰੱਬੀ ਸੋਚ ਤੋਂ ਬਿਲਕੁਲ ਅਨਜਾਣ ਹੈ ਅਤੇ ਉਸਨੂੰ ਸਿੱਖ ਧਰਮ ਦੀ ਮੂਲ ਵਿਸ਼ੇਸ਼ਤਾਵਾਂ ਦਾ ਗਿਆਨ ਨਹੀਂ ਕਰਾਇਆ ਗਿਆ ਹੈ।

ਸਿੱਖ ਸੰਗਠਨਾਂ ਅਤੇ ਸੰਸਥਾਵਾਂ, ਸਿੱਖ ਪ੍ਰਚਾਰਕਾਂ ਅਤੇ ਸਿੱਖ ਨੇਤਾਵਾਂ, ਧਾਰਮਕ ਅਤੇ ਰਾਜਨੀਤਕ ਨੂੰ, ਇਸ ਸੰਬੰਧ ਵਿਚ ਸਿੱਖਾਂ ਵਿਚ ਵੀ ਸਿੱਖ ਧਰਮ ਦਾ ਪ੍ਰਚਾਰ ਨਾ ਕਰਨ ਲਈ, ਜ਼ਿੰਮੇਵਾਰੀ ਵੰਡਣੀ ਪਵੇਗੀ। ਸਿੱਖ ਪਛਾਣ ਅਤੇ ਆਦਰਸ਼ ਜ਼ਾਬਤਾ ਨੂੰ ਕਮਜ਼ੋਰ ਕਰਨ ਲਈ, ਸਿੱਖ

ਰਾਜਨੀਤਕ ਇੱਛਾਵਾਂ ਨੂੰ ਕਮਜ਼ੋਰ ਕਰਨ ਅਤੇ ਸਿੱਖਾਂ ਨੂੰ ਗੁਮਰਾਹ ਕਰਨ ਲਈ, ਸਿੱਖ ਸਾਮਰਾਜ ਦੇ ਸੰਯੋਜਨ ਤੋਂ ਇੱਕਦਮ ਬਾਅਦ ਅਤੇ ਹੁਣ ਤੱਕ, ਰਾਜ ਸਰਕਾਰ ਨੇ ਵੀ ਡੇਰਾਵਾਦ ਨੂੰ ਸਰਪ੍ਰਸਤੀ ਅਤੇ ਸਮੱਰਥਣ ਦਿੱਤਾ ਸੀ।

ਸਿੱਖ ਰਾਜਨੀਤਕ ਨੇਤਾ ਆਪ, ਡੇਰਿਆਂ ਦੇ ਮੁੱਖਿਆਂ ਤੋਂ, ਸਿਰਫ ਚੋਣਾਂ ਦੇ ਫਾਇਦੇ ਲਈ, ਉਨ੍ਹਾਂ ਰਾਹੀਂ ਵੋਟਾਂ ਪਾਉਣ ਲਈ, ਉਨ੍ਹਾਂ ਨੂੰ ਮਾਨਤਾ ਦਿੰਦੇ ਹੋਏ, ਹਾਲਾਂਕਿ ਸਿੱਖ ਉੱਦੇਸ਼ ਲਈ ਹਾਨੀਕਾਰਕ ਹੁੰਦੇ ਹੋਏ, ਉਨ੍ਹਾਂ ਦੀ ਅਤੇ ਉਨ੍ਹਾਂ ਵਲੋਂ ਆਪ ਬਣਾਏ ਘਟੀਆ ਨਾਰਿਆਂ ਦੀ ਨਿੰਦਾ ਕਰਨ ਦੀ ਬਜਾਏ ਅਤੇ ਸਿੱਖਾਂ ਨੂੰ ਡੇਰਿਆਂ ਤੋਂ ਵੱਖ ਕਰਨ ਅਤੇ ਕਿਸੇ ਹੋਰ ਪ੍ਰਣਾਲੀ ਅਤੇ ਜੀਵਨ ਦੇ ਸਿੱਖੀ ਢੰਗ ਦੀ ਸਿੱਖਿਆ ਦੇਣ ਦੀ ਬਜਾਏ, ਉਨ੍ਹਾਂ ਦਾ ਅਸ਼ੀਰਵਾਦ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਡੇਰੇ ਸਿੱਖ ਧਰਮਾਂ ਦੇ ਹੀ ਆਦੇਸ਼ਾਂ ਦਾ ਹਵਾਲਾ ਬਣਾ ਕੇ ਨਿਰਦੋਸ਼ ਸਿੱਖਾਂ, ਜਿਨ੍ਹਾਂ ਨੂੰ ਸਿੱਖ ਧਰਮ ਦਾ ਗਿਆਨ ਨਹੀਂ ਹੈ, ਨੂੰ ਖਿੱਚਦੇ ਹਨ ਜਿਵੇਂ ਕਿ ਉਹ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹੋਣ ਪਰ ਸਿੱਖੀ ਦੇ ਪ੍ਰਚਾਰਕ ਅਤੇ ਨੇਤਾ ਉਦੇਸ਼ ਦੀ ਈਮਾਨਦਾਰੀ ਨਾਲ ਆਪਣੇ ਆਪ ਨੂੰ ਪ੍ਰਦਰਸ਼ਿਤ ਨਹੀਂ ਕਰਦੇ ਅਤੇ ਇਸ ਲਈ ਅਜਿਹੇ ਲੋਕ ਗੁਮਰਾਹ ਰਹਿੰਦੇ ਹਨ। ਇਹ ਸਿਰਫ ਪੱਕੇ ਈਰਾਦੇ ਨਾਲ ਸਾਰੇ ਸਿੱਖਾਂ ਨੂੰ ਸਿੱਖ ਧਰਮ ਦੇ ਪ੍ਰਚਾਰ ਨਾਲ ਹੀ ਹੈ ਕਿ ਇਨ੍ਹਾਂ ਡੇਰਿਆਂ ਨੂੰ ਪ੍ਰਭਾਵਹੀਣ ਬਣਾਇਆ ਜਾ ਸਕਦਾ ਹੈ, ਜਿੱਥੇ ਤੱਕ ਕਿ ਸਿੱਖਾਂ ਦਾ ਸੰਬੰਧ ਹੈ।

ਅਜੇ ਵੀ ਸਿੱਖ ਆਪਣੇ ਧਰਮ ਅਤੇ ਇਸ ਲਈ ਕੋਈ ਵੀ ਬਲਿਦਾਨ ਕਰਨ ਲਈ ਸੱਚੇ ਹਨ, ਭਾਵੇਂ ਉਹ ਸਿੱਖੀ ਜੀਵਨ ਢੰਗ ਵਿਚ ਅਤੇ ਇਸਦੇ ਆਦਰਸ਼ ਜ਼ਾਬਤਾ ਵਿਚ ਨਹੀਂ ਰਹਿ ਸਕਦੇ। ਇਹੀ ਚੇਤਨਾ ਆਸਾਨੀ ਨਾਲ ਉਨ੍ਹਾਂ ਵਿਚ ਡੇਰਾਵਾਦ ਨੂੰ ਪੂਰੀ ਤਰ੍ਹਾਂ ਨਾਮੰਜ਼ੂਰ ਕਰਨ ਅਤੇ ਸਿੱਖ ਧਰਮ ਦੇ ਈਮਾਨਦਾਰੀ ਭਰੇ ਅਤੇ ਸਹੀ ਪ੍ਰਚਾਰ ਨਾਲ, ਸਖ਼ਤੀ ਨਾਲ ਸਿੱਖੀ ਜੀਵਨ ਢੰਗ ਅਤੇ ਆਦਰਸ਼ ਜ਼ਾਬਤਾ ਵਿਚ ਜੀਉਣ ਦੀ ਅਗਵਾਈ ਕਰ ਸਕਦੀ ਹੈ। ਸਿੱਖ ਰਾਜਨੀਤਕ ਨੇਤਾਵਾਂ ਨੂੰ ਵੋਟਾਂ ਪਾਉਣ ਲਈ ਡੇਰਾ ਮੁੱਖਿਆਂ ਦਾ ਆਸ਼ੀਰਵਾਦ ਪਾਉਣ ਦੀ ਬਜਾਏ ਇਸ ਰਾਹ ਨੂੰ ਅਪਨਾਉਣਾ ਚਾਹੀਦਾ ਹੈ। ਕੁਝ ਮਹੱਤਵਪੂਰਨ ਡੇਰੇ-ਸੰਪ੍ਰਦਾਇ, ਜਿਵੇਂ ਕਿ ਨਾਮਧਾਰੀ, ਨਿਰੰਕਾਰੀ ਅਤੇ ਰਾਧਾਸੁਆਮੀ 19 ਵੀਂ ਸਦੀ ਵਿਚ ਬਣੇ ਅਤੇ 20ਵੀਂ ਸਦੀ ਵਿਚ ਵੱਧੇ-ਫੁੱਲੇ, ਜਿਨ੍ਹਾਂ ਦੇ ਪ੍ਰਮੁੱਖਾਂ ਨੂੰ ਗੁਰੂ/ਸਤਿਗੁਰੂ ਕਿਹਾ ਜਾਂਦਾ ਸੀ, ਜੋ ਸਿੱਖੀ ਧਰਮ ਦੀ ਰੁਹਾਨੀ ਸੋਚ ਦੇ ਬਿਲਕੁਲ ਵਿਰੁੱਧ ਸੀ, ਜਿੱਥੇ ਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਇਕੱਲੇ ਗੁਰੂ ਸਨ, ਅਤੇ ਉੱਥੇ ਕੋਈ ਹੋਰ ਗੁਰੂ ਨਹੀਂ ਸੀ ਹੋ ਸਕਦਾ, ਹਾਲਾਂਕਿ ਉਹ ਸਿੱਖਾਂ ਨੂੰ ਖਿੱਚਣ ਲਈ ਜ਼ਿਆਦਾਤਰ ਸਿੱਖ ਰੁਹਾਨੀ ਭਜਨਾਂ ਦਾ ਹੀ ਹਵਾਲਾ ਕਰਦੇ ਸਨ। ਉਨ੍ਹਾਂ ਨੇ ਸਿੱਖਾਂ ਨੂੰ ਗੁਮਰਾਹ ਕਰਨ ਲਈ ਰਾਜ ਦੀ ਸਰਪ੍ਰਸਤੀ ਹਾਸਲ ਕੀਤੀ। ਨਿਰੰਕਾਰੀ ਵੀ ਸਿੱਖਾਂ ਨਾਲ ਸਿੱਧੇ ਪ੍ਰਭਾਵ ਵਿਚ ਆਏ ਅਤੇ ਅਕਾਲ ਤਖ਼ਤ ਵਲੋਂ ਫ਼ਰਮਾਨ ਜਾਰੀ ਕਰਨਾ ਪਿਆ ਸੀ ਕਿ ਸਿੱਖਾਂ ਨੂੰ ਪੂਰਨ ਰੂਪ ਨਾਲ ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਕੋਈ ਮੇਲ ਨਹੀਂ ਰੱਖਣਾ ਚਾਹੀਦਾ। ਨਿਰੰਕਾਰੀਆਂ ਨੂੰ ਪੰਜਾਬ ਵਿਚ ਪ੍ਰਭਾਵਹੀਣ ਬਣਾ ਦਿੱਤਾ ਗਿਆ ਸੀ, ਹਾਲਾਂਕਿ ਉਹ ਭਾਰਤ ਸਰਕਾਰ ਦੀ ਸਿੱਧੀ ਸੁਰੱਖਿਆ ਅਤੇ ਸਰਪ੍ਰਸਤੀ ਹੇਠ ਸੀ, ਪਰ ਪੰਜਾਬ ਨੂੰ ਨਿਰੰਕਾਰੀ ਮਸਲੇ ਤੇ ਦਹਾਕੇ ਤੋਂ ਵੀ ਵੱਧ ਸਮੇਂ ਲਈ ਹਿੰਸਾ ਦਾ ਸਾਹਮਣਾ ਕਰਨਾ ਪਿਆ ਸੀ, ਜੋ ਰਾਜ ਦੀ ਨੀਤਿਆਂ ਹੇਠ ਸੁਲਗੀ ਸੀ। ਪਰ ਕਿਸੇ ਵੀ ਪ੍ਰਮੁੱਖ ਧਾਰਾ ਦੇ ਸਿੱਖ ਨੇ ਇਨ੍ਹਾਂ ਡੇਰੇਆਂ ਅਤੇ ਸੰਪ੍ਰਦਾਇਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ।

ਇੱਕ ਨਵਾਂ ਡੇਰਾ, ਸੱਚਾ ਸੌਦਾ, 20ਵੀਂ ਸ਼ਤਾਬਦੀ ਵਿਚ ਹੋਂਦ ਵਿਚ ਆਇਆ, ਜਿਸਦਾ ਮੁੱਖ ਦਫਤਰ ਸਿਰਸਾ, ਜੋ ਹੁਣ ਹਰਿਆਣਾ ਵਿਚ ਹੈ, ਵਿਚ ਹੈ। ਇਸਦੇ ਮੌਜੂਦਾ ਮੁੱਖੀ, ਗੁਰਮੀਤ ਸਿੰਘ ਨੇ ਆਪਣਾ ਨਾਮ ਬਦਲ ਕੇ ਗੁਰਮੀਤ ਰਾਮ ਰਹੀਮ ਸਿੰਘ ਰੱਖ ਲਿਆ, ਜਿਵੇਂ ਤਿੰਨੋਂ ਧਰਮਾਂ ਸਿੱਖ ਧਰਮ, ਹਿੰਦੂ ਧਰਮ ਅਤੇ ਇਸਲਾਮ ਨੂੰ ਪੇਸ਼ ਕਰਨਾ ਹੋਵੇ, ਪਰ ਉਸਨੇ ਇਹ ਕਬੂਲ ਕੀਤਾ ਕਿ ਉਸਦਾ ਡੇਰਾ ਧਾਰਮਕ ਸੰਸਥਾ ਨਹੀਂ ਹੈ ਅਤੇ ਸਿਰਫ ਸੁਧਾਰ ਕਰਨ ਲਈ ਹੈ। ਉਸਨੂੰ ਵੀ ਗੁਰੂ ਕਿਹਾ ਜਾਂਦਾ ਹੈ, ਨਿਰਦੋਸ਼ ਲੋਕਾਂ, ਜਿਨ੍ਹਾਂ ਨੂੰ ਆਪਣੇ ਧਰਮ ਦੇ ਕਥਨਾਂ ਦਾ ਗਿਆਨ ਨਹੀਂ ਹੈ, ਨੂੰ ਗੁਮਰਾਹ ਕਰਨ ਦਾ ਉਹੀ ਫ਼ਰੇਬੀ ਢੰਗ। ਉਹ ਮਈ 2007 ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਦੇ ਆਰੋਪ ਵਿਚ ਮਸ਼ਹੂਰ ਹੋਇਆ, ਜਦੋਂ ਉਹ ਗੁਰੂ ਗੋਬਿੰਦ ਸਿੰਘ ਜੀ ਵਾਂਗ ਪਹਿਰਾਵਾ ਧਾਰਣ ਕਰਕੇ, ਉਸਦੇ ਆਪ ਵਲੋਂ ਨਾਮ ਦਿੱਤੇ ਗਏ ਜਾਮ-ਏ-ਇਨਸਾਨ ਨੂੰ ਤਿਆਰ ਕਰਕੇ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਅਮ੍ਰਿਤ ਤਿਆਰ ਕੀਤਾ ਸੀ ਅਤੇ ਸੱਤ ਸਿਤਾਰਿਆਂ ਦਾ ਐਲਾਨ ਕੀਤਾ, ਜਿਵੇਂ ਦਸਵੀਂ ਪਾਤਸ਼ਾਹੀ ਨੇ ਪੰਜ ਪਿਆਰੇ ਚੁਣੇ ਸਨ।

ਇਹ ਸਾਰਾ ਨਾਟਕ ਕਿਸ ਲਈ ਕੀਤਾ ਗਿਆ ਸੀ, ਜੇ ਇਹ ਡੇਰਾ ਸਿਰਫ ਸਮਾਜਕ ਸੁਧਾਰ ਨਾਲ ਹੀ ਸੰਬੰਧਤ ਹੈ? ਡੇਰੇ ਦੇ ਮੁੱਖੀ ਦਾ ਪ੍ਰਚਾਰ ਗੁਰੂ ਦੇ ਰੂਪ ਵਿਚ ਕਿਉਂ ਕੀਤਾ ਜਾ ਰਿਹਾ ਹੈ, ਜੇ ਉਹ ਸਿਰਫ ਸਮਾਜ ਸੁਧਾਰਕ ਹੈ? ਉਸਨੂੰ ਆਪਣੇ ਨਾਮ ਵਿਚ ਤਿੰਨਾਂ ਧਰਮਾਂ ਦੇ ਨਾਂ ਜੋੜ ਕੇ ਨਾਮ ਨੂੰ ਬਦਲਣ ਦੀ ਕੀ ਲੋੜ ਸੀ ਕਿਉਂ ਜੋ ਉਸਦੇ ਨਾਮ ਵਿਚ ਅਸਲ ਵਿਚ ਸਿੱਖ ਸੀ? ਇਨ੍ਹਾਂ ਫ਼ਰੇਬਾਂ ਲਈ ਕੋਈ ਸਪੱਸ਼ਟੀਕਰਣ ਨਹੀਂ ਹੈ।

ਸਿੱਖਾਂ ਨੇ ਉਸਦੀ ਰੱਬ ਦੀ ਨਿੰਦਾ ਕਰਨ ਵਾਲੀ ਇਸ ਕਿਰਿਆ ਦੇ ਵਿਰੋਧ ਵਿਚ ਅੰਦੋਲਨ ਕੀਤੇ, ਜਿਸਨੇ ਸਿੱਖਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ।ਅਕਾਲ ਤਖ਼ਤ ਵਲੋਂ ਉਸਦਾ ਬਾਈਕਾਟ ਕਰਨ ਅਤੇ ਉਸਦੇ ਅਨੁਯਾਈਆਂ ਅਤੇ ਡੇਰਿਆਂ ਨਾਲ ਕੋਈ ਸੰਪਰਕ ਨਾ ਰੱਖਣ ਅਤੇ ਉਸਦੇ ਸਾਰੇ ਡੇਰਿਆਂ ਨੂੰ ਬੰਦ ਕਰ ਦੇਣ ਦਾ ਫ਼ਰਮਾਨ ਜਾਰੀ ਕੀਤਾ ਗਿਆ ਸੀ। ਉਸਨੇ ਆਪਣਾ ਪਛਤਾਵਾ ਜਾਹਿਰ ਕੀਤਾ ਕਿ ਉਹ ਕਦੇ ਵੀ ਦਸਵੀਂ ਸਿੱਖ ਪਾਤਸ਼ਾਹੀ ਦੀ ਨਕਲ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਉਸਨੇ ਦਸਵੀਂ ਪਾਤਸ਼ਾਹੀ ਕੋਲੋਂ ਵੀ ਮੁਆਫੀ ਮੰਗੀ ਕਿ ਉਹ ਕਦੇ ਵੀ ਉਨ੍ਹਾਂ ਦੀ ਨਕਲ ਕਰਨ ਬਾਰੇ ਨਹੀਂ ਸੋਚ ਸਕਦਾ ਸੀ। ਸਿੱਖਾਂ ਨੇ ਉਸਦੇ ਪਛਤਾਵੇ ਅਤੇ ਮੁਆਫੀ ਨੂੰ ਝੂਠ ਅਤੇ ਬੇਈਮਾਨੀ ਮੰਨਦੇ ਹੋਏ ਨਾਮੰਜ਼ੂਰ ਕਰ ਦਿੱਤਾ।

ਇਸ ਸੰਬੰਧ ਵਿਚ ਸਿੱਖਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਰਕੇ ਅਤੇ ਰੱਬ ਦੀ ਨਿੰਦਾ ਕਰਨ ਕਰਕੇ ਉਸ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ, ਜਿਸ ਲਈ ਉਸਨੂੰ ਅਪਰਾਧਕ ਕੋਰਟ ਵਿਚ ਆਪਣੇ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਨ ਅਧੀਨ, ਸੀ.ਬੀ.ਆਈ ਪਹਿਲਾਂ ਹੀ ਉਸ ਉੱਤੇ ਲੱਗੇ ਦੋ ਕਤਲ ਦੇ ਕੇਸਾਂ ਅਤੇ ਰੇਪ ਦੇ ਇਲਜ਼ਾਮ ਦੀ ਜਾਂਚ ਪੜਤਾਲ ਕਰ ਰਹੀ ਹੈ।

ਰਾਜਨੇਤਾਵਾਂ ਦਾ ਵੋਟਾਂ ਪਾਉਣ ਲਈ ਅਜਿਹੇ ਲੋਕਾਂ ਤੋਂ ਵੀ ਆਸ਼ੀਰਵਾਦ ਲੈਣ ਲਈ ਸੁਆਰਥੀ ਰਾਜਨੀਤਕ ਆਗ੍ਰਹ ਇਨ੍ਹਾਂ ਨੀਵਾਂ ਚਲਾ ਗਿਆ ਹੈ ਕਿ ਫਰਵਰੀ 2007, ਵਿਚ ਪੰਜਾਬ ਵਿਚ ਹੋਇਆਂ ਵਿਧਾਨ ਸਭਾ ਦੀ ਚੋਣਾਂ ਵਿਚ, ਪ੍ਰਮੁੱਖ ਰਾਜਨੀਤਕ ਦਲਾਂ ਦੇ ਨੇਤਾ ਉਸ ਕੋਲ ਗਏ, ਜਿਸ ਵਿਚ ਅਕਾਲੀ ਦਲ ਦੇ ਪ੍ਰਧਾਨ, ਪ੍ਰਕਾਸ਼ ਸਿੰਘ ਬਾਦਲ ਹੱਥ ਜੋੜ ਕੇ, ਉਸ ਮੋਹ੍ਰੇ ਆਪਣਾ ਸ਼ੀਸ਼ ਝੁਕਾਏ ਸ਼ਾਮਲ ਸਨ, ਜੱਦਕਿ ਉਹ ਆਪਣੇ ਦਰਬਾਰੀ ਹਾੱਲ ਵਿਚ ਆਪਣੀ ਉੱਚੀ ਸੀਟ ਤੇ ਬੈਠਾ ਸੀ, ਇਸ ਤਰ੍ਹਾਂ ਉਸਨੂੰ ਵੈਧਤਾ ਪ੍ਰਦਾਨ ਕਰਦੇ ਹੋਏ, ਹਾਲਾਂਕਿ ਉਸਦਾ ਆਪਣੇ ਆਪ ਨੂੰ ਗੁਰੂ ਦੇ ਰੂਪ ਵਿਚ ਵਿਖਾਵਾ ਕਰਨਾ ਸਿੱਖਾਂ ਦੇ ਵਿਰੁੱਧ ਹੈ।

ਜਦੋਂ ਸਿੱਖਾਂ ਨੇ ਉਸਦੇ ਅਤੇ ਡੇਰਾਵਾਦ ਦੇ ਖ਼ਿਲਾਫ਼ ਅੰਦੋਲਨ ਕੀਤੇ ਉਸਨੇ ਇਸਦੀ ਵੀਡਿਓ ਰਿਕਾਰਡਿੰਗ ਟੀ.ਵੀ. ਚੈਨਲਾਂ ਤੇ ਦਿਖਾਉਣ ਲਈ ਜਾਰੀ ਕਰ ਦਿੱਤੀ, ਇਹ ਦੱਸਣ ਲਈ ਕਿ ਸਿੱਖ ਨੇਤਾ ਵੀ ਉਸਦੇ ਦਰਬਾਰ ਵਿਚ ਆਉਂਦੇ ਹਨ ਅਤੇ ਉਸਨੂੰ ਗੁਰੂ ਦੇ ਰੂਪ ਵਿਚ ਮਾਨਤਾ ਦਿੰਦੇ ਹਨ। ਆਮ ਸਿੱਖਾਂ ਅਤੇ ਛੋਟੇ ਸਿੱਖ ਨੇਤਾਵਾਂ ਨੂੰ ਕੀ ਸੰਦੇਸ਼ ਹੋਵੇਗਾ? ਕੀ ਸਿੱਖ ਨੇਤਾਵਾਂ ਦਾ ਅਜਿਹਾ ਕਦਮ ਡੇਰਾਵਾਦ ਨੂੰ ਖ਼ਤਮ ਕਰੇਗਾ ਜਾਂ ਇਸਨੂੰ ਹੋਰ ਵੱਧਾਉਣ ਵਿਚ ਮਦਦ ਕਰੇਗਾ?

ਹਾਲਾਂਕਿ ਉਸਨੇ ਕਾਂਗਰਸ ਪਾਰਟੀ ਦਾ ਸਮੱਰਥਣ ਕੀਤਾ, ਜਿਸਦਾ ਇੱਕ ਕਾਰਣ, ਸੀ.ਬੀ.ਆਈ ਵਲੋਂ ਚਲ ਰਹੀ ਅਪਰਾਧਕ ਜਾਂਚ ਪੜਤਾਲ ਲਈ ਆਪਣਾ ਸਮੱਰਥਣ ਪ੍ਰਾਪਤ ਕਰਨਾ ਹੋ ਸਕਦਾ ਸੀ। ਉਸਦੀ ਸਿੱਖ ਵਿਰੋਧੀ ਕਿਰਿਆਵਾਂ ਨੂੰ ਲੈ ਕੇ ਕਾਂਗਰਸੀ ਨੇਤਾ ਉਸ ਨਾਲ ਨਰਮ ਹਨ। ਕਾਂਗਰਸ ਦੇ ਪੂਰਵ ਮੁੱਖ ਮੰਤਰੀ, ਅਮਰਿੰਦਰ ਸਿੰਘ ਉਸਦੀ ਸਿੱਖ ਵਿਰੋਧੀ ਕਿਰਿਆਵਾਂ ਦੀ ਨਿੰਦਾ ਕਰਨ ਅੱਗੇ ਨਹੀਂ ਆਏ, ਹਾਲਾਂਕਿ ਸੱਤਾ ਵਿਚ ਹੁੰਦੇ ਹੋਏ ਉਸਨੇ ਸਿੱਖ ਵੋਟਾਂ ਖਿੱਚਣ ਲਈ ਅਕਾਲੀਆਂ ਤੋਂ ਸਿੱਖ ਅਜੈਂਡਾ ਚੁਰਾਉਣ ਦੀ ਕੋਸ਼ਿਸ਼ ਕੀਤੀ ਸੀ। ਜੇ ਉਸਨੇ ਚੋਣਾਂ ਵਿਚ ਅਕਾਲੀਆਂ ਨੂੰ ਸਮੱਰਥਣ ਦਿੱਤਾ ਹੁੰਦਾ ਤਾਂ ਸ਼ਾਇਦ ਉਨ੍ਹਾਂ ਨੇ ਉਸਦੀ ਸਿੱਖ ਵਿਰੋਧੀ ਕਿਰਿਆਵਾਂ ਨੂੰ ਬੇਧਿਆਨਾ ਕਰਨ ਦੀ ਕੋਸ਼ਿਸ਼ ਕਰਨੀ ਸੀ, ਜਿਸ ਲਈ ਉਨ੍ਹਾਂ ਨੇ ਪਹਿਲਾਂ ਕਦੇ ਆਵਾਜ਼ ਨਹੀਂ ਉਠਾਈ ਸੀ।

ਅਕਾਲੀ ਹੁਣ ਇਲਜ਼ਾਮ ਲਾਉਂਦੇ ਹਨ ਕਿ ਕਾਂਗਰਸ ਪਾਰਟੀ ਨੂੰ ਸਿਰਸਾ ਡੇਰੇ ਦੇ ਸਮੱਰਥਣ ਕਰਕੇ, ਉਨ੍ਹਾਂ ਦੀ ਪਾਰਟੀ ਨੂੰ ਮਾਲਵਾ ਇਲਾਕੇ ਵਿਚ ਕਈ ਸੀਟਾਂ ਨਹੀਂ ਮਿਲ ਪਾਈਆਂ ਸਨ। ਜੇ ਓਹ ਸਹੀ ਹੈ ਤੇ ਕੀ ਅਕਾਲੀ ਇਸ ਲਈ ਜਿੰਮੇਵਾਰ ਨਹੀਂ ਹਨ। ਐਸ.ਜੀ.ਪੀ.ਸੀ. ਅਕਾਲੀਆਂ ਦੇ ਨਿਯੰਤਰਣ ਹੇਠ ਹੈ। ਡੇਰਾ ਮੁੱਖੀ ਤੋਂ ਉਸਦੇ ਅਨੁਯਾਯੀਆਂ ਦੀ ਵੋਟਾਂ ਪਾਉਣ ਲਈ ਉਸਦਾ ਆਸ਼ੀਰਵਾਦ ਲੈਣ ਦੀ ਬਜਾਏ, ਸਿੱਖਾਂ ਨੂੰ ਸਿੱਖੀ ਆਦਰਸ਼ ਜ਼ਾਬਤਾ ਵਿਚ ਲਿਆਉਣ ਅਤੇ ਸਿੱਖੀ ਢੰਗ ਨਾਲ ਜੀਵਨ ਬਤੀਤ ਕਰਨ ਲਈ ਸਿੱਖ ਧਰਮ ਦਾ ਪ੍ਰਚਾਰ ਕਿਉਂ ਨਹੀਂ ਕੀਤਾ ਗਿਆ, ਜੋ ਸਿੱਖਾਂ ਨੂੰ ਅਜਿਹੇ ਡੇਰਿਆਂ ਤੋਂ ਵੱਖ ਕਰ ਦੇਵੇਗਾ।

ਇਹ ਹਰ ਕੋਈ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਸਿੱਖ ਅਤੇ ਖਾਸਤੌਰ ਤੇ ਸਿੱਖ ਯੁਵਾ ਪੀੜ੍ਹੀ ਸਿੱਖੀ ਆਦਰਸ਼ ਜ਼ਾਬਤਾ ਤੋਂ ਦੂਰ ਹੁੰਦੇ ਜਾ ਰਹੇ ਹਨ ਜਿਨ੍ਹਾਂ ਵਿਚ ਕੁਝ ਪੰਜਾਬ ਵਿਚ ਕਹੇ ਜਾਣ ਵਾਲੇ ਸਿੱਖ ਨੇਤਾ ਵੀ ਹਨ। ਸਿੱਖ ਅਕਾਲੀ ਦਲ ਦਾ ਵੋਟ ਬੈਂਕ ਹਨ ਜੋ ਸਿੱਖਾਂ ਨੂੰ ਪੇਸ਼ ਕਰਨ ਦਾ ਦਾਵਾ ਕਰਦੇ ਹਨ। ਅਕਾਲੀ ਦਲ ਦਾ ਵੋਟ ਬੈਂਕ ਹੋਰ ਛੋਟੇ ਤੋਂ ਛੋਟਾ ਹੋਈ ਜਾਣਾ ਹੈ ਜੱਦ ਤੱਕ ਕਿ ਡੇਰਿਆਂ ਵਿਚ ਜਾਣ ਦੀ ਬਜਾਏ ਸਿੱਖਾਂ ਨੂੰ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਸ਼ੈਲੀ ਵਿਚ ਵਾਪਸ ਨਹੀਂ ਲਿਆਇਆ ਜਾਂਦਾ। ਹਾਲ ਵਿਚ ਹੀ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੀਆਂ ਤੋਂ ਇਹ ਸਾਫ ਹੋ ਗਿਆ ਹੈ, ਜਿੱਥੇ ਮਾਲਵਾ ਇਲਾਕੇ ਵਿਚ ਵੀ ਅਕਾਲੀ ਆਪਣੇ ਪਾਰੰਪਰਕ ਜੇਤੂ ਖ਼ੇਤਰ ਵਿਚ ਹਾਰ ਗਏ ਅਤੇ ਉਨ੍ਹਾਂ ਨੂੰ ਆਸਾਨ ਬਹੁ-ਮਤ ਪ੍ਰਾਪਤ ਨਹੀਂ ਹੋਇਆ। ਉਨ੍ਹਾਂ ਦਾ ਵੋਟ ਬੈਂਕ ਸਿਰਫ ਸਿੱਖਾਂ ਨਾਲ ਹੈ ਅਤੇ ਉਹ ਹਿੰਦੂਆਂ ਦੀ ਵੋਟਾਂ ਬੀ.ਜੇ.ਪੀ, ਜਿਸਦਾ ਵੋਟ ਬੈਂਕ ਹਿੰਦੂ ਹਨ, ਦੀ ਮਦਦ ਨਾਲ ਪ੍ਰਾਪਤ ਕਰਦੇ ਹਨ।

ਸਿੱਖ ਨੇਤਾਵਾਂ ਨੂੰ ਹੁਣ ਹੋਰ ਜ਼ਿਆਦਾ ਚਿਰ ਸਿੱਖ ਵੋਟਾਂ ਪਾਉਣ ਲਈ ਸਿੱਖ ਧਰਮ ਨਾਲ ਸੰਬੰਧਤ ਮਸਲਿਆਂ ਤੇ ਸਮਝੌਤਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਹੁਣ ਸਿੱਖਾਂ ਦੇ ਵਿਰੋਧੀ, ਡੇਰਾਵਾਦ, ਦਾ ਖੰਡਨ ਕਰਨ ਲਈ ਸਪਸ਼ਟ ਹੋਣਾ ਪਵੇਗਾ ਤਾਂ ਕਿ ਸਿੱਖਾਂ ਨੂੰ ਇਸਤੋਂ ਦੂਰ ਕੀਤਾ ਜਾ ਸਕੇ, ਜਿਸਦੇ ਜਾਲ ਵਿਚ ਫ਼ਸ ਕੇ ਅਗਿਆਨੀ ਸਿੱਖ ਗੁਮਰਾਹ ਹੋ ਗਏ ਹਨ। ਹਾਲਾਂਕਿ ਸਿੱਖਾਂ ਦਾ ਮੌਜੂਦਾ ਗੁੱਸਾ ਸੱਚਾ ਸੌਦਾ ਡੇਰੇ ਦੇ ਵਿਰੋਧ ਵਿਚ ਹੈ, ਪਰ ਇਸਦਾ ਲਿਹਾਜ ਕੀਤੇ ਬਿਨਾਂ ਕਿ ਕਿਹੜਾ ਡੇਰਾ ਚੋਣਾਂ ਵਿਚ ਅਕਾਲੀਆਂ ਦੀ ਮਦਦ ਕਰੇਗਾ, ਸਿੱਖਾਂ ਨੂੰ ਦੂਜੇ ਸਾਰੇ ਡੇਰਿਆਂ ਤੋਂ ਦੂਰ ਕਰਨ ਲਈ ਇਹ ਕਰਨਾ ਪਵੇਗਾ, ਜਿੱਥੇ ਨਿਜੀ ਗੁਰੂ ਦਾ ਸਮੱਰਥਣ ਕੀਤਾ ਜਾਂਦਾ ਹੈ, ਜੋ ਸਪਸ਼ਟ ਰੂਪ ਵਿਚ ਸਿੱਖੀ ਦੇ ਖ਼ਿਲਾਫ਼ ਹੈ।

ਸਿੱਖ ਨੇਤਾਵਾਂ ਵਲੋਂ ਨਾਮਧਾਰੀਆਂ ਨੂੰ ਹੱਲ੍ਹਾ-ਸ਼ੇਰੀ ਦੇਣ ਲਈ ਕੋਈ ਸਫ਼ਾਈ ਨਹੀਂ ਹੋ ਸਕਦੀ, ਜੇਕਰ ਉਨ੍ਹਾਂ ਨੇ ਚੋਣਾਂ ਵਿਚ ਅਕਾਲੀ ਉਮੀਦਵਾਰਾਂ ਦਾ ਸਮੱਰਥਣ ਕੀਤਾ ਸੀ, ਕਿਉਂ ਜੋ ਉਹ ਨਿਜੀ ਗੁਰੂ ਵਿਚ ਵਿਸ਼ਵਾਸ ਰੱਖਦੇ ਹਨ, ਜੋ ਸਿੱਖੀ ਦੇ ਖ਼ਿਲਾਫ਼ ਹੈ। ਖ਼ਬਰ ਅਨੁਸਾਰ ਅਕਾਲੀ ਦਲ ਦੇ ਪ੍ਰਧਾਨ, ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਬਨਣ ਤੋਂ ਬਾਅਦ ਉਨ੍ਹਾਂ ਕੋਲ ਗਏ ਅਤੇ ਉਨ੍ਹਾਂ ਨੂੰ ਖ਼ਾਲੀ ਚੈਕ ਭੇਂਟ ਕੀਤਾ ਅਤੇ ਇੱਕ ਯੂਨੀਵਰਸਿਟੀ ਵਿਚ ਉਸ ਸੰਪ੍ਰਦਾਇ ਦੇ ਸਤਿਗੁਰੂ ਰਾਮ ਸਿੰਘ ਦੇ ਨਾਂ ਹੇਠ ਇੱਕ ਕੁਰਸੀ ਸਥਾਪਿਤ ਕਰਨ ਦੀ ਪੇਸ਼ਕਸ਼ ਕੀਤੀ। ਸਿੱਖਾਂ

ਅਤੇ ਸਿੱਖ ਨੇਤਾਵਾਂ ਨੂੰ ਇਸਦਾ ਕੀ ਸੰਦੇਸ਼ ਜਾਂਦਾ ਹੈ ਜਿਵੇਂ ਕਿ ਅਜਿਹੇ ਡੇਰਿਆਂ ਨੂੰ ਬੰਦ ਕੀਤਾ ਜਾਵੇ ਜਾਂ ਵਧਾਇਆਂ ਜਾਵੇ। ਬਲਕਿ ਨਾਮਧਾਰੀਆਂ ਨੂੰ ਨਿਜੀ ਗੁਰੂ ਦੀ ਕਿਰਿਆ ਨੂੰ ਰੋਕਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਹ ਇਤਿਹਾਸਕ ਤੱਥ ਹੈ ਕਿ ਬਾਬਾ ਰਾਮ ਸਿੰਘ ਇੱਕ ਬਹੁਤ ਹੀ ਸਮਰਪਿਤ ਸਿੱਖ ਸਨ ਅਤੇ ਉਨ੍ਹਾਂ ਆਪਣੇ ਜੀਵਨ ਕਾਲ ਵਿਚ ਕਦੇ ਵੀ ਆਪਣੇ ਆਪ ਨੂੰ ਗੁਰੂ ਦੇ ਰੂਪ ਵਿਚ ਚਿਤ੍ਰਿਤ ਨਹੀਂ ਕੀਤਾ ਸੀ। ਬ੍ਰਿਟਿਸ਼ ਦੀਆਂ ਸਾਜਿਸ਼ਾਂ ਦੇ ਅਧੀਨ ਸਿੱਖਾਂ ਵਿਚ ਬਦਨਾਮ ਕਰਨ ਅਤੇ ਉਸੇ ਵੇਲੇ ਇਸ ਮਸਲੇ ਤੇ ਸਿੱਖਾਂ ਵਿਚ ਉਲਝਨਾਂ ਪੈਦਾ ਕਰਨ ਲਈ ਉਸਨੂੰ ਗੁਰੂ ਕਿਹਾ ਗਿਆ ਸੀ ਕਿਉਂ ਜੋ ਉਨ੍ਹਾਂ ਬ੍ਰਿਟਿਸ਼ ਸ਼ਾਸਕਾਂ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ ਸੀ।

ਸਿੱਖਾਂ ਅਤੇ ਸਿੱਖ ਧਰਮ ਦੀ ਸਮੱਸਿਆ ਡੇਰਾਵਾਦ ਤੱਕ ਹੀ ਸੀਮਿਤ ਨਹੀਂ ਹੈ, ਪਰ ਸਿੱਖ ਈਸਾਈ ਧਰਮ ਵਿਚ ਵੀ ਤਬਦੀਲ ਹੋ ਗਏ ਹਨ ਅਤੇ ਹੁਣ ਪੰਜਾਬ ਵਿਚ ਚਰਚ ਵੀ ਬਣਾ ਦਿੱਤੇ ਗਏ ਹਨ, ਹਾਲਾਂਕਿ ਬ੍ਰਿਟਿਸ਼ ਸ਼ਾਸਨ ਵੇਲੇ ਅਜਿਹਾ ਕੁੱਝ ਨਹੀਂ ਸੀ। ਇਹ ਮੌਜੂਦਾ ਸਮੇਂ ਦੇ ਸਿੱਖਾਂ ਅਤੇ ਖ਼ਾਸਕਰ ਕੇ ਸਿੱਖ ਨੇਤਾਗਿਰੀ ਉੱਤੇ ਬਹੁਤ ਵੱਡਾ ਕਲੰਕ ਹੈ। ਇਸ ਬੁਰਾਈ ਨੂੰ ਜੜੋਂ ਖ਼ਤਮ ਕਰ ਦੇਣਾ ਚਾਹੀਦਾ ਹੈ, ਜੋ ਨਹੀਂ ਤਾਂ ਇੱਕ ਬੁਰਾ ਮੋੜ ਲੈ ਲਏਗੀ। ਈਸਾਈ ਧਰਮ ਦੇ ਪ੍ਰਚਾਰਕ ਗ਼ਰੀਬ ਲੋਕਾਂ ਨੂੰ ਆਰਥਕ ਮਦਦ ਦੇਣ ਲਈ ਫੁਸਲਾਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਜੋ ਕਿ ਇੱਤਰਾਜ਼ਯੋਗ ਹੈ। ਇਸੇ ਤਰ੍ਹਾਂ ਕਮਜ਼ੋਰ ਵਰਗ ਅਤੇ ਅਨੁਸੂਚੀ ਸ਼੍ਰੇਣੀ ਅਤੇ ਪਿਛੜੀ ਸ਼੍ਰੇਣੀ ਦੇ ਲੋਕਾਂ ਨੂੰ ਡੇਰਿਆਂ ਲਈ ਫੁਸਲਾਇਆ ਜਾਂਦਾ ਹੈ।

ਸਿੱਖਾਂ ਨੂੰ ਇਨ੍ਹਾਂ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੇ ਵਿਅਕਤਿਗਤ ਗੌਰਵ ਅਤੇ ਆਰਥਕ ਸਲਾਮਤੀ ਲਈ ਸੁਰਖਿਆ ਪ੍ਰਦਾਨ ਕਰਨੀ ਚਾਹੀਦੀ ਹੈ ਜਿਵੇਂ ਕਿ ਸਿੱਖ ਧਰਮ ਵਿਚ ਜੋ ਕਮਜ਼ੋਰ ਦੀ ਮਦਦ ਕਰਦਾ ਹੈ ਉਸਨੂੰ ਪਰਮਾਤਮਾ ਦੀ ਮਿਹਰ ਪ੍ਰਾਪਤ ਹੁੰਦੀ ਹੈ। ਸਿੱਖ ਧਰਮ ਵਿਚ ਜਾਤ ਪ੍ਰਣਾਲੀ ਦਾ ਖੰਡਨ ਕੀਤਾ ਗਿਆ ਹੈ, ਅਤੇ ਇਹ ਪੱਕਾ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਸਿੱਖਾਂ ਵਿਚ ਕੋਈ ਛਾਪ ਨਾ ਛੱਡੇ।

ਪੰਜਾਬ ਵਿਚ ਡੇਰਿਆਂ ਅਤੇ ਚਰਚਾਂ ਤੋਂ ਪਰੇ ਵੀ, ਵੱਡੀ ਗਿਣਤੀ ਵਿਚ ਸਿੱਖ ਯੁਵਾ, ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਸ਼ੈਲੀ ਤੋਂ ਦੂਰ ਹੁੰਦੇ ਜਾ ਰਹੇ ਹਨ। ਸੱਚ ਵਿਚ ਸਿੱਖ ਪਛਾਣ ਦੇ ਚਿੰਨ੍ਹ, ਦਾੜ੍ਹੀ ਅਤੇ ਪੱਗ, ਚਾਲ੍ਹੀ ਸਾਲ ਤੋਂ ਘੱਟ ਦੇ ਸਿੱਖਾਂ ਤੋਂ ਲੁਪਤ ਹੋ ਰਹੇ ਹਨ। ਸਿੱਖ ਯੁਵਾ ਪੀੜ੍ਹੀ ਵਲੋਂ, ਆਪਣੇ ਮਾਪਿਆਂ, ਸਿੱਖਿਅਕ ਸੰਸਥਾਵਾਂ ਅਤੇ ਕਾਨੂੰਨ ਲਾਗੂ ਕਰਨ ਵਾਲੀ ਅਜੈਂਸੀਆਂ ਨੂੰ ਬਿਨਾਂ ਕਿਸੇ ਜਵਾਬਦੇਹੀ ਦੇ, ਨਸ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਸਿੱਖ ਧਰਮ ਵਿਚ ਪੂਰੀ ਤਰ੍ਹਾਂ ਵਰਜਤ ਹੈ ਅਤੇ ਜੋ ਉਨ੍ਹਾਂ ਦੀ ਸਿਹਤ ਤੇ ਬੁਰਾ ਅਸਰ ਪਾਉਂਦੇ ਹਨ। ਸਿੱਖਾਂ ਵਿਚ, ਸਿੱਖਾਂ ਅਤੇ ਇਸ ਉਦੇਸ਼ ਲਈ ਬਣਾਏ ਗਏ ਸਿੱਖ ਸੰਗਠਨਾਂ ਵਲੋਂ, ਸਿੱਖ ਧਰਮ ਦੇ ਸਹੀ ਪ੍ਰਚਾਰ ਵਿਚ ਪੂਰੀ ਤਰ੍ਹਾਂ ਕਮੀ ਹੈ। ਸਿੱਖ ਨੇਤਾ, ਧਾਰਮਕ ਅਤੇ ਰਾਜਨੀਤਕ, ਬਿਨਾਂ ਠੋਸਪਣ ਨਾਲ ਕੁੱਝ ਕਰਨ ਦੇ, ਸਿਰਫ ਮਗਰਮੱਛ ਦੇ ਹੰਝੂ ਹੀ ਬਹਾ ਰਹੇ ਹਨ।

ਅਸਲ ਵਿਚ ਪੰਜਾਬ, ਸਿੱਖਾਂ ਦਾ ਕਿਹਾ ਜਾਣ ਵਾਲਾ ਵਤਨ ਅਤੇ ਇਕੱਲਾ ਰਾਜ ਜਿੱਥੇ ਸਿੱਖ ਬਹੁ-ਮਤ ਵਿਚ ਸਨ, ਸਿੱਖਾਂ ਲਈ ਖ਼ਤਰੇ ਦੇ ਘੇਰੇ ਵਿਚ ਹੈ ਕਿਉਂ ਜੇ ਸਿੱਖਾਂ ਦੇ ਧਰਮ ਨੂੰ ਤਿਆਗਣ, ਸਿੱਖਾਂ ਦਾ ਵਿਦੇਸ਼ੀ ਮੁਲਕਾਂ ਵੱਲ ਪ੍ਰਵਾਸ ਅਤੇ ਦੂਜੇ ਰਾਜਾਂ ਤੋਂ ਉਨ੍ਹਾਂ ਲੋਕਾਂ ਦਾ ਪੰਜਾਬ ਨੂੰ ਪ੍ਰਵਾਸ ਜੋ ਸਿੱਖ ਨਹੀਂ ਹਨ, ਦਾ ਮੌਜੂਦਾ ਰੁਝਾਨ ਇਵੇਂ ਹੀ ਜਾਰੀ ਰਿਹਾ। ਫਿਰ ਸਿੱਖ ਨੇੜਲੇ ਭਵਿੱਖ ਵਿਚ ਅਲਪ ਸੰਖਿਆ ਵਿਚ ਰਹਿ ਜਾਣਗੇ। ਬਿਨਾਂ ਕਿਸੇ ਦੇਰੀ ਦੇ ਚੀਜ਼ਾਂ ਨੂੰ ਸਹੀ ਕਰਨ ਲਈ ਹੁਣ ਇਹੀ ਸਹੀ ਸਮਾਂ ਹੈ।

ਆਪਣੇ ਆਪ ਨੂੰ ਸਿੱਖ ਸੰਤ, ਪ੍ਰਚਾਰਕ, ਜੱਥੇਦਾਰ ਅਤੇ ਸਿੱਖ ਨੇਤਾ ਦੱਸਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ, ਅਤੇ ਕਈ ਅਕਾਲੀ ਦਲ ਸਥਾਪਿਤ ਕਰ ਲਏ ਗਏ ਹਨ ਅਤੇ ਇਨ੍ਹਾਂ ਵਿਚੋਂ ਹਰ ਪਾਰਟੀ ਸਿੱਖਾਂ ਦਾ ਪ੍ਰਤੀਨਿੱਧ ਕਰਨ ਦਾ ਦਾਵਾ ਕਰਦੀ ਹੈ, ਪਰ ਦਿਨੋ ਦਿਨ ਸਿੱਖਾਂ ਦੀ, ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਤੋਂ ਦੂਰ ਹੋਣ ਦੀ ਗਿਣਤੀ ਵੱਧਦੀ ਜਾ ਰਹੀ ਹੈ। ਕਹੇ ਜਾਣ ਵਾਲੇ ਸਿੱਖ ਰਾਜਨੇਤਾ ਇਸ ਸੰਬੰਧ ਵਿਚ ਕੋਈ ਸਰੋਕਾਰ ਨਹੀਂ ਰੱਖਦੇ ਅਤੇ ਸਿੱਖਾਂ ਤੋਂ ਵੋਟਾਂ ਖਿੱਚਣ ਲਈ ਪਾਰਟੀ ਦੀ ਘਟੀਆ ਧੜੇਬਾਜ਼ੀਆਂ ਅਤੇ ਸੁਆਰਥੀ ਹਿੱਤਾਂ ਅਤੇ ਖ਼ਤਰੇ ਵਿਚ ਪਏ ਪੰਥ ਦੇ ਖ਼ੋਖਲੇ ਨਾਰੇ ਬੁਲਾਉਣ ਵਿਚ ਉਲਝੇ ਰਹਿੰਦੇ ਹਨ, ਜਦੋਂ ਸੱਤਾ ਤੋਂ ਬਾਹਰ ਹੁੰਦੇ ਹਨ। ਹੁਣ ਸਿੱਖ ਧਰਮ ਨੂੰ ਸਿੱਖਾਂ ਤੋਂ ਹੀ ਅੰਦਰੂਨੀ ਖ਼ਤਰਾ ਹੈ। ਸਾਰੇ ਸਿੱਖ ਨੇਤਾਵਾਂ, ਧਾਰਮਕ ਅਤੇ ਰਾਜਨੀਤਕ, ਨੂੰ ਇਸ ਗੰਭੀਰ ਸਥਿਤੀ ਨੂੰ ਅਤੇ ਮਿਲ ਕੇ, ਸਿੱਖ ਕਦਰਾਂ-ਕੀਮਤਾਂ ਨੂੰ ਚੁੱਕਣ ਲਈ ਸਿੱਖਾਂ ਵਿਚ ਜਾਗਰੂਕਤਾ ਲਿਆਉਣ ਲਈ, ਗੁਟਬਾਜੀ ਅਤੇ ਖਾਲੀ ਨਾਰੇਬਾਜੀਆਂ ਤੋਂ ਉੱਪਰ ਉੱਠਦੇ ਹੋਏ, ਇਸ ਦਾ ਨਿਪਟਾਰਾ ਕਰਨ ਦੀ ਜਿੰਮੇਵਾਰੀ ਨੂੰ ਸਮਝਣਾ ਚਾਹੀਦਾ ਹੈ।

ਹੁਣ ਬਿਨਾਂ ਕਿਸੇ ਦੇਰੀ ਦੇ ਸਿੱਖਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਪੇਸ਼ ਕੀਤੇ ਗਏ, ਉਦੇਸ਼ ਦੀ ਈਮਾਨਦਾਰੀ ਨਾਲ, ਸਾਰੇ ਸਿੱਖਾਂ ਲਈ ਲਾਜ਼ਮੀ, ਸਿੱਖ ਸੂਤਰਪਾਤ, ਅਮ੍ਰਿਤ-ਖੰਡੇ ਦਾ ਪਾਹੁਲ, ਦਾ ਪ੍ਰਚਾਰ ਕਰਨ ਦਾ ਇਹੀ ਸਮਾਂ ਹੈ ਅਤੇ ਇਹ ਵੀ ਪੱਕਾ ਕਰਨ ਦਾ ਸਮਾਂ ਹੈ ਕਿ ਸਿੱਖ ਆਦਰਸ਼ ਜ਼ਾਬਤਾ ਦਾ ਪਾਲਨ ਕੀਤਾ ਜਾਵੇ ਅਤੇ ਸਿੱਖੀ ਜੀਵਨ ਸ਼ੈਲੀ ਵਿਚ ਜੀਵਨ ਬਤੀਤ ਕੀਤਾ ਜਾਵੇ। ਐਸ.ਜੀ.ਪੀ.ਸੀ. ਨੂੰ, ਤਕਰੀਬਨ ਤਿੰਨ ਸੌ ਕਰੋੜ ਰੁਪਏ ਦੇ ਵੱਡੇ ਬਜਟ ਨਾਲ ਆਪਣੇ ਕੋਲ ਸਾਰੇ ਸ੍ਰੋਤ ਹੁੰਦੇ ਹੋਏ, ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਵਚਨਬੱਧ ਹੁੰਦੇ ਹੋਏ, ਸਿੱਖਾਂ, ਸਿੱਖ ਨੇਤਾਵਾਂ ਅਤੇ ਸਿੱਖ ਸੰਗਠਨਾਂ ਦੇ ਸਹਿਯੋਗ ਨਾਲ ਪੰਜਾਬ ਵਿਚ ਇਸ ਅੰਦੋਲਨ ਦੀ ਅਗਵਾਈ ਕਰਨੀ ਚਾਹੀਦੀ ਹੈ।ਐਸ.ਜੀ.ਪੀ.ਸੀ. ਹਲਕੇ ਨੂੰ ਇਸ ਉਦੇਸ਼ ਲਈ ਇੱਕ ਯੂਨਿਟ ਵਾਂਗ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸਦੇ ਮੈਂਬਰਾਂ ਨੂੰ ਇਸਦਾ ਇੰਚਾਰਜ ਬਨਾਉਣਾ ਚਾਹੀਦਾ ਹੈ। ਉਸ ਇਲਾਕੇ ਦੇ ਸਾਰੇ ਸਿੱਖ ਨੇਤਾ, ਪਾਰਟੀ ਦੀ ਧੜੇਬਾਜੀਆਂ ਤੋਂ ਉੱਪਰ ਉੱਠਦੇ ਹੋਏ, ਇਸ ਵਿਚ ਪੂਰੇ ਜੋਸ਼ ਨਾਲ ਸ਼ਾਮਲ ਹੋਣੇ ਚਾਹੀਦੇ ਹਨ। ਤਖ਼ਤਾਂ ਦੇ ਜੱਥੇਦਾਰਾਂ ਨੂੰ ਆਪਣੇ ਇਲਾਕਿਆਂ ਵਿਚ ਇਸਦਾ ਨਿਰੀਖਣ ਕਰਨਾ ਚਾਹੀਦਾ ਹੈ।

ਸਭ ਤੋਂ ਪਹਿਲਾਂ, ਸਿੱਖ ਨੇਤਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਸਾਰੇ ਅਕਾਲੀ ਦਲ ਅਤੇ ਸਿੱਖ ਸੰਗਠਨਾਂ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਨੂੰ, ਸਿੱਖ ਸੂਤਰਪਾਤ ਦੇਣਾ ਚਾਹੀਦਾ ਹੈ ਅਤੇ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਵਿਚ ਜੀਉਣ ਦੇ ਸਿੱਖ ਹੁਕਮਾਂ ਬਾਰੇ ਜਾਗਰੂਕਤਾ ਪ੍ਰਦਾਨ ਕਰਨੀ ਚਾਹੀਦੀ ਹੈ। ਫਿਰ ਸਾਰੇ ਸਿੱਖਾਂ ਨੂੰ ਸਿੱਖ ਸੂਤਰਪਾਤ ਦੇਣਾ ਚਾਹੀਦਾ ਹੈ ਅਤੇ ਪੱਕਾ ਕਰਨਾ ਚਾਹੀਦਾ ਹੈ ਕਿ ਉਹ ਸਿੱਖ ਆਦਰਸ਼ ਜ਼ਾਬਤਾ ਵਿਚ ਜੀਵਨ ਬਤੀਤ ਕਰਨ। ਜੋ ਸਿੱਖ ਆਪਣੇ ਆਪ ਨੂੰ ਸਿੱਖ ਸੰਤ ਅਤੇ ਸਿੱਖ ਪ੍ਰਚਾਰਕਾਂ ਦੇ ਰੂਪ ਵਿਚ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਇਲਾਕਿਆਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਇਸ ਲਹਿਰ ਵਿਚ ਸ਼ਾਮਲ ਸਾਰੇ ਲੋਕਾਂ ਨੂੰ ਆਪਣੇ ਕਰਤੱਵ ਦੇ ਇਲਾਕਿਆਂ ਤੱਕ ਹੀ ਸੀਮਿਤ ਰਹਿਣਾ ਚਾਹੀਦਾ ਹੈ, ਜੱਦ ਤੱਕ ਕਿ ਅਜਿਹਾ ਪ੍ਰਚਾਰ ਅਤੇ ਸਿੱਖ ਸੂਤਰਪਾਤ ਪੂਰਾ ਨਾ ਹੋ ਜਾਵੇ। ਸਾਰੇ ਸਿੱਖ ਡੇਰਾਵਾਦ, ਚਰਚ ਅਤੇ ਨਸ਼ੇ ਵਰਗੀ ਦੂਜੀ ਬੁਰਾਈਆਂ ਤੋਂ ਆਪਣੇ ਆਪ ਹੀ ਦੂਰ ਹੋ ਜਾਣਗੇ, ਜਦੋਂ ਉਹ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਵਿਚ ਵਾਪਿਸ ਆ ਜਾਣਗੇ। ਸਿਰਫ ਸਿੱਖ ਨੇਤਾ ਨੂੰ ਹੀ ਨਹੀਂ, ਕਿਸੇ ਹੋਰ ਸਿੱਖ ਨੂੰ ਵੀ ਕਿਸੇ ਖੇਤਰ ਵਿਚ ਸਿੱਖਾਂ ਵਲੋਂ ਕੋਈ ਮਾਨਤਾ ਨਹੀਂ ਦਿੱਤੀ ਜਾਣੀ ਚਾਹੀਦੀ, ਜੋ ਸਿੱਖ ਜੀਵਨ ਸ਼ੈਲੀ ਅਤੇ ਸਿੱਖ ਆਦਰਸ਼ ਜ਼ਾਬਤਾ ਵਿਚ ਨਹੀਂ ਹੈ। ਅਜਿਹੀ ਵਿਗੜੀ ਹਾਲਤ ਵਿਚ, ਚੀਜਾਂ ਨੂੰ ਸਹੀ ਕਰਨ ਲਈ ਠੋਸ ਕਦਮ ਚੁੱਕਣੇ ਪੈਣਗੇ।

ਅਜਿਹੇ ਅੰਦੋਲਨਾਂ ਦੀ ਜਿੰਮੇਵਾਰੀ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਤਖ਼ਤਾਂ, ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਪ੍ਰਬੰਧਕਾਂ ਅਤੇ ਦੁਨਿਆ ਭਰ ਦੇ ਹੋਰ ਦੂਜੇ ਸਿੱਖ ਗੁਰੂਦੁਆਰਿਆਂ ਅਤੇ ਹੋਰ ਸਾਰੇ ਸਿੱਖ ਸੰਗਠਨਾਂ ਨੂੰ ਆਪਣੇ ਇਲਾਕਿਆਂ ਵਿਚ ਲੈਣੀ ਚਾਹੀਦੀ ਹੈ। ਸਿਰਫ ਉਦੋਂ ਹੀ ਸਾਰੇ ਸਿੱਖਾਂ ਨੂੰ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਵਿਚ ਲਿਆਇਆ ਜਾ ਸਕਦਾ ਹੈ, ਜਿਸ ਤੋਂ ਉਨ੍ਹਾਂ ਵਿਚੋਂ ਜ਼ਿਆਦਾਤਰ ਅਤੇ ਖ਼ਾਸਕਰ ਕੇ ਸਿੱਖ ਯੁਵਾ ਦੂਰ ਹੁੰਦੇ ਜਾ ਰਹੇ ਹਨ। ਸਿੱਖ ਜੀਵਨ ਸ਼ੈਲੀ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਬੱਧ ਸਿੱਖਾਂ ਨੂੰ ਹੀ ਗੁਰੂਦੁਆਰਿਆਂ ਦੀ ਪ੍ਰਬੰਧਕ ਕਮੇਟੀਆਂ ਅਤੇ ਹੋਰ ਸਿੱਖ ਸੰਗਠਨਾਂ ਦੇ ਅਹੁਦੇ ਦਿੱਤੇ ਜਾਣੇ ਚਾਹੀਦੇ ਹਨ, ਕਿਉਂ ਜੋ ਉਦੋਂ ਹੀ ਸਿੱਖ ਸੰਸਥਾਵਾਂ ਇਸ ਸੰਬੰਧ ਵਿਚ ਆਪਣਾ ਫ਼ਰਜ਼ ਉਦੇਸ਼ ਦੀ ਈਮਾਨਦਾਰੀ ਨਾਲ ਨਿਭਾ ਸਕਦੀਆਂ ਹਨ।

ਵਿਦਿਆਰਥੀਆਂ ਨੂੰ ਸਿੱਖ ਧਰਮ ਅਤੇ ਇਤਿਹਾਸ ਪੜਾਉਣ ਲਈ, ਸਿੱਖੀ ਵੱਲ ਝੁਕਾਅ ਵਾਲੀਆਂ ਸਿੱਖ ਵਿਦਿਅਕ ਸੰਸਥਾਵਾਂ, ਸਿੱਖ ਸਕੂਲਾਂ ਅਤੇ ਕਾਲਜਾਂ ਨੂੰ ਬਨਾਉਣ ਦੀ ਹੁਣ ਬਹੁਤ ਜ਼ਿਆਦਾ ਲੋੜ ਹੈ, ਕਿਉਂ ਜੋ ਉਨ੍ਹਾਂ ਨੂੰ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਵਿਚ ਜੀਉਣ ਯੋਗ ਬਨਾਇਆ ਜਾ ਸਕੇ, ਜਿਸ ਲਈ ਇਨ੍ਹਾਂ ਸਕੂਲਾਂ ਅਤੇ ਕਾਲਜਾਂ ਨੂੰ ਸਥਾਪਿਤ ਕੀਤਾ ਗਿਆ ਸੀ, ਪਰ ਹੁਣ ਜੋ ਉਹ ਉਦੇਸ਼ ਭੁਲ ਗਏ ਹਨ। ਜ਼ਿਆਦਾਤਰ ਸਿੱਖ ਵਿਦਿਅਕ ਸੰਸਥਾਵਾਂ ਵਿਚ, ਵਿਦਿਆਰਥੀਆਂ ਦੇ ਬਾਰੇ ਤਾਂ ਕੀ ਕਹੀਏ, ਪ੍ਰਬੰਧਕ ਅਤੇ ਅਧਿਆਪਕ ਵੀ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਵਿਚ ਨਹੀਂ ਹਨ, ਜਿਸ ਦੇ ਨਤੀਜੇ ਵਜੋਂ ਸਿੱਖ ਯੁਵਾ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਤੋਂ ਦੂਰ ਹੁੰਦੇ ਜਾ ਰਹੇ ਹਨ।

ਵਿਦੇਸ਼ੀ ਮੁਲਕਾਂ ਵਿਚ, ਅਜੇ ਤੱਕ ਕੋਈ ਵੀ ਸਿੱਖ ਸਕੂਲ ਅਤੇ ਕਾਲਜ ਨਹੀਂ ਹਨ ਪਰ ਦੁਨੀਆਂ ਭਰ ਵਿਚ ਸਿੱਖਾਂ ਨੇ ਆਪਣੀ ਨਿਵਾਸ ਥਾਵਾਂ ਉੱਤੇ ਸਿੱਖ ਗੁਰੂਦੁਆਰੇ ਸਥਾਪਿਤ ਕਰ ਲਏ ਹਨ। ਸਿੱਖ ਬਾਚਿਆਂ ਨੂੰ ਸਿੱਖ ਧਰਮ, ਇਤਿਹਾਸ ਅਤੇ ਪੰਜਾਬੀ ਪੜਾਉਣ ਲਈ ਸਾਰੇ ਗੁਰੂਦੁਆਰਿਆਂ ਵਿਚ ਐਤਵਾਰ ਗੁਰੂਦੁਆਰਾ ਸਕੂਲ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਸਿੱਖ ਜੀਵਨ ਸ਼ੈਲੀ ਵਿਚ ਜੀਉਣ ਦੇ ਕਾਬਿਲ ਬਣਾਇਆ ਜਾ ਸਕੇ।

ਵਿਸ਼ਵ ਦੇ ਧਰਮਾਂ ਦੇ ਵਿਦਵਾਨ ਸਿੱਖਾਂ ਉੱਤੇ ਆਰੋਪ ਲਾ ਰਹੇ ਹਨ ਕਿ ਉਹ ਸਿੱਖ ਧਰਮ ਦੇ ਰੂਹਾਨੀ ਸੰਦੇਸ਼ ਨੂੰ ਦੁਨੀਆਂ ਦੇ ਧਿਆਨ ਵਿਚ ਲਿਆਉਣ ਲਈ ਆਪਣਾ ਫ਼ਰਜ਼ ਨਹੀਂ ਨਿਭਾ ਰਹੇ ਹਨ, ਪਰ ਇਸਨੂੰ ਅਜੇ ਸਿੱਖਾਂ ਦੇ ਧਿਆਨ ਵਿਚ ਲਿਆਉਣਾ ਵੀ ਬਾਕੀ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਸਿੱਖ ਇਸਦਾ ਪ੍ਰਚਾਰ ਦੁਨੀਆਂ ਵਿਚ ਕਰ ਸਕਦੇ ਹਨ। ਸਿੱਖ ਹੁਣ ਪੂਰੀ ਦੁਨੀਆਂ ਵਿਚ ਵਸੇ ਹਨ ਅਤੇ ਹੁਣ ਉਨ੍ਹਾਂ ਨੂੰ ਵਿਸ਼ਵ ਪੱਧਰ ਤੇ ਸਿੱਖ ਪ੍ਰਤੀਨਿਧ ਮੰਡਲ ਦੀ ਲੋੜ ਹੈ ਜੋ ਸਿੱਖ ਧਰਮ ਦਾ ਪ੍ਰਚਾਰ ਪਹਿਲਾਂ ਸਿੱਖਾਂ ਵਿਚ ਕਰੇ ਅਤੇ ਫਿਰ ਸਾਰੇ ਵਿਸ਼ਵ ਵਿਚ ਅਤੇ ਸਿੱਖਾਂ ਦੇ ਆਮ ਮਾਮਲਿਆਂ ਵੱਲ ਇੱਕਰੂਪਤਾ ਅਤੇ ਇੱਕਸਾਰਤਾ ਨਾਲ ਧਿਆਨ ਦੇਵੇ, ਅਤੇ ਜੋ ਕਿ ਸਿੱਖ ਧਰਮ ਅਤੇ ਸਿੱਖ ਉਦੇਸ਼ ਲਈ ਆਪਣੀ ਈਮਾਨਦਾਰੀ, ਏਕਤਾ, ਯੋਗਤਾ ਅਤੇ ਬੱਧਤਾ ਲਈ ਪ੍ਰਸਿੱਧ ਸਿੱਖਾਂ ਦਾ ਬਣਿਆ ਹੋਣਾ ਚਾਹੀਦਾ ਹੈ। ਸਿੱਖ ਮਾਮਲਿਆਂ ਵਿਚ ਸਮੂਹਕ ਫ਼ੈਸਲੇ ਲੈਣ ਲਈ ਦੁਨੀਆਂ ਭਰ ਦੇ ਸਾਰੇ ਸਿੱਖਾਂ ਦਾ ਸ਼ਾਮਲ ਹੋਣਾ ਲਾਜ਼ਮੀ ਹੈ ਤਾਂ ਜੋ ਉਨ੍ਹਾਂ ਵਿਚ ਇਨ੍ਹਾਂ ਫੈਸਲਿਆਂ ਨੂੰ ਸਵੀਕਾਰਯੋਗ ਬਣਾਇਆ ਜਾ ਸਕੇ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਆਦੇਸ਼ ਕੀਤੇ ਗਏ, ਗੁਰੂ ਗ੍ਰੰਥ-ਗੁਰੂ ਪੰਥ ਦੇ ਸੰਕਲਪ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ ਜਿਸ ਉੱਤੇ ਲੰਮੇ ਸਮੇਂ ਤੋਂ ਧਿਆਨ ਨਾ ਦੇਣ ਕਰਕੇ ਸਿੱਖ ਸਮੂਹਕ ਫ਼ੈਸਲੇ ਲੈਣ ਲਈ ਅਯੋਗ ਬਣ ਗਏ ਹਨ। ਸਿੱਖ ਰਿਹਤ ਮਰਯਾਦਾ ਵਿਚ ਇਹ ਦਿੱਤਾ ਗਿਆ ਹੈ ਕਿ ਸਿੱਖ ਪੰਥ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਫ਼ੈਸਲੇ ਪੰਥਕ ਕਮੇਟੀ ਅਤੇ ਪੰਥ ਤੋਂ ਪਰਵਾਨਿਤ ਪ੍ਰਤਿਨਿਧੀਆਂ ਵਲੋਂ ਪੰਥ ਦੀ ਬੈਠਕ ਬੁਲਾ ਕੇ ਲਏ ਜਾਣੇ ਚਾਹੀਦੇ ਹਨ, ਅਤੇ ਉਨ੍ਹਾਂ ਦੇ ਫ਼ੈਸਲੇ ਨੂੰ ਗੁਰਮੱਤ ਕਿਹਾ ਜਾਂਦਾ ਹੈ, ਜੋ ਕਿ ਸਿੱਖ ਧਰਮ ਦੇ ਮੂਲ ਸਿਧਾਂਤਾਂ, ਜਿਵੇਂ ਕਿ ਸਿੱਖ ਗੁਰੂਆਂ ਅਤੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੇ ਦਰਜੇ, ਧਾਰਮਕ ਅਤੇ ਪੰਥਕ ਸੰਗਠਨਾਂ ਦੀ ਸ਼ੁੱਧਤਾ ਦੀ ਰੱਖਿਆ ਕਰਨਾ, ਨੂੰ ਸਪਸ਼ਟ ਕਰਨ ਅਤੇ ਸਮੱਰਥਣ ਦੇਣ ਵਾਲੇ ਵਿਸ਼ਿਆ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਬੀ ਮਾਰਗ ਦਰਸ਼ਨ ਹੇਠ ਲਏ ਜਾਣੇ ਚਾਹੀਦੇ ਹਨ।

ਪੰਥ ਦੇ ਫ਼ੈਸਲੇ ਸਿੱਖਾਂ ਉੱਤੇ ਬੱਝਵੇਂ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਸਿੱਖ ਗੁਰੂਆਂ ਦੀ ਰੂਹਾਨੀ ਸਿਖਿਆਵਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ

ਰੂਹਾਨੀ ਸੋਚ ਅਤੇ ਸਿੱਖ ਧਰਮ ਦੀਆਂ ਪਰੰਪਰਾਵਾਂ ਦਾ ਉਲੰਘਣ ਨਹੀਂ ਕਰਨਾ ਚਾਹੀਦਾ, ਜੋ ਕਿ ਸਿੱਖਾਂ ਉੱਤੇ ਬੱਝਵੇਂ ਹਨ। 18ਵੀਂ ਸਦੀ ਵਿਚ ਸਿੱਖਾਂ ਦੇ ਸੰਘਰਸ਼ ਵੇਲੇ ਸਿੱਖਾਂ ਵਲੋਂ ਸਿੱਖ ਪੰਥ ਦੇ ਫ਼ੈਸਲੇ ਇਸੇ ਵਿਧੀ ਵਿਚ ਅਕਾਲ ਤਖ਼ਤ ਵਿਖੇ ਲਏ ਜਾਂਦੇ ਸਨ ਅਤੇ ਉਹ ਮੁਗ਼ਲਾਂ ਅਤੇ ਅਫ਼ਗਾਨੀ ਘੁਸਪੈਠਿਆਂ ਨੂੰ ਖਦੇੜਣ ਅਤੇ ਸਿੱਖ ਸਾਮਰਾਜ ਸਥਾਪਿਤ ਕਰਨ ਵਿਚ ਸਫਲ ਰਹੇ ਸਨ।

ਸਿੱਖ ਹੁਣ ਪੂਰੀ ਦੁਨੀਆਂ ਵਿਚ ਵਸੇ ਹੋਏ ਹਨ ਅਤੇ ਹੁਣ ਵਿਸ਼ਵ ਪੱਧਰ ਤੇ ਸਿੱਖ ਪ੍ਰਤੀਨਿਧ ਦੀ ਲੋੜ ਹੈ, ਜਿਵੇਂ ਕਿ ਸਿੱਖਾਂ ਦੇ ਹਿੱਤ ਹਰ ਥਾਂ ਇਕੋ ਜਿਹੇ ਹਨ। ਇਹ ਪ੍ਰਭਾਵੀ ਤੌਰ ਤੇ ਵਿਸ਼ਵ ਭਰ ਦੇ ਸਿੱਖਾਂ ਦੀ ਸਮੱਸਿਆਵਾਂ ਨੂੰ ਸੁਲਝਾ ਸਕਦਾ ਹੈ। ਇਹ ਸਾਰੇ ਸਿੱਖਾਂ ਅਤੇ ਸਿੱਖ ਸੰਗਠਨਾਂ ਦੇ ਸਹਿਯੋਗ ਨਾਲ ਵਿਸ਼ਵ ਵਿਚ ਸਿੱਖ ਧਰਮ ਦਾ ਪ੍ਰਚਾਰ ਕਰ ਸਕਦਾ ਹੈ, ਜਿਸ ਲਈ ਸਿੱਖਾਂ ਉੱਤੇ ਆਰੋਪ ਲਾਇਆ ਗਿਆ ਹੈ ਕਿ ਉਹ ਵਿਸ਼ਵ ਦੇ ਧਿਆਨ ਵਿਚ ਸਿੱਖ ਧਰਮ, ਪਿਆਰ ਅਤੇ ਸ਼ਾਂਤੀ ਦਾ ਸੰਦੇਸ਼ ਨਹੀਂ ਫੈਲਾ ਰਹੇ ਹਨ, ਜਿਸ ਦੀ ਅੱਜ ਲੋੜ ਹੈ। ਇਹ ਸਿੱਖਾਂ ਨੂੰ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖ ਜੀਵਨ ਸ਼ੈਲੀ ਵਿਚ ਜੀਉਣ ਯੋਗ ਬਣਾ ਸਕਦਾ ਹੈ, ਜਿਸ ਤੋਂ ਹੁਣ ਉਹ, ਖ਼ਾਸ ਕਰਕੇ ਸਿੱਖ ਯੁਵਾ ਪੀੜ੍ਹੀ, ਦੂਰ ਹੁੰਦੀ ਜਾ ਰਹੀ ਹੈ। ਇਹ ਸੰਯੁਕਤ ਹੋ ਕੇ ਸਿੱਖ ਮਸਲਿਆਂ ਤੇ ਫ਼ੈਸਲੇ ਲੈ ਸਕਦੇ ਹਨ, ਜਿਵੇਂ ਕਿ ਗੁਰੂ ਗ੍ਰੰਥ-ਗੁਰੂ ਪੰਥ ਦੇ ਮੁਤਾਬਕ, ਸਾਰੇ ਸਿੱਖਾਂ ਵਿਚ ਫ਼ੈਸਲੇ ਨੂੰ ਸਵੀਕਾਰ ਯੋਗ ਬਨਾਉਣ ਲਈ ਸਾਰੇ ਸਿੱਖਾਂ ਦੀ ਭਾਗੀਦਾਰੀ ਲਾਜ਼ਮੀ ਹੈ, ਜੋ ਕਿ ਦਿਨ ਪ੍ਰਤਿਦਿਨ ਵਿਵਾਦਾਂ ਦੇ ਘੇਰੇ ਵਿਚ ਲਿਆਏ ਜਾ ਰਹੇ ਹਨ।

ਐਸ.ਜੀ.ਪੀ.ਸੀ., ਸਿੱਖ ਧਰਮ ਦੇ ਪ੍ਰਚਾਰ ਅਤੇ ਪੰਜਾਬ ਵਿਚ ਇਤਿਹਾਸਕ ਸਿੱਖ ਗੁਰੂਦੁਆਰਿਆਂ ਦੇ ਪ੍ਰਬੰਧ ਲਈ, ਸਿੱਖ ਗੁਰੂਦੁਆਰਾ ਐਕਟ 1925 ਦੀ ਸਿਰਜਨਾ ਹੈ। ਇਸਨੂੰ ਉਸ ਕਾਨੂੰਨ ਦੀਆਂ ਧਾਰਾਵਾਂ ਹੇਠ ਕੰਮ ਕਰਨਾ ਪੈਂਦਾ ਹੈ। ਐਕਟ ਦੇ ਅਧੀਨ, ਕੋਈ ਵੀ, ਜੋ ਕਿ ਪੰਜਾਬ ਦਾ ਨਿਵਾਸੀ ਨਹੀਂ ਹੈ, ਇਸ ਦੀਆਂ ਚੋਣਾਂ ਨਹੀਂ ਲੜ ਸਕਦਾ। ਸਿੱਖਾਂ ਦਾ ਮੁੱਖ ਪ੍ਰਤੀਨਿਧੀ ਮੰਡਲ ਹੋਣ ਕਰਕੇ, ਵਿਸ਼ਵ ਵਿਚ ਸਿੱਖਾਂ ਦੀ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਸਿੱਖਾਂ ਵਿਚ ਸਿੱਖੀ ਦੇ ਪ੍ਰਚਾਰ ਲਈ ਉਸਾਰੀ ਵਾਲੇ ਕੰਮ ਕਰਨ ਲਈ, ਵਿਸ਼ਵ ਪੰਥਕ ਕੌਂਸਲ ਵਿਚ ਇਸਦਾ ਪ੍ਰਤੀਨਿਧ ਬਹੁਤ ਹੀ ਪ੍ਰਭਾਵੀ ਹੋਵੇਗਾ। ਉਦੇਸ਼ ਦੀ ਈਮਾਨਦਾਰੀ ਨਾਲ ਆਪਣਾ ਫ਼ਰਜ਼ ਨਿਭਾਉਣ ਲਈ ਇਸਨੂੰ ਕਿਸੇ ਵੀ ਤਰ੍ਹਾਂ ਦੇ ਰਾਜਨੀਤਕ ਦਬਾਅ ਤੋਂ ਦੂਰ ਰਹਿਣ ਦੀ ਲੋੜ ਹੈ। ਬਲਕਿ ਇਸਦੇ ਮੈਂਬਰ ਧਾਰਮਕ ਰੁਝਾਨ ਵਾਲੇ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਰਾਜਨੀਤਕ ਕਿਰਿਆਵਾਂ ਵਿਚ ਦਖ਼ਲਬਾਜੀ ਨਹੀਂ ਕਰਨੀ ਚਾਹੀਦੀ, ਕਿਉਂ ਜੋ ਕਈ ਬਾਰ ਰਾਜਨੇਤਾਵਾਂ ਨੂੰ ਧਰਮ ਦੇ ਨੁਕਸਾਨ ਵਿਚ ਸਮਝੌਤੇ ਕਰਨੇ ਪੈਂਦੇ ਹਨ। ਅਕਾਲੀ ਦਲ, ਜੋ ਪੰਜਾਬ ਦੀ ਨਿਵੇਕਲੀ ਸਿੱਖ ਰਾਜਨੀਤਕ ਪਾਰਟੀ ਸੀ, ਹਿੰਦੂ ਅਤੇ ਮੁਸਲਮ ਮੈਂਬਰਾਂ ਦੇ ਨਾਲ, ਇਸਨੂੰ ਸਾਂਪ੍ਰਦਾਇਕ ਰੂਪ ਦੇਣ ਲਈ, ਚੋਣ ਕਾਨੂੰਨ ਦੀਆਂ ਜ਼ਰੂਰਤਾਂ ਨਾਲ ਮੇਲ ਖਾਣ, ਅਤੇ, ਵਿਧਾਨ ਸਭਾ ਅਤੇ ਸੰਸਦ ਦੀਆਂ ਚੋਣਾਂ ਨੂੰ ਲੜਣ ਲਈ ਹੁਣ ਅਸਲ ਵਿਚ ਪੰਜਾਬ ਦੀ ਖੇਤਰੀ ਰਾਜਨੀਤਕ ਪਾਰਟੀ ਬਣ ਕੇ ਰਹਿ ਗਈ ਹੈ। ਇਹ ਸਿੱਖ ਸਮੱਰਥਣ ਨਾਲ ਵੀ ਇਵੇਂ ਕਰ ਸਕਦੀ ਹੈ, ਜਿਵੇਂ ਕਿ ਸਿੱਖ ਰਾਜਨੀਤਕ ਸੱਤਾ ਸਿਰਫ ਪੰਜਾਬ ਨਾਲ ਹੀ ਸੰਬੰਧਤ ਹੈ, ਜਿੱਥੇ ਸਿੱਖਾਂ ਦਾ ਬਹੁ-ਮਤ ਹੈ ਅਤੇ ਉਹ ਵੀ ਸੰਪ੍ਰਦਾਇ ਦੀ ਝਲਕ ਦੇ ਨਾਲ, ਜਿਵੇਂ ਕਿ ਚੋਣ ਦੇ ਕਾਨੂੰਨ ਮੰਗਦੇ ਹਨ।

ਸਿੱਖ ਅਤੇ ਸਿੱਖ ਸੰਗਠਨ ਹਰ ਸਿੱਖ ਨੂੰ ਡੇਰਾਵਾਦ ਦੇ ਖ਼ਿਲਾਫ਼ ਜਾਗਰੂਕ ਕਰਨ ਅਤੇ ਸਿੱਖ ਧਰਮ ਦੀ ਸਿਖਿਆਵਾਂ ਦੇ ਪ੍ਰਚਾਰ ਅਤੇ ਉਨ੍ਹਾਂ ਸਿੱਖਾਂ ਦੀ ਇਸ ਲਈ ਮਨਜ਼ੂਰੀ ਨੂੰ ਪੱਕਾ ਕਰਨ ਲਈ ਵਚਨਬੱਧ ਹਨ, ਜਿੱਥੇ ਕਿ ਸਿਰਫ ਗੁਰੂ ਗ੍ਰੰਥ ਸਾਹਿਬ ਹੀ ਮਾਰਗ ਦਰਸ਼ਕ ਗੁਰੂ ਹਨ ਅਤੇ ਕੋਈ ਹੋਰ ਗੁਰੂ ਜਾਂ ਮਾਰਗ ਦਰਸ਼ਕ ਨਹੀਂ ਹੋ ਸਕਦਾ, ਅਤੇ ਇਹ ਪੱਕਾ ਕਰਨ ਲਈ ਕਿ ਸਿੱਖਾਂ ਨੂੰ ਡੇਰਿਆਂ ਦੇ ਜਾਲ ਤੋਂ ਦੂਰ ਰੱਖਿਆ ਜਾਵੇ ਜਿਸ ਕਿਸੇ ਵੀ ਰੂਪ ਵਿਚ ਉਹ ਚਲਾਏ ਜਾਂਦੇ ਹੋਣ। ਨਿਰਦੋਸ਼ ਲੋਕਾਂ ਦਾ ਧੋਖੇ ਨਾਲ ਸ਼ੋਸ਼ਣ ਕਰਨ ਵਾਲਾ ਸਿਰਫ ਸੱਚਾ ਸੌਦਾ ਡੇਰਾ ਹੀ ਨਹੀਂ ਹੈ ਪਰ ਇਸ ਤਰ੍ਹਾਂ ਦੇ ਡੇਰਿਆ ਦੀ ਇਕ ਲੰਬੀ ਸੂਚੀ ਹੈ, ਜਿਨ੍ਹਾਂ ਵਿਚ ਮੁੱਖ ਰੂਪ ਨਾਲ ਨਿਰੰਕਾਰੀ, ਰਾਧਾਸੁਆਮੀ ਅਤੇ ਨਾਮਧਾਰੀ ਦ੍ਰਿਸ਼ਮਾਨ ਹਨ ਜਿਸਦੇ ਮੁੱਖੀ ਗੁਰੂ ਅਤੇ ਸਤਿਗੁਰੂ ਦੇ ਰੂਪ ਵਿਚ ਅਭਿਨੈ ਕਰਦੇ ਹਨ, ਜਿਸਦੀ ਸਿੱਖ ਧਰਮ ਵਿਚ ਮੰਜੂਰੀ ਨਹੀਂ ਹੈ, ਪਰ ਜਿਸਨੇ ਰੂਹਾਨੀ ਸਿੱਖ ਸੋਚ ਤੋਂ ਅਨਜਾਣੇ ਕੁਝ ਸਿੱਖਾਂ ਨੂੰ ਆਪਣੇ ਵੱਲ ਖਿੱਚਿਆ ਹੈ, ਜਿਸਨੂੰ ਕਿ ਖ਼ਤਮ ਕਰਨ ਦੀ ਲੋੜ ਹੈ।

ਐਸ.ਜੀ.ਪੀ.ਸੀ. ਵਰਗੇ ਸਿੱਖ ਧਾਰਮਕ ਸੰਗਠਨ ਇਸ ਸੰਬੰਧ ਵਿਚ ਪੂਰੀ ਈਮਾਨਦਾਰੀ ਨਾਲ ਸਿੱਖਾਂ ਵਿਚ ਵੀ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਆਪਣੇ ਫ਼ਰਜ਼ ਲਈ ਅਯੋਗ ਹੋ ਗਏ ਹਨ ਜਿਵੇਂ ਕਿ ਨਹੀ ਤਾਂ ਕੋਈ ਵੀ ਸਿੱਖ ਕਿਸੇ ਵੀ ਡੇਰੇ, ਚਰਚ ਜਾਂ ਕਿਸੇ ਹੋਰ ਧਰਮ ਪ੍ਰਣਾਲੀ ਦੀ ਧੋਖੇਬਾਜ਼ ਪਕੜ ਅਤੇ ਧਰਮ ਦਾ ਤਿਆਗ ਕਰਨ ਵੱਲ ਨਹੀਂ ਜਾ ਸਕਦਾ ਸੀ। ਨੀਚ ਰਾਜਨੀਤਕ ਗੁਟਬਾਜੀ ਤੋਂ ਉੱਪਰ ਉਠਦੇ ਹੋਏ, ਉਹ ਹੁਣ ਪ੍ਰਭਾਵੀ ਵਿਧੀ ਵਿਚ ਕੰਮ ਕਰਨ ਲਈ ਵਚਨਬੱਧ ਹਨ।

ਦੁਨੀਆਂ ਭਰ ਦੇ ਸਿੱਖ ਗੁਰੂਦੁਆਰਿਆਂ, ਅਤੇ ਹੋਰ ਸਿੱਖ ਸੰਗਠਨਾਂ ਨੂੰ ਸਿੱਖ ਧਰਮ ਦਾ ਜ਼ਰੂਰ ਪ੍ਰਚਾਰ ਕਰਨਾ ਚਾਹੀਦਾ ਹੈ, ਤਾਂ ਜੋ ਸਿੱਖ, ਖ਼ਾਸ ਕਰਕੇ ਸਿੱਖ ਯੁਵਾ ਪੀੜ੍ਹੀ ਦੇ ਸਿੱਖੀ ਜੀਵਨ ਸ਼ੈਲੀ ਵਿਚ ਜੀਵਨ ਬਤੀਤ ਕਰਨ ਨੂੰ ਪੱਕਾ ਕੀਤਾ ਜਾ ਸਕੇ।

## ਅਧਿਆਇ 4-7

### ਦਸਮ ਗ੍ਰੰਥ ਵਿਵਾਦ - ਹੱਲ

ਦਸਮ ਗ੍ਰੰਥ ਵਿਚ ਰਚਨਾਵਾਂ ਸ਼ਾਮਲ ਹਨ -

ਜਾਪ ਸਾਹਿਬ, ਅਕਾਲ ਉਸਤੱਤ, ਬਚਿੱਤਰ ਨਾਟਕ, ਜਿਸ ਵਿਚ ਸ਼ਾਮਲ ਹੈ- “ਚਾਂਦੀ ਚਰਿੱਤਰ 1 ਅਤੇ 11, ਚਾਂਦੀ ਦੀ ਵਾਰ, ਗਿਆਨ ਪਰਬੋਧ, ਚੌਬੀਸ ਅਵਤਾਰ, ਉੱਪ ਅਵਤਾਰ”, ਸ਼ਬਦ ਹਜਾਰੇ, 33 ਸਵਇਆਂ, ਖ਼ਾਲਸਾ ਮਹਿਮਾ, ਸ਼ਸਤਰ ਨਾਮ ਮਾਲਾ ਪੁਰਾਨ, ਚਰਿੱਤਰੋਪਖਿਆਨ, ਜ਼ਫਰਨਾਮਾ ਅਤੇ ਹਿਕਾਯਤਾਂ।

ਇਹ ਸਾਰੀਆਂ ਰਚਨਾਵਾਂ ਆਜ਼ਾਦ ਅਤੇ ਅਲਗ ਹਨ, ਪਰ ਇੱਕ ਦੂਜੇ ਨਾਲ ਜੁੜਿਆਂ ਹੋਈਆਂ ਹਨ, ਜਿਨ੍ਹਾਂ ਨੂੰ ਦਸਮ ਗ੍ਰੰਥ ਕਿਹਾ ਜਾਂਦਾ ਹੈ। ਸੱਚਮੁੱਚ ਵਿਚ ਇਹ ਜੋੜ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਹੀਂ ਕੀਤਾ ਗਿਆ ਸੀ। ਇਸਦੇ ਸਮੱਰਥਕ ਭਾਈ ਮਨੀ ਸਿੰਘ ਨੂੰ ਇਸਦਾ ਪ੍ਰਤੀਕ ਮੰਨਦੇ ਹਨ, ਜੱਦਕਿ ਇਸਦੇ ਵਿਰੋਧੀ ਇਸਨੂੰ ਝੂਠਾ ਸਿੱਧ ਕਰਦੇ ਹਨ।

ਅਸਲ ਵਿਚ ਸਾਰੇ ਸਿੱਖ ਅਤੇ ਸਿੱਖ ਵਿਦਵਾਨ ਕਬੂਲ ਕਰਦੇ ਹਨ ਕਿ – ਸਿੱਖ ਧਰਮ ਦੀ ਰੱਬੀ ਸੋਚ ਦੇ ਅਨੁਸਾਰ ਹੁੰਦੇ ਹੋਏ, ਜਾਪ ਸਾਹਿਬ, ਅਕਾਲ ਉਸਤੱਤ, 33 ਸਵਇਆਂ, ਖ਼ਾਲਸਾ ਮਹਿਮਾ ਅਤੇ ਜ਼ਫਰਨਾਮਾ, ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਹਨ। ਇਨ੍ਹਾਂ ਵਿਚੋਂ ਕੁਝ ਰਚਨਾਵਾਂ ਸਿੱਖ ਨਿਤਨੇਮ ਅਤੇ ਸਿੱਖੀ ਦੇ ਸੂਤਰਪਾਤ-ਅਮ੍ਰਿਤ ਦਾ ਹਿੱਸਾ ਹਨ, ਜਿਵੇਂ ਕਿ ਸਿੱਖ ਰਿਹਤ ਮਰਯਾਦਾ (ਸਿੱਖਾਂ ਦਾ ਸਾਮੂਹਕ ਫ਼ੈਸਲਾ), ਵਿਚ ਸ਼ਾਮਲ ਹੈ, ਜਿਸਦਾ ਸਾਰੇ ਸਿੱਖਾਂ ਵਲੋਂ ਅਨੁਸਰਣ ਕੀਤਾ ਜਾਣਾ ਚਾਹੀਦਾ ਹੈ।

ਦੂਜਿਆਂ ਰਚਨਾਵਾਂ ਨੂੰ ਲੈ ਕੇ ਵਿਵਾਦ ਇਹ ਹੈ ਕਿ ਇਹ ਰਚਨਾਵਾਂ ਸਿੱਖ ਧਰਮ ਦੀ ਰੂਹਾਨੀ ਸਿਖਿਆਵਾਂ ਦੇ ਵਿਰੋਧ ਵਿਚ ਹਨ। ਸਿੱਖ ਪੰਥ ਨੇ, ਬੜੇ ਚਿਰ ਤੋਂ ਟਾਲਦੇ ਹੋਏ, ਇਸ ਸੰਬੰਧ ਵਿਚ ਕੋਈ ਫ਼ੈਸਲਾ ਨਹੀਂ ਲਿਆ ਹੈ, ਜਿਸਨੂੰ ਗੁਰੂ ਗ੍ਰੰਥ-ਗੁਰੂ ਪੰਥ ਦੇ ਸੰਕਲਪ ਦੇ ਅਨੁਸਾਰ ਲਿਆ ਜਾਣਾ ਚਾਹੀਦਾ ਹੈ, ਜੋ ਸਾਰਿਆਂ ਨੰ ਸਵੀਕਾਰ ਹੋਣਾ ਚਾਹੀਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਚਿਰਸਥਾਈ ਅਮਰ ਗੁਰੂ ਦੇ ਰੂਪ ਵਿਚ ਸਵੀਕਾਰ ਕਰਨ ਦਾ ਹੁਕਮ ਦਿੱਤਾ ਸੀ, ਜਿਸ ਵਿਚ ਰੱਬ ਦੇ ਪ੍ਰਚਾਰਿਤ ਸ਼ਬਦ ਸ਼ਾਮਲ ਹਨ। ਇਹ ਹਿੰਦੂਆਂ ਦੇ ਦੇਵੀ ਦੇਵਤਾਵਾਂ, ਉਨ੍ਹਾਂ ਦੇ ਪੁਨਰ ਅਵਤਾਰ ਅਤੇ ਮੂਰਤੀਪੂਜਾ ਦਾ ਪੂਰੀ ਤਰ੍ਹਾਂ ਖੰਡਨ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਰੱਬ ਦੇ ਨਾਮ (ਇੱਕ ਤੇ ਸਿਰਫ ਇੱਕ, ਨਿਰਾਕਾਰ, ਅਣਜੰਮਿਆ ਅਤੇ ਆਪ ਰੌਸ਼ਨ ਹੋਇਆ) ਦਾ ਉਪਦੇਸ਼ ਦਿੰਦੇ ਹਨ, ਜਿਸਨੂੰ ਇੱਕ ਦੇ ਮਨ ਵਿਚ ਭਰਨ ਦੀ ਲੋੜ ਹੈ। ਜੇ ਕੋਈ ਰਚਨਾ ਸਿੱਖ ਧਰਮ ਦੇ ਇਨ੍ਹਾਂ ਸਿਧਾਂਤਾਂ ਦੀ ਉਲੰਘਣਾ ਕਰਦੀ ਹੈ ਅਤੇ ਕਿਸੇ ਹਿੰਦੂ ਦੇਵੀ-ਦੇਵਤਾਵਾਂ ਜਾਂ ਉਨ੍ਹਾਂ ਦੇ ਅਵਤਾਰਾਂ ਦੀ ਪ੍ਰਸ਼ੰਸਾ ਕਰਦੀ ਹੈ, ਇਹ ਕਦੇ ਵੀ ਕਿਸੇ ਸਿੱਖ ਗੁਰੂ ਜਾਂ ਸਿੱਖ ਧਰਮ ਦੇ ਕਿਸੇ ਸੱਚੇ ਅਨੁਯਾਈ ਦੀ ਵੀ ਨਹੀਂ ਹੋ ਸਕਦੀ। ਗੁਰੂ ਗ੍ਰੰਥ ਸਾਹਿਬ ਅਜਿਹੇ ਸੱਚੇ ਮਾਰਗ ਦਰਸ਼ਕ ਹਨ ਕਿ ਇਸ ਸੰਦਰਭ ਵਿਚ ਸਹੀ ਨਤੀਜੇ ਤੇ ਆਉਣਾ ਬਿਲਕੁਲ ਵੀ ਮੁਸ਼ਕਲ ਨਹੀਂ ਹੈ। ਇਸ ’ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਕਿ ਕਿਆ ਕਦੇ ਵੀ ਦੇਵੀ ਦੁਰਗਾ, ਰਾਮ ਚੰਦਰ ਜਾਂ ਸ਼੍ਰੀ ਕ੍ਰਿਸ਼ਨ ਜਾਂ ਕਿਸੇ ਹੋਰ ਹਿੰਦੂ ਦੇਵੀ-ਦੇਵਤਾ ਦੀ ਪ੍ਰਸ਼ੰਸਾ ਨਾਲ ਸੰਬੰਧਤ ਰਚਨਾਵਾਂ, ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤੀਕ ਹੋ ਸਕਦੀਆਂ ਹਨ।

ਅਮਰੀਕੀ ਵਿਦਵਾਨ ਜੈਫਰੀ ਪਰਿੰਦਰ ਜਿਸਨੇ (ਵਿਸ਼ਵ ਦੇ ਧਰਮ) ਕਿਤਾਬ ਲਿਖੀ, ਨੂੰ ਸਫਾ 259 ਤੇ ਸਿੱਟਾ ਕੱਢਣ ਵਿਚ ਕੋਈ ਮੁਸ਼ਕਲ ਨਹੀਂ ਹੋਈ- “ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੀਕ ਵਿਭਿੰਨ ਕੰਮਾਂ ਦਾ ਅਠਾਹਰਵੀਂ ਸਦੀ ਦਾ ਸੰਗ੍ਰਹਿ ਹੈ। ਕੁਝ ਰਚਨਾਵਾਂ ਵਿਚ ਸਹੀ ਤੌਰ ਤੇ ਲੱਛਣ ਦਿਖਾਈ ਦਿੰਦੇ ਹਨ, ਪਰ ਬਹੁਤ ਸਾਰਾ ਸੰਗ੍ਰਹਿ, ਜਿਸ ਵਿਚ ਪੌਰਾਣਿਕ ਕਥਾਵਾਂ ਅਤੇ ਔਰਤਾਂ ਨਾਲ ਕਪਟ ਦੀਆਂ ਕਥਾਵਾਂ, ਮੁਮਕਿਨ ਹੈ, ਉਨ੍ਹਾਂ ਦਾ ਕੰਮ ਨਹੀਂ ਹੋ ਸਕਦਾ”। ਕਈ ਹੋਰ ਵਿਦਵਾਨ ਵੀ ਇਸੇ ਨਤੀਜੇ ਤੇ ਪੁੱਜੇ ਹਨ, ਜੱਦਕਿ ਕੁਝ ਇਸ ਤੋਂ ਅਸਹਿਮਤ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰੂਹਾਨੀ ਭਜਨਾਂ ਵਿਚ ਸਾਰੇ ਹਿੰਦੂ ਦੇਵਤਾਵਾਂ, ਪਵਿੱਤਰ ਲੇਖਾਂ, ਰੀਤਿ ਰਿਵਾਜਾਂ ਅਤੇ ਹਿੰਦੂ ਜਾਤ ਪ੍ਰਣਾਲੀ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਹੈ। ਇਸਦੀ ਬਜਾਏ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਰਾਸ਼ਟਰ ਦੇ ਨਿਰਮਾਣ ਨੂੰ ਪੂਰਾ ਕਰਨ ਲਈ ਸਿੱਖਾਂ ਨੂੰ ਵੱਖਰੀ ਪਛਾਣ ਦਿੱਤੀ। ਸਿੱਖ ਰਾਸ਼ਟਰ ਨੂੰ ਇਸ ਤਰ੍ਹਾਂ ਆਜ਼ਾਦ ਅਤੇ ਸ਼ਕਤੀਸ਼ਾਲੀ ਬਣਾਇਆ ਗਿਆ ਸੀ ਕਿ ਇਸਨੇ ਪੂਰੇ ਉੱਤਰ ਭਾਰਤ ਵਿਚ ਸਿੱਖ ਪ੍ਰਧਾਨ ਸਾਮਰਾਜ ਸਥਾਪਿਤ ਕੀਤਾ।

ਕੁਝ ਹਿੰਦੂ ਪ੍ਰਧਾਨ ਤੱਤਾਂ ਨੇ ਇਹ ਦਲੀਲ ਪੇਸ਼ ਕੀਤੀ ਕਿ ਸਿੱਖ ਧਰਮ ਹਿੰਦੂ ਧਰਮ ਦਾ ਹਿੱਸਾ ਹੈ, ਇਸ ਆਧਾਰ ’ਤੇ ਕਿ ਦਸਮ ਗ੍ਰੰਥ ਦੋ ਤਖ਼ਤਾਂ, ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਵਿਖੇ ਰੱਖਿਆ ਹੈ ਅਤੇ ਉਚਾਰਿਆ ਜਾਂਦਾ ਹੈ, ਜਿਸ ਵਿਚ ਹਿੰਦੂ ਪੌਰਾਣਿਕ ਕਥਾਵਾਂ ਅਤੇ ਅਵਤਾਰਾਂ ਦਾ ਅਨੁਵਾਦ ਸ਼ਾਮਲ ਹੈ, ਜੋ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਕ ਹੈ। ਦਸਮ ਗ੍ਰੰਥ ਵਿਚ ਹਿੰਦੂ ਪੌਰਾਣਿਕ ਕਥਾਵਾਂ ਦੀ ਬੇਈਮਾਨ ਰਲਾਵਟ ਦਾ ਲਾਭ ਚੁੱਕਣਾ ਆਪ ਨੂੰ ਧੋਖਾ ਦੇਣਾ ਹੈ।

ਉਸ ਮਹਾਨ ਗੁਰੂ ਦੀਆਂ ਅਸਲੀ ਰਚਨਾਵਾਂ ਬਲਕਿ, ਬਿਨਾਂ ਕਿਸੇ ਸ਼ੱਕ ਦੀ ਪਰਛਾਈ ਦੇ, ਇਹ ਸਾਬਿਤ ਕਰਦੀਆਂ ਹਨ ਕਿ ਸਿੱਖ ਧਰਮ, ਆਪਣੀ ਵੱਖਰੀ ਪਛਾਣ, ਧਾਰਮਕ ਕਿਰਿਆਵਾਂ ਅਤੇ ਬੇਜੋੜ ਸਿਧਾਂਤਾਂ ਅਤੇ ਵਿਚਾਰਧਾਰਾ ਨਾਲ ਇੱਕ ਆਜ਼ਾਦ ਅਤੇ ਅਲਗ ਧਰਮ ਹੈ। ਅਸਲ ਵਿਚ ਇਹ ਮਹਾਨ ਗੁਰੂ ਦੀ ਨਿਰਧਾਰਿਤ ਕੀਤੀ ਹੋਈ ਪਛਾਣ ਅਤੇ ਆਦਰਸ਼ ਜ਼ਾਬਤਾ ਹੈ ਜੋ ਹਮੇਸ਼ਾ ਕੁਝ ਹਿੰਦੂ ਮੂਲ ਤੱਤਾਂ ਵਲੋਂ ਸਮੇਂ ਸਮੇਂ ਤੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਕਹਿ ਕੇ ਗ਼ਲਤ ਢੰਗ ਨਾਲ ਪੇਸ਼ ਕਰਨ ਦੀ ਨਿਰਰਥਕ ਕਿਰਿਆਵਾਂ ਨੂੰ ਅਸਫਲ ਕਰਨ ਲਈ ਚੱਟਾਨ ਬਣ ਕੇ ਖੜੇ ਹਨ।

ਗੁਰੂ ਗੋਬਿੰਦ ਸਿੰਘ ਜੀ ਹਿੰਦੂ ਦੇਵੀ-ਦੇਵਤਾਵਾਂ ਦਾ ਖੰਡਨ ਕਰਨ ਲਈ ਬੜੇ ਸਪੱਸ਼ਟਵਾਦੀ ਸਨ। ਆਪਣੀ ਰੂਹਾਨੀ ਰਚਨਾਵਾਂ ਵਿਚ ਉਨ੍ਹਾਂ ਨੇ

ਐਲਾਨਿਆ—

ਰੱਬ ਦਾ ਕੋਈ ਅਵਤਾਰ ਨਹੀਂ ਹੈ। ਅਸੀਂ ਕਹਿਨੇ ਹਾਂ ਕਿ ਰੱਬ ਪ੍ਰਗਟ ਹੋਇਆ ਅਤੇ ਅਣਜੰਮਿਆ ਹੈ।

ਉਹ ਕੌਸ਼ਲਿਆ ਦੀ ਕੁੱਖੋਂ ਕਿਵੇਂ ਜਨਮ ਲੈ ਸਕਦਾ ਹੈ, (ਰਾਮ ਚੰਦਰ) ਜੇ ਉਹ ਜਿਸਨੂੰ ਅਸੀਂ ਕ੍ਰਿਸ਼ਨ ਕਹਿੰਦੇ ਹਾਂ ਰੱਬ ਸਨ, ਉਹ ਮੌਤ ਦੇ ਅਧੀਨ ਕਿਉਂ ਸਨ? ਕਿਉਂ ਪਰਮਾਤਮਾ, ਜਿਸਨੂੰ ਅਸੀਂ ਪਵਿੱਤਰ ਅਤੇ ਬਿਨਾਂ ਦੁਸ਼ਮਨੀ ਵਾਲਾ ਕਹਿੰਦੇ ਹਾਂ, ਨੇ ਅਰਜਨ ਦਾ ਰੱਥ ਚਲਾਇਆ ਸੀ।

ਰੱਬ ਦੇ ਰੂਪ ਵਿਚ ਉਸਦੀ ਪੂਜਾ ਕਰਨੀ ਚਾਹੀਦੀ ਹੈ ਜਿਸਦੇ ਰਾਜ ਨੂੰ ਨਾ ਕਿਸੇ ਨੇ ਜਾਣਿਆ ਹੈ ਤੇ ਨਾ ਹੀ ਕੋਈ ਜਾਣ ਪਾਏਗਾ।

ਤੇਤੀ ਸਵਇਆ-XIII ਅਤੇ ਕੁਝ ਬ੍ਰਹਮਾ ਨੂੰ ਰੱਬ ਵਜੋਂ ਪੂਜਦੇ ਹਨ, ਦੂਜੇ ਸ਼ਿਵ ਨੂੰ ਰੱਬ ਮੰਨਦੇ ਹਨ। ਕੁਝ ਕਹਿੰਦੇ ਹਨ ਕਿ ਵਿਸ਼ਨੂੰ ਵਿਸ਼ਵ ਦਾ ਭਗਵਾਨ ਹੈ ਅਤੇ ਉਸਦੀ ਪੂਜਾ ਕਰਨ ਨਾਲ ਸਾਰੇ ਪਾਪ ਮੁਕ ਜਾਂਦੇ ਹਨ। ਇਸ ਮੁਰਖਤਾ ਤੇ ਹਜ਼ਾਰਾਂ ਬਾਰ ਸੋਚੋ। ਆਖਿਰੀ ਘੜੀ ਵਿਚ ਤੇਰੇ ਸਾਰੇ ਰੱਬ ਤੈਨੂੰ ਤਿਆਗ ਦੇਣਗੇ। ਆਪਣੇ ਮਨ ਵਿਚ ਉਸਦਾ ਧਿਆਨ ਕਰ, ਜੋ ਤੇਰੇ ਮਨ ਵਿਚ ਸੀ ਅਤੇ ਹਮੇਸ਼ਾ ਰਹੇਗਾ।

ਤੇਤੀ ਸਵਇਆ-XVI

ਇਸਨੂੰ ਤਰਕਪੂਰਣ ਵਿਚਾਰ ਦੀ ਲੋੜ ਹੈ ਕਿ ਕੀ ਅਜੇ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਿੰਦੂ ਧਰਮ ਦੇ ਪੁਰਾਣ ਅਤੇ ਸ਼ਾਸਤਰਾਂ ਤੋਂ ਲਈ ਗਈਆਂ ਹਿੰਦੂ ਦੰਤ ਕਥਾਵਾਂ ਅਤੇ ਉਨ੍ਹਾਂ ਦੇ ਅਨੁਵਾਦਾਂ ਨਾਲ ਜੋੜਿਆ ਜਾ ਸਕਦਾ ਹੈ ਜਿਸ ਵਿਚ ਹਿੰਦੂ ਦੇਵੀ-ਦੇਵਤਾਵਾਂ ਦੀਆਂ ਪ੍ਰਸ਼ੰਸਾ ਕੀਤੀ ਗਈ ਹੈ ਜਿਵੇਂ ਕਿ ਦਸਮ ਗ੍ਰੰਥ ਵਿਚ ਸ਼ਾਮਲ ਹੈ, ਜੋ ਸਿੱਖ ਧਰਮ ਦੇ ਕਥਨਾਂ ਅਤੇ ਔਰਤਾਂ ਨਾਲ ਕਪਟ ਦੇ ਕਿੱਸੇ ਕਹਾਨੀਆਂ ਦੇ ਬਿਲਕੁਲ ਵਿਰੋਧ ਵਿਚ ਹੈ, ਜਿਨ੍ਹਾਂ ਵਿਚੋਂ ਕੁਝ ਉਨ੍ਹਾਂ ਦੇ ਸਨਮਾਨ ਨੂੰ ਘਟਾਉਂਦੇ ਹਨ ਅਤੇ ਸਪੱਸ਼ਟ ਰੂਪ ਵਿਚ ਅਸ਼ਲੀਲ ਹੋਣ ਦੇ ਇਲਾਵਾ ਨਸ਼ੀਲੇ ਪਦਾਰਥਾਂ ਦੇ ਪ੍ਰਯੋਗ ਨੂੰ ਚਿਤ੍ਰਿਤ ਕਰਦੇ ਹਨ, ਜੋ ਸਿੱਖ ਧਰਮ ਵਿਚ ਵਰਜਤ ਹੈ।

ਕੁਝ ਸਿੱਖਾਂ ਵਿਚ ਇਸ ਸੰਬੰਧ ਵਿਚ ਫੈਲੀਆਂ ਗ਼ਲਤ ਧਾਰਨਾਵਾਂ ਅਤੇ ਉਲਝਨਾਂ ਨੂੰ ਸਹੀ ਦ੍ਰਿਸ਼ਟੀਕੋਣ ਵਾਲੀ ਸਿਖਿਆ ਨਾਲ ਖ਼ਤਮ ਕਰਨ ਦੀ ਲੋੜ ਹੈ, ਉਨ੍ਹਾਂ ਵਲੋਂ ਜੋ ਇਸਨੂੰ ਸਹੀ ਵਿਚ ਸਮਝਦੇ ਹਨ, ਉਨ੍ਹਾਂ ਸਿੱਖਾਂ ਨੂੰ ਇਹ ਸਾਫ ਤੌਰ ਤੇ ਦਸਦੇ ਹੋਏ ਕਿ ਅਜਿਹੀ ਉਲਝਨਾਂ ਪਿੱਛੇ ਉਨ੍ਹਾਂ ਦਾ ਹੱਥ ਹੋ ਸਕਦਾ ਹੈ ਜੋ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਹੋਣ ਦਾ ਪ੍ਰਚਾਰ ਕਰਦੇ ਹਨ ਅਤੇ ਸਿੱਖਾਂ ਨੂੰ ਹਿੰਦੂਆਂ ਦਾ ਭਾਗ ਕਹਿੰਦੇ ਹਨ ਅਤੇ ਜੋ ਸਿੱਖ ਤਖ਼ਤਾਂ ਵਿਚ ਇਸ ਗ੍ਰੰਥ ਦੀ ਰਚਨਾਵਾਂ ਦੇ ਉਚਾਰਣ ਨਾਲ ਇਸਦਾ ਸਮੱਰਥਣ ਕਰਦੇ ਹਨ। ਇਸ ਦਸਮ ਗ੍ਰੰਥ ਦੇ ਵਿਰੋਧੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਅਤੇ ਆਪ ਹੀ ਇਹ ਸਾਫ ਕਰ ਲੈਣਾ ਚਾਹੀਦਾ ਹੈ ਕਿ ਰੁਹਾਨੀ ਰਚਨਾਵਾਂ ਜੋ ਨਿਤਨੇਮ ਵਿਚ ਸ਼ਾਮਲ ਹਨ ਅਤੇ ਜੋ ਅਮ੍ਰਿਤ-ਖੰਡੇ ਦਾ ਪਾਹੁਲ ਨੂੰ ਤਿਆਰ ਕਰਨ ਲਈ ਹਨ ਜਿਵੇਂ ਕਿ ਸਿੱਖ ਰਿਹਤ ਮਰਯਾਦਾ ਵਿਚ ਸ਼ਾਮਲ ਹੈ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦੀਆਂ ਹੀ ਹਨ। ਅਸਲ ਵਿਚ ਅਮ੍ਰਿਤ ਤਿਆਰ ਕਰਨ ਲਈ ਉਨ੍ਹਾਂ ਵਲੋਂ ਬਣਾਈ ਗਈ ਵਿਧੀ ਉਹੀ ਹੈ ਜਿਸਦਾ ਹੁਣ ਪਾਲਨ ਕੀਤਾ ਜਾਂਦਾ ਹੈ। ਇਹ ਕੋਈ ਰਾਜ ਨਹੀਂ ਸੀ ਅਤੇ ਹਜ਼ਾਰੋਂ ਸਿੱਖ ਇਸਤੋਂ ਜਾਣੂ ਸਨ ਜੋ ਉੱਥੇ ਮੌਜੂਦ ਸਨ। ਕਈ ਲੋਕਾਂ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਜਾਂ ਉਨ੍ਹਾਂ ਦੇ ਮਾਰਗ ਦਰਸ਼ਨ ਅਧੀਨ ਅਮ੍ਰਿਤ ਛੱਕਿਆ ਸੀ, ਸਿੱਖ ਸੰਘਰਸ਼ ਵਿਚ ਨੇਤਾ ਸਨ ਅਤੇ ਉਨ੍ਹਾਂ ਆਪ ਹਜ਼ਾਰਾਂ ਸਿੱਖਾਂ ਨੂੰ ਅਮ੍ਰਿਤ ਛਕਾਇਆ ਸੀ ਅਤੇ ਅਜਿਹੀ ਵਿਧੀ ਹੁਣ ਤੱਕ ਮੌਜੂਦ ਹੈ। ਕੋਈ ਵੀ ਇਸਨੂੰ ਬਦਲਣ ਦੀ ਹਿੰਮਤ ਨਹੀਂ ਕਰ ਸਕਦਾ। ਇਹ ਕਿਤੇ ਦਲੀਲ ਵੀ ਨਹੀਂ ਪੇਸ਼ ਕੀਤੀ ਗਈ ਹੈ ਕਿ ਕਦੋਂ, ਕਿਸ ਨੇ ਅਤੇ ਕਿਉਂ ਦੱਸੀ ਗਈ ਅਸਲੀ ਵਿਧੀ ਨੂੰ ਬਦਲਿਆ ਸੀ।

ਇਸ ਸੰਬੰਧ ਵਿਚ ਕੁਝ ਵਿਰੋਧੀ ਲੇਖਾਂ ਦਾ ਹਵਾਲਾ ਦਿੱਤਾ ਗਿਆ ਹੈ, ਜੋ ਆਪ ਹੀ ਇਹ ਪ੍ਰਗਟਾਵਾ ਕਰਦੇ ਹਨ ਕਿ ਉਹ ਲੇਖਕ ਅਸਲੀਅਤ ਨੂੰ ਨਹੀਂ ਜਾਣਦੇ ਸਨ ਅਤੇ ਇਸ ਬਾਰੇ ਉਨ੍ਹਾਂ ਨੇ ਕੋਈ ਖੋਜ ਨਹੀਂ ਕੀਤੀ ਸੀ ਅਤੇ ਸਿਰਫ ਉਨ੍ਹਾਂ ਦੇ ਭਟਕਾਉ ਕਥਨਾਂ ਦਾ ਪਾਲਨ ਕਰਦੇ ਸਨ, ਜੋ ਆਪ ਹੀ ਇਸ ਤੋਂ ਅਗਿਆਨੀ ਸਨ। ਅਜਿਹੇ ਵਿਰੋਧੀ ਲੇਖਾਂ ਨੂੰ ਬੇਧਿਆਨਾ ਕਰਨ ਦੀ ਲੋੜ ਹੈ। ਇਹ ਵੀ ਸਿੱਖ ਵਿਰੋਧੀ ਫੌਜਾਂ, ਜਿਨ੍ਹਾਂ ਨੂੰ ਸਿੱਖ ਧਰਮ ਵਿਚ ਓਹੀ ਕਲਪਿਤ ਕਹਾਨੀਆਂ, ਅੰਧਵਿਸ਼ਵਾਸ ਅਤੇ ਹਿੰਦੂ ਦੇਵਤਾਵਾਂ, ਉਨ੍ਹਾਂ ਦੇ ਅਵਤਾਰ ਅਤੇ ਪੂਜਾ ਨੂੰ ਲਿਆਉਣ ਲਈ ਪ੍ਰੇਰਿਤ ਕੀਤਾ ਗਿਆ ਸੀ, ਵਲੋਂ ਉਲਝਨਾਂ ਪੈਦਾ ਕਰਨ ਲਈ ਸਾਜਿਸ਼ਾਂ ਅਤੇ ਪ੍ਰੇਰਣਾਵਾਂ ਸਨ, ਜਿਸਦਾ ਸਿੱਖ ਗੁਰੂਆਂ ਵਲੋਂ ਖੰਡਨ ਕੀਤਾ ਗਿਆ ਸੀ ਅਤੇ ਉਹ ਤੱਤ ਜੋ ਕਦੇ ਵੀ ਆਪਣੇ ਆਪ ਨੂੰ ਖ਼ਾਲਸਾ ਦੇ ਹੁਕਮਾਂ, ਸਿੱਖੀ ਆਦਰਸ਼ ਜ਼ਾਬਤਾ, ਸਿੱਖੀ ਸੂਤਰਪਾਤ ਅਮ੍ਰਿਤ ਅਤੇ ਸਿੱਖੀ ਦੀ ਵੱਖਰੀ ਪਛਾਣ, ਜੋ ਅਜੇ ਵੀ ਹੋਂਦ ਵਿਚ ਹਨ ਅਤੇ ਹੁਣ ਤੱਕ ਕਿਰਿਆਸ਼ੀਲ ਹਨ, ਦੇ ਅਨੁਕੂਲ ਨਹੀਂ ਬਣਾ ਸਕਦੇ ਸਨ। ਲੇਖਕ ਜੋ ਇਸ ਸੰਬੰਧ ਵਿਚ ਉਲਝਨ ਵਿਚ ਸੀ ਜਾਂ ਹਨ, ਸਿੱਖਾਂ ਦੇ ਸਹੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਜਾਣੂ ਨਹੀਂ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਜੋ ਸਹੀ ਵਿਚ ਵਾਸਤਵਿਕ ਹੈ, ਗੁਰਬਾਣੀ ਹੈ, ਕਿਉਂ ਜੋ ਇਹ ਉਸ ਵਲੋਂ ਹੀ ਰਚੀ ਗਈ ਸੀ ਜਦੋਂ ਉਹ ਸਿੱਖਾਂ ਦੇ ਦਸਵੇਂ ਗੁਰੂ ਸਨ, ਹਾਲਾਂਕਿ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਹੈ। ਉਨ੍ਹਾਂ ਦੀਆਂ ਕੁਝ ਰੁਹਾਨੀ ਰਚਨਾਵਾਂ ਨਿਤਨੇਮ ਅਤੇ ਸਿੱਖ ਸੂਤਰਪਾਤ-ਅਮ੍ਰਿਤ ਦਾ ਹਿੱਸਾ ਹਨ, ਜਿਵੇਂ ਕਿ ਸਿੱਖ ਰਿਹਤ ਮਰਯਾਦਾ, ਸਿੱਖਾਂ ਦਾ ਸਾਮੂਹਕ ਫ਼ੈਸਲਾ, ਵਿਚ ਲਿਆ ਗਿਆ ਹੈ, ਜੋ ਸਾਰੇ ਸਿੱਖਾਂ ਵਲੋਂ ਜ਼ਰੂਰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਆਪਣੇ ਪ੍ਰਤਿਨਿਧਿਆਂ ਰਾਹੀਂ ਸਿੱਖਾਂ ਨੂੰ ਦਸਮ ਗ੍ਰੰਥ ਅਤੇ ਇਸਦੀਆਂ ਰਚਨਾਵਾਂ ਬਾਰੇ ਸਾਮੂਹਕ ਫ਼ੈਸਲਾ ਲੈਣਾ ਚਾਹੀਦਾ ਹੈ। ਉਹ ਰਚਨਾਵਾਂ, ਜੋ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਹੀਂ ਹਨ, ਉਨ੍ਹਾਂ ਨਾਲ ਨਹੀਂ ਜੋੜਨੀਆਂ ਚਾਹੀਦੀਆਂ ਹਨ, ਜੱਦਕਿ ਉਨ੍ਹਾਂ ਦੀ ਅਸਲ ਰਚਨਾਵਾਂ ਦਾ ਗੁਰਬਾਣੀ ਵਜੋਂ ਸਨਮਾਨ ਕਰਨਾ ਚਾਹੀਦਾ ਹੈ।ਦਸਮ ਗ੍ਰੰਥ ਵਿਚ, ਸਿਰਫ ਗੁਰੂ ਗੋਬਿੰਦ ਸਿੰਘ ਜੀ ਦੀ ਅਸਲ ਰੂਹਾਨੀ ਰਚਨਾਵਾਂ ਨੂੰ ਰੱਖਣਾ ਚਾਹੀਦਾ ਹੈ ਅਤੇ ਕੋਈ ਹੋਰ ਜਿਸਨੂੰ ਸਿੱਖ ਪੰਥ ਦੇ ਫ਼ੈਸਲੇ ਅਧੀਨ ਉਨ੍ਹਾਂ ਦਾ ਮੰਨਿਆ ਗਿਆ ਹੈ, ਕਿਤੇ ਹੋਰ ਤੋਂ ਰਲਾਵਟ ਕੀਤੀ ਗਈ ਹੈ, ਜਿਸ ਲਈ ਗਹਿਰੇ ਚਿੰਤਨ ਦੀ ਲੋੜ ਹੈ ਅਤੇ ਖ਼ਾਸਕਰ ਕੇ ਬਚਿੱਤਰ ਨਾਟਕ ਦੇ ਪਹਿਲੇ ਭਾਗ ਦੀ, ਜਿਸ ਵਿਚ ਉਨ੍ਹਾਂ ਦੇ ਬੀਤੇ ਅਤੇ ਵਰਤਮਾਨ ਜੀਵਨ, ਉਨ੍ਹਾਂ ਦੇ ਉੱਦੇਸ਼, ਉਨ੍ਹਾਂ ਨੂੰ ਹੋਏ ਰੱਬੀ ਹੁਕਮ ਅਤੇ ਪਹਾੜੀ ਪ੍ਰਮੁੱਖਾਂ ਅਤੇ ਮੁਗ਼ਲ ਫੌਜਾਂ ਨਾਲ ਉਨ੍ਹਾਂ ਦੀਆਂ ਲੜਾਈਆਂ, ਨੂੰ ਉਨ੍ਹਾਂ ਦੇ ਨਿਜੀ ਕਾਲ ਵਿਚ ਪੇਸ਼ ਕੀਤਾ ਗਿਆ ਹੈ। ਹੋਰ ਸਾਰੀਆਂ ਰਚਨਾਵਾਂ ਨੂੰ ਅਲਗ ਰੱਖਣਾ ਚਾਹੀਦਾ ਹੈ ਜਿਵੇਂ ਇਹ ਅਸਲ ਵਿਚ ਸਨ। ਬਚਿੱਤਰ ਨਾਟਕ ਇੱਕ ਅਲਗ ਰਚਨਾ ਹੈ ਅਤੇ ਇਸੇ ਤਰ੍ਹਾਂ ਸ਼ਸਤਰ ਨਾਮ ਮਾਲਾ, ਚਰਿੱਤਰੋ ਪਖਿਆਨ ਅਤੇ ਹਿਕਾਯਤ 2 ਤੋਂ 12 ਹੈ। ਅਸਲ ਵਿਚ ਇਹ ਸਾਰੀਆਂ ਬਿਨਾਂ ਕਿਸੇ ਅਧਿਕਾਰ ਅਤੇ ਤਰਕ ਦੇ ਉਸ ਮਹਾਨ ਗੁਰੂ ਦੀ ਹੋਰ ਵਾਸਤਵਿਕ ਰਚਨਾਵਾਂ ਨਾਲ ਜੁੜਿਆਂ ਸਨ, ਜਿਸਨੂੰ ਖ਼ਤਮ ਕਰਨ ਦੀ ਲੋੜ ਹੈ।

ਧਸਮ ਗ੍ਰੰਥ ਦੇ ਸਮੱਰਥਕ ਕਹਿੰਦੇ ਹਨ ਕਿ ਇਹ ਦਸਵੀਂ ਪਾਤਸ਼ਾਹੀ ਦੇ ਅਕਾਲ ਚਲਾਨਾ ਕਰਨ ਤੋਂ ਦੋ ਦਹਾਕਿਆਂ ਬਾਅਦ ਭਾਈ ਮਨੀ ਸਿੰਘ ਵਲੋਂ ਕੀਤਾ ਗਿਆ ਸੀ, ਪਰ ਕੁਝ ਵਿਦਵਾਨ ਇਸ ਵੇਰਵੇ ਨੂੰ ਝੁਠਲਾਂਦੇ ਹਨ। ਸੱਚਮੁੱਚ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਕੀਤਾ ਸੀ। ਫਿਰ ਵੀ ਦਲੀਲ ਦੇ ਕਰਕੇ ਇਹ ਮੰਨ ਵੀ ਲਿਆ ਜਾਵੇ ਕਿ ਭਾਈ ਮਨੀ ਸਿੰਘ ਨੇ ਇਹ ਕੀਤਾ ਸੀ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਰਨ ਦਾ ਭਾਈ ਮਨੀ ਸਿੰਘ ਨੂੰ ਕੀ ਅਧਿਕਾਰ ਸੀ। ਕੋਈ ਵੀ ਸਿੱਖ, ਕਿਸੇ ਵੀ ਸਤਿਕਾਰ ਜਾਂ ਸਨਮਾਨ ਦਾ, ਉਹ ਸਿੱਖਾਂ ਵਿਚ ਹੁਕਮ ਦੇ ਸਕਦਾ ਹੈ, ਪਰ ਗੁਰੂ ਜਾਂ ਸਿੱਖ ਪੰਥ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਨਹੀਂ ਕਰ ਸਕਦਾ। ਉਸ ਵਲੋਂ ਅਜਿਹਾ ਪੰਥੀ ਫ਼ੈਸਲਾ ਨਹੀਂ ਲਿਆ ਜਾ ਸਕਦਾ ਕਿਓਂ ਜੇ ਅਜਿਹੇ ਪੰਥੀ ਫ਼ੈਸਲੇ ਲੈਣ ਦਾ ਅਧਿਕਾਰ ਸਿਰਫ ਪੰਥ ਨੂੰ ਹੈ, ਜੋ ਅਜੇ ਤੱਕ ਇਸ ਮਸਲੇ ’ਤੇ ਸਿੱਖ ਪੰਥ ਵਲੋਂ ਨਹੀਂ ਲਿਆ ਗਿਆ ਹੈ। ਹਾਲਾਂਕਿ ਸਿੱਖਾਂ ਨੇ ਦਸਮ ਗ੍ਰੰਥ ਤੇ ਕੋਈ ਸਿੱਧਾ ਸਾਮੂਹਕ ਨਿਰਣੈ ਨਹੀਂ ਲਿਆ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਰਚਨਾਵਾਂ ਨੂੰ ਛੱਡ ਕੇ, ਜਿਵੇਂ ਕਿ ਜਾਪ ਸਾਹਿਬ, ਸਵਇਆਂ ਅਤੇ ਸਿੱਖ ਰਿਹਤ ਮਰਯਾਦਾ ਵਿਚ ਚੌਪਾਈ, ਇਸਨੂੰ ਨਿਤਨੇਮ ਅਤੇ ਸਿੱਖ ਸੂਤਰਪਾਤ-ਅਮ੍ਰਿਤ ਦਾ ਹਿੱਸਾ ਬਣਾਉਂਦੇ ਹੋਏ, ਦਸਮ ਗ੍ਰੰਥ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਹੈ। ਸਿੱਖ ਰਿਹਤ ਮਰਯਾਦਾ ਵਿਚ ਇਹ ਦਿੱਤਾ ਗਿਆ ਹੈ ਕਿ –

ਕੋਈ ਹੋਰ ਕਿਤਾਬ, ਚਾਹੇ ਪਵਿੱਤਰ ਜਾਂ ਪੜਨ ਯੋਗ ਹੋਵੇ, ਗੁਰੂਦੁਆਰੇ ਵਿਚ ਸਥਾਪਿਤ ਕੀਤੀ ਜਾ ਸਕਦੀ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ ਗਈ ਹੈ।

ਇਸ ਦਾ ਸਪੱਸ਼ਟ ਮਤਲਬ ਹੈ ਕਿ ਦਸਮ ਗ੍ਰੰਥ ਗੁਰਦੁਆਰੇ ਵਿਚ ਸਥਾਪਿਤ ਨਹੀਂ ਕੀਤਾ ਹਾ ਸਕਦਾ, ਜਿਸ ਵਿਚ ਸਿਰਫ ਗੁਰੂ ਗ੍ਰੰਥ ਸਾਹਿਬ ਦੀ ਹੀ ਸਥਾਪਨਾ ਹੋ ਸਕਦੀ ਹੈ। ਗੁਰੂਦੁਆਰੇ ਵਿਚ ਕੰਮਾਂ ਦੀ ਆਮ ਵਿਵਸਥਾ ਪ੍ਰਦਾਨ ਕੀਤੀ ਗਈ ਹੈ– ਗੁਰੂਦੁਆਰੇ ਵਿਚ ਕੀਤੇ ਜਾਣ ਵਾਲੇ ਕੰਮਾਂ ਦੀ ਆਮ ਵਿਵਸਥਾ ਹੈ ਪਵਿੱਤਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਵਿਵਰਨ, ਗੁਰਬਾਣੀ ਕਥਾ, ਅਨੰਦ, ਅਰਦਾਸ, ਪਵਿੱਤਰ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲੈਣਾ, ਕੜਾਹਿ ਪ੍ਰਸਾਦ ਵੰਡਣਾ, ਅਤੇ ਸੁੱਖਾਸਨ।

ਇਸਦਾ ਸਪੱਸ਼ਟ ਮਤਲਬ ਹੈ ਕਿ ਗੁਰੂਦੁਆਰਿਆਂ ਵਿਚ ਨਾ ਦਸਮ ਗ੍ਰੰਥ ਹੋਵੇ ਤੇ ਨਾ ਹੀ ਇਸਤੋਂ ਹੁਕਮਨਾਮਾ ਲਿਆ ਜਾਵੇ ਅਤੇ ਗੁਰੂਦੁਆਰੇ ਵਿਚ ਸਿਰਫ ਪਵਿੱਤਰ ਸ਼ਬਦ (ਗੁਰੂ ਗ੍ਰੰਥ ਸਾਹਿਬ) ਦੇ ਵਿਵਰਨ ਦੀ ਹੀ ਅਨੁਮਤੀ ਹੈ। ਇਸਦਾ ਮਤਲਬ ਗੁਰੂਦੁਆਰੇ ਵਿਚ ਦਸਮ ਗ੍ਰੰਥ ਦੇ ਵਿਵਰਨ ਦੀ ਅਨੁਮਤੀ ਨਹੀਂ ਹੈ ਅਤੇ ਅਮ੍ਰਿਤ ਸਮਾਰੋਹ ਸਿਰਫ ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤੋਂ ਲਿਆ ਗਿਆ ਹੁਕਮਨਾਮਾ ਹੀ ਪੜਿਆ ਜਾਣਾ ਚਾਹੀਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਉੱਥੇ ਦਸਮ ਗ੍ਰੰਥ ਨਹੀਂ ਲਿਜਾਇਆ ਜਾ ਸਕਦਾ ਅਤੇ ਇਸ ਤੋਂ ਕੋਈ ਵੀ ਹੁਕਮਨਾਮਾ ਨਹੀਂ ਪੜਿਆ ਜਾਣਾ ਚਾਹੀਦਾ।

ਅਸਲ ਵਿਚ ਸਿੱਖ ਮੰਨਦੇ ਹਨ ਕਿ ਸਿਰਫ ਗੁਰੂ ਗ੍ਰੰਥ ਸਾਹਿਬ ਹੀ ਸਥਾਈ ਰੂਪ ਵਿਚ ਸਿੱਖਾਂ ਦੇ ਅਮਰ ਗੁਰੂ ਹਨ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੁਕਮ ਹੋਇਆ ਹੈ। ਗੁਰੂਦੁਆਰਿਆਂ ਵਿਚ ਦਸਮ ਗ੍ਰੰਥ ਦੀ ਸਥਾਪਨਾ ਕਰਨ ਦੀ ਆਗਿਆ ਨਹੀਂ ਹੈ ਅਤੇ ਨਾ ਹੀ ਇਸ ਵਿਚੋਂ ਹੁਕਮਨਾਮਾ ਪੜਨ ਦੀ ਆਗਿਆ ਪ੍ਰਾਪਤ ਹੈ, ਕਿਓਂ ਜੋ ਇਸਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ, ਇਸ ਤੋਂ ਇਲਾਵਾ ਸਿੱਖ ਰਿਹਤ ਮਰਯਾਦਾ ਦੀ ਖੁੱਲੀ ਉਲੰਘਣਾ ਹੈ। ਜਿਵੇਂ ਕਿ ਇਹ ਉਲੰਘਣਾਵਾਂ ਹੋ ਰਹੀਆਂ ਹਨ ਅਤੇ ਆਪਣੇ ਵਹਿਮਾਂ ਦੇ ਅਧੀਨ, ਕੁਝ ਸਿੱਖ ਦਸਮ ਗ੍ਰੰਥ ਦੀ ਸਾਰੀਆਂ ਰਚਨਾਵਾਂ ਨੂੰ ਸਵੀਕਾਰਦੇ ਹਨ ਅਤੇ ਕੁਝ ਇਸਦੀ ਸਾਰੀਆਂ ਰਚਨਾਵਾਂ ਦਾ ਖੰਡਨ ਕਰਦੇ ਹਨ, ਸਿੱਖ ਪੰਥ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਮਾਰਗ ਦਰਸ਼ਨ ਹੇਠ, ਗੁਰਮੱਤ ਦੇ ਰੂਪ ਵਿਚ, ਇਸਦੇ ਸਹੀ ਦ੍ਰਿਸ਼ਟੀਕੋਣ ਲਈ ਨਿਰਣੈ ਲੈਣਾ ਚਾਹੀਦਾ ਹੈ, ਜੋ ਸਾਰੇ ਸਿੱਖਾਂ ਨੂੰ ਸਵੀਕਾਰ ਹੋਣਾ ਚਾਹੀਦਾ ਹੈ।

ਗੁਰੂ ਗ੍ਰੰਥ-ਗੁਰੂ ਪੰਥ ਦੇ ਸੰਕਲਪ ਨੂੰ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੁਕਮ ਹੋਇਆ ਸੀ, ਪੂਰਵ-ਅਵਸਥਾ ਵਿਚ ਲਿਆਉਣਾ ਚਾਹੀਦਾ ਹੈ, ਬਹੁਤ ਚਿਰ ਤੋਂ ਜਿਸ ਨੂੰ ਬੇਧਿਆਨਾ ਕਰਨ ਕਰ ਕੇ ਸਿੱਖ, ਸਿੱਖ ਪੰਥਕ ਮਸਲਿਆਂ ਤੇ ਸਾਮੂਹਕ ਨਿਰਣੈ ਲੈਣ ਵਿਚ ਅਸਮੱਰਥ ਹੋ ਗਏ ਹਨ। ਇਸਨੂੰ ਸਿੱਖ ਰਿਹਤ ਮਰਯਾਦਾ ਵਿਚ ਵੀ ਦੁਹਰਾਇਆ ਗਿਆ ਹੈ, ਕਿ ਸਿੱਖ ਪੰਥ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਨਿਰਣੈ

ਪੰਥਕ ਕਮੇਟੀ ਅਤੇ ਪੰਥ ਦੇ ਮਾਨਤਾ ਪ੍ਰਾਪਤ ਪ੍ਰਤੀਨਿਧਿਆਂ ਵਲੋਂ ਪੰਥ ਦੀ ਬੈਠਕ ਬੁਲਾ ਕੇ ਲੈਣੇ ਚਾਹੀਦੇ ਹਨ, ਅਤੇ ਉਨ੍ਹਾਂ ਦੇ ਫ਼ੈਸਲੇ ਨੂੰ ਗੁਰਮੱਤ ਕਿਹਾ ਜਾਂਦਾ ਹੈ, ਜਿਸਨੂੰ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਰੂਹਾਨੀ ਮਾਰਗ ਦਰਸ਼ਨ ਅਧੀਨ ਲਿਆ ਜਾਣਾ ਚਾਹੀਦਾ ਹੈ, ਉਨ੍ਹਾਂ ਵਿਸ਼ਿਆਂ ਉੱਤੇ, ਜੋ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਸਮੱਰਥਣ ਦੇਣ ਅਤੇ ਸਪੱਸ਼ਟ ਕਰਨ ਤੇ ਨਿਰਭਰ ਹੁੰਦੇ ਹਨ, ਜਿਵੇਂ ਕਿ ਸਿੱਖ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਹੁਦੇ, ਰਿਵਾਜਾਂ ਦੀ ਸ਼ੁੱਧਤਾ ਅਤੇ ਪੰਥਕ ਸੰਸਥਾ ਦੀ ਰੱਖਿਆ ਕਰਨਾ। ਪੰਥ ਦੇ ਫ਼ੈਸਲੇ ਗਹਿਰੇ ਚਿੰਤਨ ਵਾਲੇ ਅਤੇ ਸਾਰੇ ਸਿੱਖਾਂ ਉੱਤੇ ਬੱਝਵੇਂ ਹੋਣੇ ਚਾਹੀਦੇ ਹਨ। ਇਸ ਵਿਧੀ ਵਿਚ ਸਿੱਖ ਪੰਥਕ ਨਿਰਣੈ 18ਵੀਂ ਸਦੀ ਵਿਚ ਸਿੱਖਾਂ ਦੇ ਸੰਘਰਸ਼ ਵੇਲੇ ਸਿੱਖਾਂ ਵਲੋਂ ਅਕਾਲ ਤਖ਼ਤ ਵਿਖੇ ਲਏ ਜਾਂਦੇ ਸਨ ਅਤੇ ਉਹ ਮੁਗ਼ਲਾਂ ਅਤੇ ਅਫ਼ਗਾਨੀ ਘੁਸਪੈਠਿਆਂ ਨੂੰ ਪਛਾੜਣ ਲਈ ਅਤੇ ਸਿੱਖ ਸਾਮਰਾਜ ਸਥਾਪਿਤ ਕਰਨ ਲਈ ਜੇਤੂ ਰਹੇ।

ਸਿੱਖ ਹੁਣ ਪੂਰੀ ਦੁਨੀਆ ਵਿਚ ਫੈਲੇ ਹਨ ਅਤੇ ਸਿੱਖ ਮਸਲਿਆਂ ਤੇ ਨਿਰਣੈ ਲੈਣ ਲਈ ਸਿੱਖ ਪ੍ਰਤੀਨਿਧਿਆਂ ਦੇ ਰੂਪ ਵਿਚ ਪੰਥਕ ਕਮੇਟੀ ਨੂੰ ਸਥਾਪਿਤ ਕਰਨ ਲਈ ਮਾਹਿਰਾਂ ਦੀ ਇੱਕ ਕਮੀਸ਼ਨ ਨਿਯੁਕਤ ਕੀਤੀ ਜਾ ਸਕਦੀ ਹੈ ਕਿਓਂ ਜੋ ਫ਼ੈਸਲੇ ਨੂੰ ਸਾਰਿਆਂ ਵਿਚ ਸਵੀਕਾਰ ਯੋਗ ਬਨਾਉਣ ਲਈ ਸਾਰੇ ਸਿੱਖਾਂ ਦੀ ਭਾਗੀਦਾਰੀ ਹੋਣੀ ਲਾਜ਼ਮੀ ਹੈ। ਸਿੱਖਾਂ ਵਲੋਂ ਚੁਣੇ ਗਏ ਸੰਗਠਨਾਂ ਦੇ ਪ੍ਰਤੀਨਿਧਆਂ, ਜਿਵੇਂ ਕਿ ਐਸ.ਜੀ.ਪੀ.ਸੀ., ਦਿੱਲੀ ਗੁਰੂਦੁਆਰਿਆਂ ਦੀ ਪ੍ਰਬੰਧਕ ਕਮੇਟੀ, ਹਜ਼ੂਰ ਸਾਹਿਬ, ਪਟਨਾ ਸਾਹਿਬ ਵਿਖੇ ਸਿੱਖ ਤਖ਼ਤ, ਹੋਰ ਪਾਰੰਪਰਕ ਸਿੱਖ ਸੰਗਠਨ, ਵਿਸ਼ਵ ਦੇ ਗੁਰੂਦੁਆਰਿਆਂ ਦੀ ਪ੍ਰਬੰਧਕ ਕਮੇਟੀਆਂ, ਨੂੰ ਲੈਣ ਲਈ ਅੰਤਿਮ ਰੂਪ ਰੇਖਾ ਹੋ ਸਕਦੀ ਹੈ, ਜਿਸਨੂੰ ਜਨਸੰਖਿਆ ਅਤੇ ਸਿੱਖਾਂ ਵਲੋਂ ਚੁਣੇ ਕਿਸੇ ਹੋਰ ਸਿੱਖ ਸੰਗਠਨ ਦੇ ਆਧਾਰ ਤੇ 6 ਜਾਂ 7 ਖੇਤਰਾਂ ਵਿਚ ਵੰਡਣਾ ਚਾਹੀਦਾ ਹੈ। ਇਨ੍ਹਾਂ ਸੰਗਠਨਾਂ ਦੇ ਪ੍ਰਤੀਨਿਧਿਆਂ ਦੀ ਗਿਣਤੀ, ਸਿੱਖਾਂ, ਜਿਨ੍ਹਾਂ ਦਾ ਉਹ ਪ੍ਰਤੀਨਿਧ ਕਰਦੇ ਹਨ, ਦੀ ਗਿਣਤੀ ਦੇ ਮੁਤਾਬਕ ਨਿਰਧਾਰਿਤ ਕੀਤੀ ਜਾ ਸਕਦੀ ਹੈ। ਇਹ ਪ੍ਰਤੀਨਿਧਿ ਦੁਨੀਆ ਭਰ ਵਿਚ ਸਿੱਖ ਪੰਥ ਨੂੰ ਆਪਣੀ ਸੇਵਾਵਾਂ ਦੇਣ ਲਈ ਜਾਣੂ ਪ੍ਰਸਿੱਧ ਸਿੱਖਾਂ ਨੂੰ ਨਾਮਜ਼ਦ ਕਰ ਸਕਦੇ ਹਨ।

ਇਸ ਪੰਥਕ ਪ੍ਰਤੀਨਿਧਿ ਕਮੇਟੀ ਨੂੰ ਆਪਣੀ ਬੈਠਕ ਅਤੇ ਸਿੱਖ ਇਕੱਠ ਅਕਾਲ ਤਖ਼ਤ ਅਮ੍ਰਿਤਸਰ ਵਿਖੇ ਕਰਨਾ ਚਾਹੀਦਾ ਹੈ ਅਤੇ ਉਸ ਕੰਪਲੈਕਸ ਵਿਚ ਆਪਣਾ ਸਚਿਵਾਲਾ ਬਨਾਉਣਾ ਚਾਹੀਦਾ ਹੈ। ਅਕਾਲ ਤਖ਼ਤ ਦਾ ਜੱਥੇਦਾਰ ਇਸਦਾ ਵਕਤਾ ਹੋਣਾ ਚਾਹੀਦਾ ਹੈ, ਅਤੇ ਇਸਦੇ ਫ਼ੈਸਲਿਆਂ ਦੇ ਪਾਲਨ ਨੂੰ ਪੱਕਾ ਕਰਨ ਲਈ, ਇਸ ਵਲੋਂ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ। ਅਕਾਲ ਤਖ਼ਤ ਦੇ ਅਧਿਕਾਰ ਜਿਨ੍ਹਾਂ ਨੂੰ ਹੁਣ ਖੋਰਿਆ ਜਾ ਰਿਹਾ ਹੈ, ਪੁਨਰ-ਸਥਾਪਿਤ ਹੋ ਜਾਣਗੇ ਅਤੇ ਇਸਦੀ ਪਵਿੱਤਰਤਾ ਕਾਇਮ ਰਹੇਗੀ। ਇਹ ਵਿਸ਼ਵ ਭਰ ਵਿਚ ਸਿੱਖ ਧਰਮ ਦਾ ਪ੍ਰਚਾਰ ਵੀ ਕਰ ਸਕਦਾ ਹੈ, ਜਿਵੇਂ ਕਿ ਵਿਸ਼ਵ ਦੇ ਧਰਮਾਂ ਦੇ ਵਿਦਵਾਨਾਂ ਵਲੋਂ ਸਿੱਖਾਂ ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਇਸ ਸੰਦਰਭ ਵਿਚ ਆਪਣਾ ਫ਼ਰਜ਼ ਨਹੀਂ ਨਿਭਾ ਰਹੇ ਹਨ। ਇਹ ਸਿੱਖਾਂ, ਖ਼ਾਸ ਕਰਕੇ ਸਿੱਖ ਨੌਜਵਾਨਾਂ ਨੂੰ ਸਿੱਖੀ ਆਦਰਸ਼ ਜ਼ਾਬਤਾ ਅਤੇ ਜੀਵਨ ਦੇ ਸਿੱਖੀ ਢੰਗ ਵਿਚ ਲਿਆ ਸਕਦੇ ਹਨ, ਜਿਸ ਤੋਂ ਹੁਣ ਉਹ ਦੂਰ ਹੁੰਦੇ ਜਾ ਰਹੇ ਹਨ।

ਇਸ ਪੰਥਕ ਕਮੇਟੀ ਦੇ ਪਹਿਲੇ ਕੰਮ ਵਜੋਂ, ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਮਾਰਗ ਦਰਸ਼ਨ ਹੇਠ, ਸਿੱਖਾਂ ਦੀ ਉਮੀਦਾਂ ਤੇ ਦਸਮ ਗ੍ਰੰਥ ਦੇ ਵਿਵਾਦ ਦਾ ਨਿਪਟਾਰਾ ਕੀਤਾ ਜਾਵੇ, ਜੋ ਸਾਰੇ ਸਿੱਖਾਂ ਵਿਚ ਸਵੀਕਾਰਯੋਗ ਹੋਵੇ। ਅਕਾਲ ਤਖ਼ਤ ਵਿਖੇ ਸਿੱਖ ਪ੍ਰਤੀਨਿਧਿਆਂ ਦੀ ਇੱਕ ਬੈਠਕ ਤਤਕਾਲ ਬੁਲਾਈ ਜਾ ਸਕਦੀ ਹੈ ਅਤੇ ਇਹ ਇਸ ਮਾਮਲੇ ਵਿਚ ਗਹਿਰਾਈ ਨਾਲ ਜਾਣ ਲਈ, ਇਸਨੂੰ ਵਿਭਿੰਨ ਵਿਚਾਰਾਂ ਵਾਲੇ ਮਨੁੱਖਾਂ ਨਾਲ ਵਿਚਾਰਨ ਲਈ, ਉਨ੍ਹਾਂ ਦਾ ਵਿਚਾਰ-ਵਟਾਂਦਰਾ ਲੈਣ ਲਈ, ਉਨ੍ਹਾਂ ਨੂੰ ਸਹੀ ਦ੍ਰਿਸ਼ਟੀਕੋਣ ਵੱਲ ਲਿਆਉਣ ਲਈ ਅਤੇ ਫਿਰ ਆਪਣੀ ਰਿਪੋਰਟ ਨੂੰ ਪੇਸ਼ ਕਰਨ ਲਈ ਮਾਹਿਰਾਂ ਦਾ ਇਕ ਕਮੀਸ਼ਨ ਬਣਾ ਸਕਦੀ ਹੈ, ਜੋ ਸਿੱਖ ਪ੍ਰਤੀਨਿਧਿ ਪੰਥਕ ਕਮੇਟੀ ਵਲੋਂ ਲਏ ਜਾਣ ਵਾਲੇ ਸਹੀ ਨਿਰਣੈ ਵਿਚ ਸਹਾਇਕ ਸਿੱਧ ਹੋ ਸਕਦੇ ਹਨ, ਜੋ ਕਿ ਸਾਰੇ ਸਿੱਖਾਂ ਲਈ ਸਵੀਕਾਰਯੋਗ ਹੋਣ। ਇਹ ਕਮੀਸ਼ਨ ਵਿਸ਼ਵ ਸਿੱਖ ਪ੍ਰਤੀਨਿਧਿ ਪੰਥਕ ਕਮੇਟੀ ਨੂੰ ਸਥਾਪਿਤ ਕਰਨ ਲਈ ਕਾਰਜ-ਵਿਧੀ ਸੰਬੰਧੀ ਮਾਮਲਿਆਂ ਦਾ ਵੀ ਫ਼ੈਸਲਾ ਕਰ ਸਕਦੀ ਹੈ।

ਇਸ ਮਸਲੇ 'ਤੇ ਵੱਖਰੇ ਵਿਚਾਰ ਰੱਖਣ ਵਾਲੇ ਸਿੱਖਾਂ ਨੂੰ ਝਗੜੇ ਨੂੰ ਨਿਪਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇੱਕ ਦੂਜੇ ਤੇ ਸਿੱਖ ਵਿਰੋਧੀ ਫੌਜਾਂ ਦਾ ਏਜੰਟ ਹੋਣ ਦਾ ਇਲਜ਼ਾਮ ਨਹੀਂ ਲਾਉਣਾ ਚਾਹੀਦਾ ਹੈ, ਜਿਵੇਂ ਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਆਪਣੇ ਆਪ ਨੂੰ ਆਪਣੇ ਵਿਚਾਰਾਂ ਵਿਚ ਸਹੀ ਮੰਨਦੇ ਹਨ, ਜੋ ਵਿਚਾਰ ਸਹੀ ਜਾਂ ਗ਼ਲਤ ਹੋ ਸਕਦੇ ਹਨ ਜਾਂ ਇਸ ਮਸਲੇ ਤੇ ਉਨ੍ਹਾਂ ਦੀ ਗ਼ਲਤ ਫ਼ਹਿਮੀ ਨੂੰ ਲੈ ਕੇ ਹੋ ਸਕਦੇ ਹਨ। ਇਸ ਤੋਂ ਇਲਾਵਾ ਗੁਪਤ ਏਜੰਸੀਆਂ ਦੇ ਏਜੰਟ ਬਹੁਤ ਘੱਟ ਹਣ, ਜੋ ਸਿਰਫ ਉਲਝਨਾਂ ਅਤੇ ਵਿਵਾਦ ਪੈਦਾ ਕਰਨ ਲਈ ਹਨ, ਜਿਨ੍ਹਾਂ ਨੂੰ ਲੱਭਣਾ ਹਮੇਸ਼ਾ ਹੀ ਮੁਸ਼ਕਲ ਹੋਵੇਗਾ। ਹਾਲਾਂਕਿ ਜੇ ਵੱਖਰੇ ਵਿਚਾਰ ਰੱਖਣ ਵਾਲੇ ਸਿੱਖ ਸਹੀ ਸਰਵਸੰਮਤ ਵਾਲੇ ਫ਼ੈਸਲੇ ਤੇ ਆਉਣ ਲਈ ਕਾਰਣ ਅਤੇ ਤਰਕ ਨੂੰ ਨਹੀਂ ਦੇਖਦੇ, ਤਾਂ ਨਿਰਸੰਦੇਹ ਉਹ ਅਜਿਹੇ ਬਣਾ ਦਿੱਤੇ ਗਏ ਗੰਭੀਰ ਮਸਲੇ ਤੇ ਸਿੱਖਾਂ ਵਿਚ ਵੰਡ ਪੈਦਾ ਕਰਨ ਲਈ ਸਿੱਖ ਵਿਰੋਧੀ ਦਸਤੇ ਦੇ ਉੱਦੇਸ਼ ਦੀ ਮਦਦ ਕਰ ਰਹੇ ਹਨ।

## ਅਧਿਆਇ 4-8

### ਸਿੱਖਾਂ ਨੂੰ ਅਸਲ ਵਿਚ ਜਾਤ ਅਤੇ ਧਰਮ ਦੀ ਵਿਭਿੰਨਤਾ ਦਾ ਖੰਡਨ ਕਰਨਾ ਚਾਹੀਦਾ ਹੈ ਜਿਵੇਂ ਕਿ ਸਿੱਖ ਧਰਮ ਵਿਚ ਵਰਜਤ ਹੈ -

ਸਿੱਖ ਧਰਮ ਪੂਰੀ ਤਰ੍ਹਾਂ ਜਾਤ ਅਤੇ ਧਰਮ ਦੀ ਵਿਭਿੰਨਤਾ ਨੂੰ ਵਰਜਤ ਕਰਦਾ ਹੈ ਅਤੇ ਸਿੱਖਾਂ ਨੂੰ ਉਨ੍ਹਾਂ ਦੀ ਅਸਲ ਜ਼ਿੰਦਗੀ ਵਿਚ ਇਸ ਵਿਭਿੰਨਤਾ ਦਾ ਖੰਡਨ ਕਰਨਾ ਚਾਹੀਦਾ ਹੈ ਜਿਵੇਂ ਕਿ ਸਿੱਖ ਕਿਰਿਆਵਾਂ ਵਿਚ ਇੱਕ ਜਾਂ ਦੂਜੇ ਢੰਗ ਵਿਚ ਇਨ੍ਹਾਂ ਵਿਭਿੰਨਤਾਵਾਂ ਦੀ ਝਲਕ ਮਾਰਦੇ ਹਨ। ਕੁਝ ਸਿੱਖ ਸਿਰਫ ਆਪਣੇ ਨਾਂ ਦੇ ਨਾਲ ਆਪਣੀ ਜਾਤ ਜਾਂ ਉਪ-ਜਾਤ ਹੀ ਨਹੀਂ ਲਾਉਂਦੇ ਬਲਕਿ ਸਿੱਖ ਧਰਮ ਦੀ ਸਿੱਖਿਆ ਨੂੰ

ਭੰਗ ਕਰਦੇ ਹੋਏ ਆਪਣੀ ਜਾਤ ਦੇ ਆਧਾਰ ’ਤੇ ਕੁੱਝ ਗੁਰੂਦੁਆਰਿਆਂ ਦੇ ਨਾਂ ਰੱਖਣ ਦੀ ਹੱਦ ਤਕ ਵੀ ਚਲੇ ਜਾਂਦੇ ਹਨ, ਜੋ ਕਿ ਸਪਸ਼ਟ ਰੂਪ ਵਿਚ ਸਿੱਖ ਵਿਰੋਧੀ ਹੈ।

ਸਿੱਖ ਧਰਮ ਦੀ ਰੱਬ ਦਾ ਪਿਤ੍ਰਭਾਵ ਹੋਣ ਦੀ ਮੂਲ ਵਿਸ਼ੇਸ਼ਤਾ ਆਪਣੇ ਆਪ ਹੀ ਮਾਨਵਤਾ ਦੇ ਭਾਈਚਾਰੇ ਦੀ ਅਗਵਾਈ ਕਰਦੀ ਹੈ। ਸਮੁੱਚੀ ਸਿਰਜਨ ਇੱਕੋ ਰੱਬ, ਸਰਬ ਸ਼ਕਤੀਮਾਨ ਦੀ ਸਿਰਜਨਾ ਹੈ; ਉਸਦੀ ਰੌਸ਼ਨੀ ਸਾਰਿਆਂ ਵਿਚ ਚਮਕਦੀ ਹੈ ਅਤੇ ਉਸ ਸਿਰਜਣਹਾਰ ਨੇ ਸਮੁੱਚੀ ਮਾਨਵ ਜਾਤੀ ਨੂੰ ਇੱਕੋ ਤੱਤ ਨਾਲ ਸਿਰਜਿਆ ਹੈ ਜਿਵੇਂ ਕਿ ਇੱਕ ਕੁਮਹਾਰ ਸਾਰੇ ਭਾਂਡਿਆਂ ਨੂੰ ਇੱਕੋ ਹੀ ਮਿੱਟੀ ਨਾਲ ਬਨਾਉਂਦਾ ਹੈ। ਸਮੁੱਚੀ ਮਾਨਵਤਾ ਇੱਕੋ ਪਿਤ੍ਰਭਾਵ ਤੋਂ ਉਸਦੀ ਇੱਕੋ ਰੌਸ਼ਨੀ ਨਾਲ ਹੈ। ਰੱਬ ਸਿਰਫ ਇੱਕ ਹੈ ਅਤੇ ਸਾਰੇ ਮਨੁੱਖ ਸਮਾਨਤਾ ਨਾਲ ਸੰਬੰਧ ਰੱਖਦੇ ਹਨ। ਸਾਰੀ ਸਿਰਜਨਾ ਇੱਕੋ ਸਿਰਜਣਹਾਰ ਦੀ ਹੈ, ਇਸਲਈ ਉਨ੍ਹਾਂ ਵਿਚ ਚੰਗੇ ਜਾਂ ਬੁਰੇ ਹੋਣ ਵਜੋਂ ਕੋਈ ਭਿੰਨਤਾ ਨਹੀਂ ਹੋ ਸਕਦੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰੁਹਾਨੀ ਭਜਨਾਂ ਵਿਚ ਐਲਾਨ ਕੀਤਾ:

“ਸਮੁੱਚੀ ਮਾਨਵਤਾ ਨੂੰ ਇੱਕੋ ਜਾਤ ਵਜੋਂ ਪਛਾਣੋ,” (ਅਕਾਲ ਉਸਤਤ)

“ਸਮੁੱਚੀ ਮਾਨਵ ਜਾਤ ਰੱਬ ਦੀ ਕਿਰਪਾ ਵਿਚ ਹਿੱਸੇਦਾਰ ਹੈ ਜੋ ਕਿ ਸਾਰਿਆਂ ਦਾ ਸਿਰਜਣਹਾਰ ਹੁੰਦੇ ਹੋਏ ਕਿਸੇ ਨੂੰ ਬਾਹਰਲਾ ਨਹੀਂ ਸਮਝਦਾ”। (ਜੀ ਜੀ 91)

“ਰੱਬ ਦੀ ਕਿਰਪਾ ਨਾਲ, ਸਾਰਿਆਂ ਨੂੰ ਇੱਕੋ ਨਜ਼ਰ ਨਾਲ ਵੇਖੋ, ਜਿਵੇਂ ਕਿ ਸਾਰਿਆਂ ਵਿਚ ਰੱਬ ਦੀ ਇੱਕੋ ਜੋਤ ਸ਼ਾਮਲ ਹੈ”। (ਜੀ ਜੀ 599)

“ਰੱਬ ਪੰਜ ਤੱਤਾਂ ਦੇ ਸ਼ਰੀਰ ਨੂੰ ਇਕੱਠਾ ਕਰਕੇ ਇਸ ਵਿਚ ਆਪਣੀ ਪਵਿੱਤਰ ਰੌਸ਼ਨੀ ਭਿਓਂ ਦਿੰਦਾ ਹੈ। ਰੱਬ ਹਰ ਪਾਸੇ ਹੈ ਅਤੇ ਉਸਨੇ ਸਾਰੀ ਸਿਰਜਨਾ ਨੂੰ ਸਿਰਜਿਆ ਹੈ।”

“ਉੱਥੇ ਕੋਈ ਦੂਜਾ ਨਹੀਂ ਹੈ। ਰੱਬ ਸਾਰਿਆਂ ਵਿਚ ਸ਼ਾਮਲ ਹੈ।” (ਜੀ ਜੀ 1297)

“ਸਿਰਜਨਾ ਇੱਕੋ ਸਿਰਜਣਹਾਰ ਦੇ ਕਾਬੂ ਵਿਚ ਹੈ, ਜੋ ਕਿ ਆਪਣੀ ਸ਼ਕਤੀ ਨਾਲ ਉਸਨੂੰ ਕਾਇਮ ਰੱਖਦਾ ਹੈ।” (ਜੀ ਜੀ 1410)

“ਰੱਬ ਜੋ ਕਰਦਾ ਹੈ ਸਹੀ ਕਰਦਾ ਹੈ। ਇਸ ਵਿਚ ਕੋਈ ਘਾਟਾ ਜਾਂ ਵਾਧਾ ਨਹੀਂ ਹੈ। ਇੱਕ ਜਨ ਰੱਬ ਦੀ ਕਿਰਪਾ ਨਾਲ ਹੀ ਉਸ ਵਿਚ ਸਮਾਉਂਦਾ ਹੈ।” (ਜੀ ਜੀ 1412)

ਸਾਰਿਆਂ ਵਿਚ ਇੱਕ ਹੀ ਜ਼ਮੀਰ

“ਸਾਰੇ ਮਨੁੱਖਾਂ ਵਿਚ ਇੱਕੋ ਅੰਦਰੂਨੀ ਚੇਤਨਾ ਹੈ। ਬਿਨਾਂ ਇਸ ਚੇਤਨਾ ਦੇ ਰੱਬ ਨੇ ਕਿਸੇ ਨੂੰ ਨਹੀਂ ਬਣਾਇਆ।” (ਜੀ ਜੀ 24)

ਸਾਰਿਆਂ ਵਿਚ ਇੱਕ ਹੀ ਰੂਹ

“ਸਿਰਜਣਹਾਰ ਪਰਮਾਤਮਾ ਦੀ ਇੱਕੋ ਰੌਸ਼ਨੀ, ਰੂਹ, ਸਮੁੱਚੀ ਮਾਨਵ ਜਾਤੀ ਵਿਚ ਹੈ ਜੋ ਸਾਰਿਆਂ ਨੂੰ ਰੌਸ਼ਨ ਕਰਦੀ ਹੈ।” (ਜੀ ਜੀ 685)

“ਸਮੁੱਚੀ ਮਾਨਵਤਾ ਭਾਈਚਾਰੇ ਦੇ ਸਮਾਨ ਰੂਪ ਵਿਚ ਹੈ। ਇਹ ਵੱਖਰੇ ਧਰਮਾਂ ਅਤੇ ਪ੍ਰਣਾਲੀਆਂ ਕਰਕੇ ਹੈ ਕਿ ਉਹ ਵੱਖਰੇ ਦਿਸਦੇ ਹਨ। ਕੁਝ ਆਪਣੇ ਝੁਕਾਉ ਨੂੰ ਵੰਡਦੇ ਹੋਏ ਸਨਿਆਸੀ ਬਣ ਜਾਂਦੇ ਹਨ ਅਤੇ ਕੁਝ ਯੋਗੀ ਸਾਧ ਜਾਂ ਤਪੱਸਵੀ ਦਾ ਰੂਪ ਧਾਰਣ ਕਰਦੇ ਹਨ; ਕੁਝ ਆਪਣੇ ਆਪ ਨੂੰ ਹਿੰਦੂ ਕਹਿੰਦੇ ਹਨ ਕੁਝ ਮੁਸਲਮ ਹੋਣ ਦਾ ਦਾਵਾ ਕਰਦੇ ਹਨ; ਜਿਨ੍ਹਾਂ ਵਿਚ ਸ਼ਿਯਾ ਅਤੇ ਸੁਨੀ ਹਨ; ਸਾਰਿਆਂ ਨੂੰ ਮਾਨਵਤਾ ਦੀ ਇੱਕੋ ਜਾਤ ਵਜੋਂ ਪਛਾਣੋ; ਹਿੰਦੂਆਂ ਅਤੇ ਮੁਸਲਮਾਨਾਂ ਦੇ ਰੂਪ ਵਿਚ, ਸੰਭਾਲਣ ਵਾਲੇ ਅਤੇ ਮਿਹਰਬਾਨ ਦੇ ਰੂਪ ਵਿਚ ਰੱਬ ਇੱਕ ਹੈ। ਗਲਤੀ ਜਾਂ ਸ਼ੱਕ ਨਾਲ ਵੀ ਕਿਸੇ ਹੋਰ ਨੂੰ ਰੱਬ ਦੇ ਰੂਪ ਵਿਚ ਨਾ ਪਛਾਣੋ; ਸਿਰਫ ਉਸਦੀ ਭਗਤੀ ਕਰੋ ਕਿਓਂ ਜੋ ਉਹ ਹੀ ਸਾਡੇ ਸਾਰਿਆਂ ਦਾ ਸਰਵ-ਪ੍ਰਧਾਨ ਰੱਬ ਹੈ। ਇਹ ਸਿਰਫ ਉਸਦਾ ਰੂਪ, ਉਸਦੀ ਜੋਤ ਹੈ ਜੋ ਸਾਡੇ ਸਾਰਿਆਂ ਵਿਚ ਫੈਲੀ ਹੋਈ ਹੈ।” (ਗੁਰੂ ਗੋਬਿੰਦ ਸਿੰਘ, ਅਕਾਲ ਉਸਤਤ 15/85)

“ਮੰਦਰ, ਮਸਜਿਦ, ਹਿੰਦੂਆਂ ਦੀ ਪੂਜਾ ਅਤੇ ਮੁਸਲਮਾਂ ਦੀ ਨਮਾਜ਼ ਸਭ ਇੱਕ ਸਮਾਨ ਹੈ; ਸਾਰੇ ਮਨੁੱਖ ਸਮਾਨ ਹਨ ਅਤੇ ਇਹ ਗ਼ਲਤੀ ਨਾਲ ਹੈ ਕਿ ਉਹ ਵੱਖਰੇ ਦਿਸਦੇ ਹਨ; ਸਾਰੇ ਮਨੁੱਖ ਇੱਕੋ ਜਿਹੀ ਅੱਖਾਂ, ਕੰਨ, ਸ਼ਰੀਰ ਅਤੇ ਇਕੋ ਜਿਹੇ ਤੱਤਾਂ ਦੇ ਮਿਸ਼੍ਰਣ ਨਾਲ ਸੰਪਨ ਹਨ; ਪੁਰਾਨ ਅਤੇ ਕੁਰਾਨ ਇੱਕੋ ਰੱਬ ਦੀ ਹੁੰਦੇ ਹੋਏ, ਹਿੰਦੂਆਂ ਦੇ ਔਲੱਖ, ਅਤੇ ਮੁਸਲਮਾਨਾਂ ਦੇ ਅੱਲ੍ਹਾ ਤੋਂ ਭਾਵ ਉਹੀ ਇੱਕੋ ਸਰਵ-ਪ੍ਰਧਾਨ ਰੱਬ ਹੈ। ਉਹ ਸਾਰੇ ਇੱਕੋ ਆਕਾਰ ਦੇ ਹਨ; ਉਨ੍ਹਾਂ ਨੂੰ ਇੱਕੋ ਰੱਬ ਨੇ ਬਣਾਇਆ ਹੈ।”(ਗੁਰੂ ਗੋਬਿੰਦ ਸਿੰਘ, ਅਕਾਲ ਉਸਤਤ)

ਵਰਗ ਪ੍ਰਣਾਲੀ ਦੀ ਨਿੰਦਾ

ਸਿੱਖ ਧਰਮ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਲਿੰਗ ਭੇਦਭਾਵ ਲਈ ਕੋਈ ਆਧਾਰ ਨਹੀਂ ਹੈ ਅਤੇ ਔਰਤਾਂ ਹਰ ਮਾਮਲੇ ਵਿਚ ਮਰਦਾਂ ਨਾਲ ਸਮਾਨ ਅਹੁਦੇ ਦੀ ਹੱਕਦਾਰ ਹਨ।

"ਔਰਤਾਂ ਦੇ ਅਹੁਦੇ ਨੂੰ ਹੇਠਾਂ ਨੂੰ ਕਿਉਂ ਲੈ ਕੇ ਜਾਣਾ, ਜਦੋਂ ਕਿ ਉਸ ਬਗੈਰ ਜ਼ਿੰਦਗੀ ਅਸੰਭਵ ਹੈ ਜਿਵੇਂ ਕਿ ਸਿਰਫ ਪਰਮਾਤਮਾ, ਉਹ ਸਰਵ-ਸ਼ਕਤੀਮਾਨ ਹੀ ਬਿਨਾਂ ਔਰਤ ਦੇ ਆਪ ਪੈਦਾ ਹੋਇਆ ਹੈ। ਸਾਰੇ ਰਾਜੇ ਔਰਤਾਂ ਤੋਂ ਹੀ ਪੈਦਾ ਹੋਏ ਹਨ ਤਾਂ ਫਿਰ ਉਨ੍ਹਾਂ ਨੂੰ ਬਦਨਾਮ ਕਿਉਂ ਕਰਨਾ।" (ਆਸਾ ਦੀ ਵਾਰ)

ਹਿੰਦੂ ਸਮਾਜ ਬ੍ਰਾਹਮਣਾਂ ਨਾਲ ਉੱਚਤਾ ਅਤੇ ਸ਼ੁਦਰਾਂ ਨਾਲ ਛੂਤ ਛਾਤ ਰੱਖਦੇ ਹੋਏ, ਜਾਤ ਅਤੇ ਧਰਮ ਪ੍ਰਣਾਲੀਆਂ ਵਿਚ ਬੁਰੀ ਤਰ੍ਹਾਂ ਚਾਰ ਜਾਤਾਂ ਵਿਚ ਵੰਡਿਆ ਹੋਇਆ ਸੀ, ਮਨੂ ਸਾਧ ਦੇ ਕਥਨਾਂ ਦੇ ਨਾਲ ਕਿ ਜੇ ਧਰਮ ਦੇ ਨਾਂ ਤੇ ਉਨ੍ਹਾਂ ਦੀ ਵੰਡ ਨਾਲ ਛੇੜ ਛਾੜ ਕੀਤੀ ਜਾਂਦੀ ਹੈ, ਇਹ ਆਪ ਹੀ ਦੂਸ਼ਿਤ ਹੋ ਜਾਵੇਗਾ। ਕਿਸੇ ਨੇ ਵੀ ਹਿੰਦੂ ਗੀਤਾ ਉਪਦੇਸ਼ਾਂ ਵਿਚ ਅਜਿਹੀ ਅਮਾਨਵੀ ਵਿਵਸਥਾ ਨੂੰ ਲਲਕਾਰਨ ਦੀ ਹਿੰਮਤ ਨਹੀਂ ਕੀਤੀ, ਇੱਥੇ ਤੱਕ ਕਿ ਅਜਿਹੇ ਸਿੱਖ ਵਿਰੋਧੀ ਭਾਸ਼ਣ ਦੇ ਵਿਰੁੱਧ ਕੋਈ ਆਵਾਜ਼ ਵੀ ਨਹੀਂ ਚੁੱਕੀ ਗਈ ਸੀ। ਮੁਸਲਮ ਪਵਿੱਤਰ ਲੇਖ ਕੁਰਾਨ ਵਿਚ, ਆਦਮੀ ਦੀ ਤੁਲਨਾ ਵਿਚ ਕਈ ਪਹਿਲੂਆਂ ਵਿਚ ਔਰਤਾਂ ਨੂੰ ਭੇਦਭਾਵ ਦਾ ਸਾਹਮਣਾ ਕਰਨਾ ਪਿਆ ਹਾਲਾਂਕਿ ਇਹ ਜਾਤ ਅਤੇ ਧਰਮ ਵਿਵਸਥਾ ਤੋਂ ਆਜ਼ਾਦ ਸੀ। ਸਿੱਖ ਧਰਮ ਵਿਚ ਅਜਿਹੇ ਭੇਦਭਾਵਾਂ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਗਿਆ ਹੈ। ਅਜਿਹੀ ਭੇਦਭਾਵ ਵਾਲੀ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਸਿੱਖ ਧਰਮ ਵਿਚ ਪ੍ਰਭਾਵੀ ਕਦਮ ਚੁੱਕੇ ਗਏ ਸਨ।

ਬਿਨਾਂ ਕਿਸੇ ਭੇਦਭਾਵ ਦੇ, ਚਾਹੇ ਕੋਈ ਵੀ ਹੋਵੇ, ਸਮਾਨ ਅਹੁਦਾ ਦਿੰਦੇ ਹੋਏ ਹਰ ਕਿਸੇ ਲਈ ਸਿੱਖ ਗੁਰੂਦੁਆਰੇ ਖੋਲ ਦਿੱਤੇ ਗਏ ਸਨ। ਹਰ ਤਰ੍ਹਾਂ ਦੇ ਫ਼ਰਕ ਨੂੰ ਮਿਟਾਉਣ ਲਈ ਸਿੱਖ ਸੰਗਤਾਂ ਅਤੇ ਲੰਗਰ ਦੀ ਵਿਵਸਥਾ ਕੀਤੀ ਗਈ ਸੀ, ਜਿੱਥੇ ਆਦਮੀ ਅਤੇ ਆਦਮੀ ਵਿਚ ਪੂਰਨ ਸਮਾਨਤਾ ਸੀ। ਸਿੱਖਾਂ ਲਈ ਲਾਜ਼ਮੀ, ਸਿੱਖ ਸੂਤਰਪਾਤ, ਦੋਹਾਂ ਪਾਸੇ ਧਾਰ ਵਾਲੀ ਕ੍ਰਿਪਾਣ ਨਾਲ ਅਮ੍ਰਿਤ, ਬਿਨਾਂ ਕਿਸੇ ਜਾਤ ਅਤੇ ਧਰਮ ਦੇ ਭੇਦਭਾਵ ਦੇ ਇੱਕੋ ਭਾਂਡੇ ਚੋਂ ਛਕਾਇਆ ਗਿਆ ਸੀ। ਹਰ ਕਿਸੇ ਨੂੰ ਉਸ ਵੇਲੇ ਸਮਾਨ ਅਹੁਦੇ ਨਾਲ ਖ਼ਾਲਸਾ ਪੰਥ ਦਾ ਮੈਂਬਰ ਬਨਣ ਲਈ ਆਪਣੀ ਪਹਿਲੀ ਜਾਤ ਅਤੇ ਧਰਮ ਦਾ ਤਿਆਗ ਕਰਨਾ ਸੀ।

ਸਿੱਖ ਧਰਮ ਨੇ ਹਿੰਦੂ ਧਰਮ ਦੇ ਪੂਰੀ ਤਰ੍ਹਾਂ ਵਿਰੋਧ ਵਿਚ ਹਰ ਪਹਿਲੂ ਵਿਚ ਬਿਨਾਂ ਕਿਸੇ ਵਰਗ ਦੇ ਪੂਰਨ ਸਮਾਨਤਾ ਨਾਲ ਇੱਕ ਵੱਖਰੇ ਸਮਾਜ ਦੀ ਸਥਾਪਨਾ ਕੀਤੀ ਹੈ। ਜਿਵੇਂ ਕਿ ਸਿੱਖ ਇਤਿਹਾਸ ਦੇ ਲੇਖਕ, ਡਾ. ਗੋਕਲ ਚੰਦ ਨਾਰੰਗ ਨੇ ਬਿਆਨ ਕੀਤਾ ਹੈ:

"ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭਾਵ ਅਤੇ ਮਾਰਗਦਰਸ਼ਨ ਅਧੀਨ, ਉਹ ਲੋਕ ਬਹਾਦਰ ਜੋਧਾ ਬਣੇ, ਜਿਨ੍ਹਾਂ ਨੇ ਪਹਿਲਾਂ ਕਦੇ ਤਲਵਾਰ ਨੂੰ ਹੱਥ ਵੀ ਨਹੀਂ ਲਾਇਆ ਸੀ ਅਤੇ ਨਾਂ ਹੀ ਕਦੇ ਆਪਣੇ ਮੋਢਿਆਂ ਉੱਤੇ ਬੰਦੂਕ ਰੱਖੀ ਸੀ। ਧੋਬੀ, ਨਾਈ, ਮਿਹਰੇ (ਨੀਚ ਜਾਤਾਂ ਦੇ ਮੰਨੇ ਜਾਣ ਵਾਲੇ) ਜਨਰਲ ਬਣ ਗਏ ਸਨ, ਜਿਨ੍ਹਾਂ ਮੋਹਰੇ ਆਉਣ ਤੋਂ ਰਾਜੇ ਅਤੇ ਨਵਾਬ ਵੀ ਡਰਦੇ ਸਨ।"

ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ "ਸਿੱਖਾਂ ਦਾ ਇਤਿਹਾਸ" ਦੇ ਸਫਾ 189 ਤੇ ਬਿਆਨ ਕੀਤਾ:

"ਸਿੱਖ ਧਰਮ ਵਿਚ ਅਮ੍ਰਿਤ ਜਾਂ ਬਪਤਿਸਮਾ ਵੇਲੇ, ਸਿੱਖਾਂ ਨੇ ਪੰਜ ਆਜ਼ਾਦੀਆਂ ਹਾਸਲ ਕੀਤੀਆਂ:

1. ਪਿਛਲੇ ਸਾਰੇ ਧਰਮਾਂ, ਰਿਵਾਜਾਂ ਅਤੇ ਪ੍ਰਥਾਵਾਂ ਦੇ ਬੰਧਨਾਂ ਅਤੇ ਪੱਖਪਾਤਾਂ ਤੋਂ ਮੁਕਤੀ।

2. ਪੁਰਾਣੇ ਕੰਮਾਂ ਦੇ ਪ੍ਰਭਾਵਾਂ ਤੋਂ ਮੁਕਤੀ।

3. ਪਿਛਲੇ ਵੰਸ਼, ਜਾਤ ਜਾਂ ਖ਼ਾਨਦਾਨ ਦੇ ਪ੍ਰਭਾਵ ਤੋਂ ਮੁਕਤੀ।

4. ਪਿਛਲੇ ਪੇਸ਼ੇ ਜਾਂ ਖ਼ਾਨਦਾਨੀ ਪੇਸ਼ੇ ਨਾਲ ਜੁੜੇ ਕਲੰਕ ਤੋਂ ਮੁਕਤੀ।

5. ਪਿਛਲੀ ਸਾਰੀ ਰਸਮਾਂ, ਪੱਖਪਾਤਾਂ ਅਤੇ ਸੰਕੋਚ ਤੋਂ ਮੁਕਤੀ।

ਇਸ ਤਰ੍ਹਾਂ ਉੱਥੇ ਪਿਛਲੀ ਧਾਰਮਕ ਕਿਰਿਆਵਾਂ, ਬੇਕਾਰ ਦੇ ਰੀਤਿ ਰਿਵਾਜ ਅਤੇ ਜਾਤ, ਧਰਮ ਅਤੇ ਵਰਗ ਦੇ ਭੇਦਭਾਵ ਅਤੇ ਵੰਡ ਤੋਂ ਪੂਰੀ ਤਰ੍ਹਾਂ ਵਿਰਾਮ ਸੀ। ਸਿੱਖ ਧਰਮ ਨੇ ਪੂਰੀ ਤਰ੍ਹਾਂ ਵਰਗ ਰਹਿਤ ਰਾਸ਼ਟਰ ਸਥਾਪਿਤ ਕੀਤਾ, ਜੋ ਹਰ ਮਾਮਲੇ ਵਿਚ ਕਿਸੀ ਵੀ ਪ੍ਰਕਾਰ ਦੇ ਅਪਮਾਨ ਜਾਂ ਸਨਮਾਨ ਤੋਂ ਮੁਕਤ ਸੀ। ਸਿੱਖਾਂ ਨੂੰ ਇਸ ਸੰਦਰਭ ਵਿਚ ਦ੍ਰਿੜਤਾ ਨਾਲ ਆਪਣੇ ਧਰਮ ਦੀ ਰੂਹਾਨੀ ਸਿੱਖਿਆ ਦਾ ਪਾਲਨ ਕਰਨਾ ਚਾਹੀਦਾ ਹੈ, ਜੋ ਉਨ੍ਹਾਂ ਦੀ ਅਸਲ ਜ਼ਿੰਦਗੀ ਵਿਚ ਝਲਕ ਦਿੰਦਾ ਹੈ ਜਿਵੇਂ ਕਿ ਸਿੱਖ ਧਰਮ ਵਿਚ ਰੱਬੀ ਗਿਆਨ ਮਾਮਲੇ ਦਾ ਅੰਤ ਨਹੀਂ ਹੈ, ਜਿੱਥੇ ਕਿ ਇਸਨੂੰ ਅਸਲੀ ਜ਼ਿੰਦਗੀ ਤੇ ਵੀ ਕੰਮ ਕਰਨਾ ਚਾਹੀਦਾ ਹੈ।

## ਸਾਰੇ ਨਸ਼ੇ, ਜਿਸ ਵਿਚ ਸ਼ਰਾਬ ਵੀ ਸ਼ਾਮਲ ਹੈ, ਸਿੱਖ ਧਰਮ ਵਿਚ ਵਰਜਤ ਹਨ-ਸਿੱਖਾਂ ਵਲੋਂ ਨਹੀਂ ਵਰਤੇ ਜਾਣੇ ਚਾਹੀਦੇ-

ਸਿੱਖ ਧਰਮ ਵਿਚ ਸ਼ਰਾਬ 'ਤੇ ਹੋਰ ਸਾਰੇ ਨਸ਼ੇ ਪੂਰੀ ਤਰ੍ਹਾਂ ਵਰਜਤ ਹਨ। ਕੁਝ ਸਿੱਖਾਂ ਨੂੰ ਇਹ ਗ਼ਲਤਫਹਿਮੀ ਹੈ ਕਿ ਸ਼ਾਇਦ ਸਿਰਫ ਬੀੜੀ-ਸਿਗਰਟ ਪੀਣ ਦੀ ਹੀ ਮਨਾਹੀ ਹੈ ਜਿਵੇਂ ਕਿ ਇਹ ਉਲੰਘਣਾਵਾਂ-ਕੁਰਿਹਤਾਂ ਵਿਚੋਂ ਇੱਕ ਹੈ। ਪਰ ਸਿੱਖ ਧਰਮ ਵਿਚ ਸਾਰੇ ਨਸ਼ਿਆਂ ਦੀ ਮਨਾਹੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਨਸ਼ੀਲੇ ਪਦਾਰਥਾਂ ਨੂੰ ਵਰਜਤ ਕਰਨ ਵਾਲੇ ਰੂਹਾਨੀ ਭਜਨ ਹਨ।

"ਸ਼ਰਾਬ ਜੇਕਰ ਗੰਗਾ ਜਲ (ਜਿਸਨੂੰ ਹਿੰਦੂ ਧਰਮ ਵਿਚ ਪਵਿੱਤਰ ਮੰਨਿਆ ਗਿਆ ਹੈ) ਤੋਂ ਵੀ ਬਣਾਈ ਗਈ ਹੋਵੇ, ਪੀਣ ਲਈ ਇੱਕ ਬੁਰੀ ਚੀਜ਼ ਹੈ ਜੋ ਇੱਕ ਮਨੁੱਖੀ ਦਿਮਾਗ ਨੂੰ ਕਾਬੂ ਤੋਂ ਬਾਹਰ ਕਰ ਦਿੰਦੀ ਹੈ ਅਤੇ ਉਦਾਸੀ ਦਾ ਕਾਰਣ ਬਣਦੀ ਹੈ।" ਜੀ ਜੀ 1293

"ਇੱਕ ਨੂੰ ਰੱਬ ਦੇ ਨਾਂ ਦਾ ਅਮ੍ਰਿਤ ਛੱਕਣਾ ਚਾਹੀਦਾ ਹੈ ਅਤੇ ਬੇਕਾਰ ਸ਼ਰਾਬ ਨਹੀਂ।" ਜੀ ਜੀ 360, ਅਤੇ

"ਇੱਕ ਨੂੰ ਸ਼ਰਾਬ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਉਸਦੀ ਮਾਨਸਿਕ ਸ਼ਕਤੀ ਨੂੰ ਵਿਗਾੜਦੀ ਹੈ, ਰੱਬ ਨੂੰ ਭੁਲਾ ਦਿੰਦੀ ਹੈ। ਸ਼ਰਾਬ ਪੀਣ ਵਾਲੇ ਨੂੰ ਰੱਬੀ ਅਦਾਲਤ ਵਿਚ ਸਜ਼ਾ ਮਿਲੇਗੀ।"

ਸਿਗਰਟ ਪੀਣਾ, ਜੋ ਕਿ ਇਕ ਉਲੰਘਣਾ-ਕੁਰਿਹਤ ਹੈ-

"ਲੋਕ ਮਜੇ ਲਈ ਸਿਗਰਟ ਪੀਂਦੇ ਹਨ ਅਤੇ ਸੁਪਾਰੀ ਚਬਾਉਂਦੇ ਹਨ ਅਤੇ ਇਸ ਤਰ੍ਹਾਂ ਆਪਣੀ ਜਿੰਦਗੀ ਨੂੰ ਬਰਬਾਦ ਕਰਦੇ ਹਨ। ਉਹ ਰੱਬ ਨੂੰ ਯਾਦ ਨਹੀਂ ਕਰਦੇ ਅਤੇ ਮੌਤ ਦਾ ਫਰਿਸ਼ਤਾ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ।" ਜੀ ਜੀ 726

"ਮਾਂਸ, ਤੰਬਾਕੂ, ਸ਼ਰਾਬ, ਚਰਸ, ਗਾਂਜਾ, ਤਾੜੀ—ਦਾ ਸਿੱਖਾਂ ਨੂੰ ਕਦੇ ਵੀ ਸੇਵਨ ਨਹੀਂ ਕਰਨਾ ਚਾਹੀਦਾ।" (ਰਿਹਤ ਨਾਮ ਭਾਈ ਦਯਾ ਸਿੰਘ)

ਹਰ ਤਰ੍ਹਾਂ ਦੇ ਨਸ਼ੇ ਦੇ ਸੇਵਨ ਨੂੰ ਵਰਜਤ ਕਰਨ ਵਾਲੇ ਸਿੱਖ ਧਰਮ ਦੇ ਇਨ੍ਹਾਂ ਸਪਸ਼ਟ ਕਥਨਾਂ ਦੇ ਬਾਵਜੂਦ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਅਜੇ ਵੀ ਕੁਝ ਸਿੱਖ ਇਨ੍ਹਾਂ ਰੂਹਾਨੀ ਸਿੱਖਿਆਵਾਂ ਦੀ ਉਲੰਘਣਾ ਕਰਦੇ ਹਨ। ਸਿੱਖਾਂ ਵਿਚ ਸ਼ਰਾਬ ਦਾ ਸੇਵਨ ਚਿੰਤਾਜਨਕ ਹੈ, ਖ਼ਾਸਕਰ ਕੇ ਸਿੱਖਾਂ ਦੀ ਜਨਮਭੂਮੀ ਪੰਜਾਬ ਵਿਚ, ਜਿਸਨੇ ਉਨ੍ਹਾਂ ਵਿਚੋਂ ਬਹੁਤਾਂ ਨੂੰ ਬਦਨਾਮ ਕਰ ਦਿੱਤਾ ਹੈ, ਜਿੱਥੇ ਕਿ ਇਹ ਪੂਰੀ ਤਰ੍ਹਾਂ ਵਰਜਤ ਹੋਣੀ ਚਾਹੀਦੀ ਹੈ। ਬਲਕਿ ਰਾਜ ਸਰਕਾਰ ਦੇ ਨਾਲ, ਓਹ, ਜੋ ਕਿ ਸਿੱਖ ਹਿੱਤਾਂ ਦਾ ਪ੍ਰਤੀਨਿਧਿੱਤਵ ਕਰਨ ਦਾ ਦਾਅਵਾ ਕਰਦੇ ਹਨ, ਸਿੱਖਾਂ ਅਤੇ ਆਪਣੇ ਰਾਜ ਨੂੰ ਬਦਨਾਮ ਕਰਦੇ ਹੋਏ ਸ਼ਰਾਬ ਨੂੰ ਵੇਚ ਕੇ ਵੱਡੀ ਆਮਦਨ ਕਮਾ ਰਹੇ ਹਨ।

ਸਿੱਖ ਰਿਹਤ ਮਰਯਾਦਾ ਵਿਚ, ਜੋ ਸਾਰੇ ਸਿੱਖਾਂ ਉੱਤੇ ਬੱਝਵੀਂ ਹੈ, ਇਹ ਦਿੱਤਾ ਗਿਆ ਹੈ ਕਿ ਇੱਕ ਸਿੱਖ, ਜੋ ਕਿਸੀ ਵੀ ਨਸ਼ੀਲ਼ੀ ਦਵਾ ਜਾਂ ਨਸ਼ੇ(ਅਫੀਮ, ਸ਼ਰਾਬ, ਭੰਗ, ਕੋਕੀਨ ਵਗ਼ੈਰਾ) ਦਾ ਸੇਵਨ ਕਰਦਾ ਹੈ, ਸਿੱਖ ਉਲੰਘਣਾ ਦਾ ਦੋਸ਼ੀ ਹੈ ਅਤੇ ਸਿੱਖ ਪਾਰੰਪਰਕ ਸਜ਼ਾ ਦਾ ਹੱਕਦਾਰ ਹੈ।

ਸਿੱਖ ਗੁਰੂਦੁਆਰਾ ਐਕਟ, 1925 ਵਿਚ, ਅਜਿਹੀ ਨਸ਼ਾਬੰਦੀ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ ਅਤੇ ਇੱਕ ਸਿੱਖ ਜੋ ਸ਼ਰਾਬ ਦਾ ਸੇਵਨ ਕਰਦਾ ਹੈ, ਨੂੰ ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ ਵੋਟ ਪਾਉਣ ਦੀ ਵੀ ਮਨਾਹੀ ਹੈ। ਦਿੱਲੀ ਸਿੱਖ ਗੁਰੂਦੁਆਰਾ ਐਕਟ, 1971 ਵਿਚ ਵੀ ਅਜਿਹਾ ਕਾਨੂੰਨ ਹੈ।

ਇਸ ਤਰ੍ਹਾਂ ਇਹ ਸਾਫ ਹੈ ਕਿ ਸਿੱਖ ਧਰਮ ਹਰ ਉਸ ਨਸ਼ੇ ਦੇ ਸੇਵਨ ਨੂੰ ਸਖ਼ਤੀ ਨਾਲ ਮਨਾ ਕਰਦਾ ਹੈ ਜਿਸ ਲਈ ਸਿੱਖੀ ਆਦਰਸ਼ ਜ਼ਾਬਤਾ ਸਜ਼ਾ ਦਿੰਦਾ ਹੈ, ਜੱਦਕਿ ਸਿੱਖ ਗੁਰੂਦੁਆਰਾ ਐਕਟ ਅਜਿਹੇ ਸਿੱਖ ਦੇ ਵੋਟ ਪਾਉਣ 'ਤੇ ਵੀ ਪਾਬੰਦੀ ਲਗਾਉਂਦੇ ਹਨ। ਹਰ ਸਿੱਖ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਉਹ ਅਜਿਹੇ ਕਿਸੇ ਨਸ਼ੇ ਦਾ ਸੇਵਨ ਕਰਦਾ ਹੈ ਤਾਂ ਉਹ ਸਿਰਫ ਆਪਣੇ ਆਪ ਨੂੰ ਹੀ ਬਦਨਾਮ ਨਹੀਂ ਕਰਦਾ ਬਲਕਿ ਸਿੱਖ ਧਰਮ ਦੀ ਬਦਨਾਮੀ ਵੀ ਕਰਦਾ ਹੈ।

ਕੋਈ ਸ਼ੱਕ ਨਹੀਂ ਕਿ ਇਹ ਸਿੱਖ ਧਰਮ ਦੀ ਅਸਲ ਜਰੂਰਤਾਂ ਦੇ ਪ੍ਰਚਾਰ ਅਤੇ ਸਿੱਖਾਂ ਵਿਚ ਇਸ ਨਸ਼ਾਬੰਦੀ ਦੇ ਗਿਆਨ ਦੀ ਕਮੀ ਨੂੰ ਵੀ ਦਰਸ਼ਾਉਂਦਾ ਹੈ, ਜਿਸ ਲਈ ਸਿੱਖ ਸੰਸਥਾਵਾਂ ਅਤੇ ਸਿੱਖ ਨੇਤਾ ਇਹ ਪ੍ਰਚਾਰ ਕਰਨ ਅਤੇ ਗਿਆਨ ਵੰਡਣ ਲਈ ਵਚਨਬੱਧ ਹਨ, ਆਪਣੀ ਜਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਪਰ ਆਪਣੇ ਧਰਮ ਦੇ ਕਥਨਾਂ ਦਾ ਵਿਰੋਧ ਕਰਨ ਲਈ, ਦੋਸ਼ੀ ਅਖੀਰ ਵਿਚ ਆਪ ਹੀ ਜਿੰਮੇਵਾਰ ਹੈ, ਜਿਸ ਦੀ ਪਾਲਨਾ ਕਰਨਾ ਉਸਦਾ ਫ਼ਰਜ਼ ਹੈ। ਹਰ ਕਿਸੇ ਨੂੰ ਆਪਣੀ ਮਰਜੀ ਦੇ ਧਰਮ ਦਾ ਪਾਲਨ ਕਰਨ ਦਾ ਅਧਿਕਾਰ ਹੈ, ਪਰ ਜੇ ਇੱਕ ਵਾਰ ਉਸਨੇ ਕਿਸੇ ਇੱਕ ਧਰਮ ਦਾ ਪਾਲਨ ਕਰਨ ਦਾ ਫੈਸਲਾ ਕਰ ਲਿਆ, ਤਾਂ ਉਸਨੂੰ ਉਸ ਧਰਮ ਦੇ ਕਥਨਾਂ ਦਾ ਪਾਲਨ ਕਰਨਾ ਪਵੇਗਾ।

ਇਸ ਤੱਥ ਨੂੰ ਕੋਈ ਨਹੀਂ ਝੁਠਲਾ ਸਕਦਾ ਕਿ ਨਸ਼ੇ ਸਿਹਤ ਲਈ ਅਸਲ ਵਿਚ ਹਾਨੀਕਾਰਕ ਹਨ, ਇਹ ਅਧਿਆਤਮਕ ਰੋਕ ਲਾਉਣ ਦੇ ਨਾਲ

ਨਾਲ ਕਈ ਜੁਰਮਾਂ ਦੀ ਅਗਵਾਈ ਕਰਦੇ ਹਨ। ਇਨ੍ਹਾ ਹੀ ਕਹਿਣਾ ਹੈ ਕਿ ਕਿਸੇ ਵੀ ਸਿੱਖ ਨੂੰ ਸ਼ਰਾਬ ਅਤੇ ਕਿਸੇ ਵੀ ਹੋਰ ਨਸ਼ੇ ਦਾ ਸੇਵਨ ਨਹੀਂ ਕਰਨਾ ਚਾਹੀਦਾ ਤਾਂ ਜੋ ਉਹ ਆਪਣੇ ਧਰਮ ਦੇ ਕਥਨਾਂ ਅਤੇ ਆਪਣੀ ਸਿਹਤ ਦੇ ਆਦਰਸ਼ਾਂ ਅਤੇ ਹੋਰ ਨੈਤਿਕ ਸਿੱਖਿਆਵਾਂ ਦੀ ਉਲੰਘਣਾ ਨਾ ਕਰੇ।

## ਅਧਿਆਇ 4-10

### ਸਿੱਖ ਧਰਮ ਵਿਚ ਸਹਿਜਧਾਰੀ ਸਿੱਖਾਂ ਦੀ ਕੋਈ ਧਾਰਨਾ ਨਹੀਂ-ਜਾਂ ਤਾਂ ਇੱਕ ਸਿੱਖ ਹੈ ਜਾਂ ਨਹੀਂ

ਸਿੱਖ ਧਰਮ ਵਿਚ ਸਹਿਜਧਾਰੀ ਸਿੱਖਾਂ ਦੀ ਕੋਈ ਧਾਰਨਾ ਨਹੀਂ ਹੈ। ਜਾਂ ਤਾਂ ਇੱਕ ਸਿੱਖ ਹੈ ਜਾਂ ਨਹੀਂ। ਵਿਚਕਾਰ ਕੁਝ ਵੀ ਨਹੀਂ ਹੈ। ਸਿੱਖ ਸੂਤਰਪਾਤ ਅਤੇ ਆਦਰਸ਼ ਜ਼ਾਬਤਾ ਸਾਰੇ ਸਿੱਖਾਂ ਲਈ ਲਾਜ਼ਮੀ ਹੈ। ਸਹਿਜਧਾਰੀ ਸਿੱਖ ਕਹੇ ਜਾਣ ਵਾਲੇ ਆਪਣੇ ਬਾਲ ਵੀ ਕਟਵਾਉਂਦੇ ਹਨ, ਸਿੱਖੀ ਸੂਤਰਪਾਤ ਨੂੰ ਛਕਣ ਅਤੇ ਸਿੱਖੀ ਆਦਰਸ਼ ਜ਼ਾਬਤਾ ਦੇ ਪਾਲਨ ਬਾਰੇ ਕੀ ਕਹੀਏ। ਹਾਲ ਵਿਚ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਫੈਸਲਾ ਲਿਆ ਗਿਆ ਹੈ ਕਿ ਬਿਨਾਂ ਕੱਟੇ ਬਾਲ ਰੱਖਣਾ ਸਿੱਖ ਧਰਮ ਦਾ ਮੂਲ ਸਿਧਾਂਤ ਹੈ ਅਤੇ ਕਿ ਕੋਈ ਵੀ ਸਹਿਜਧਾਰੀ ਸਿੱਖ ਐਸ.ਜੀ.ਪੀ.ਸੀ ਚੋਣਾਂ ਵਿਚ ਵੋਟ ਨਹੀਂ ਪਾ ਸਕਦਾ। 1938 ਵਿਚ ਐਸ.ਜੀ.ਪੀ.ਸੀ. ਦੇ ਇੱਕ ਪਾਸ ਕੀਤੇ ਸੰਕਲਪ ਵਿਚ ਕਿਹਾ ਗਿਆ ਹੈ ਕਿ ਇੱਕ ਸਹਿਜਧਾਰੀ ਸਿੱਖ ਸ਼ਰੀਰ ਦੇ ਕਿਸੇ ਵੀ ਹਿੱਸੇ ਦੇ ਬਾਲ ਕਟਵਾ ਜਾਂ ਛੋਟੇ ਨਹੀਂ ਕਰਵਾ ਸਕਦਾ। ਅਸਲ ਵਿਚ, ਜਿਵੇਂ ਹੀ ਇੱਕ ਗ਼ੈਰ ਸਿੱਖ ਹੌਲੀ-ਹੌਲੀ ਸਿੱਖ ਧਰਮ ਨੂੰ ਅਪਨਾਉਣ ਲਈ ਸਹਿਜਧਾਰੀ ਸਿੱਖ ਬਣਨ ਦਾ ਫੈਸਲਾ ਕਰਦਾ ਹੈ, ਉਹ ਬਾਲ ਕੱਟਣ ਬਾਰੇ ਸੋਚ ਵੀ ਨਹੀਂ ਸਕਦਾ, ਜੋ ਇੱਕ ਸਿੱਖ ਅਤੇ ਉਸਦੀ ਪਛਾਣ ਦੀ ਮੂਲ ਲੋੜ ਹੈ ਜਿਵੇਂ ਕਿ ਨਹੀਂ ਤਾਂ ਸਿੱਖ ਬਣਨ ਦਾ ਉਸਦਾ ਅਰਮਾਨ ਸੁੱਚਾ ਨਹੀਂ ਹੈ।

ਉਸਨੂੰ ਆਪਣੇ ਬਾਲ ਜਿਓਂ ਦੇ ਤਿਓਂ ਰੱਖਣੇ ਪੈਣਗੇ ਅਤੇ ਫਿਰ ਸਿੱਖੀ ਸੂਤਰਪਾਤ-ਅਮ੍ਰਿਤ ਖੰਡੇ-ਦਾ-ਪਾਹੁਲ ਨੂੰ ਛੱਕਣਾ ਪਵੇਗਾ ਅਤੇ ਉਸ ਸੰਬੰਧ ਵਿਚ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਨਾ ਪਵੇਗਾ ਜਿਵੇਂ ਕਿ ਦਸਵੀਂ ਸਿੱਖ ਪਾਤਸ਼ਾਹੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਰੱਬੀ ਮਾਰਗਦਰਸ਼ਨ ਹੇਠ ਸਿੱਖ ਬਣਨ ਅਤੇ ਉਸ ਵਜੋਂ ਕੰਮ ਕਰਨ ਲਈ ਹੁਕਮ ਕੀਤਾ ਗਿਆ ਸੀ। ਤੱਦ ਤੱਕ ਉਹ ਇੱਕ ਚਾਹਕ ਹੈ ਅਤੇ ਇੱਕ ਚਾਹਕ ਅਤੇ ਸਿੱਖ ਬਣਨ ਵਿਚ ਬਹੁਤ ਜ਼ਿਆਦਾ ਫ਼ਰਕ ਹੈ।

ਸਿੱਖਾਂ ਵਿਚ ਕੋਈ ਵਰਗ ਨਹੀਂ ਹਨ ਅਤੇ ਨਾਂ ਹੀ ਕੋਈ ਸਹਿਜਧਾਰੀ ਸਿੱਖਾਂ ਦੇ ਵਰਗ ਦੇ ਵਿਚਕਾਰ ਹੈ। ਜਾਂ ਤਾਂ ਇੱਕ ਸਿੱਖ ਹੈ ਜਾਂ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਇੱਕਰੂਪਤਾ ਦੇ ਲਈ ਅਮ੍ਰਿਤ ਖੰਡੇ ਦਾ ਪਾਹੁਲ ਦੇ ਸਿੱਖੀ ਸੂਤਰਪਾਤ ਨੂੰ ਨਿਰਧਾਰਿਤ ਕੀਤਾ ਸੀ ਜੋ ਕਿ ਹਰ ਸਿੱਖ ਲਈ ਲਾਜ਼ਮੀ ਹੈ ਅਤੇ ਇਹ ਹੁਕਮ ਕੀਤਾ ਸੀ ਕਿ ਸਿੱਖਾਂ, ਸਿੱਖੀ ਆਦਰਸ਼ ਜ਼ਾਬਤਾ ਅਤੇ ਇਸਦੇ ਅਨੁਸ਼ਾਸਨ ਵਿਚ ਵਰਗ ਨਾ ਪੈਦਾ ਕੀਤੇ ਜਾਣ ਤਾਂ ਕਿ ਇਸਦੀ ਵੱਖਰੀ ਪਛਾਣ ਨੂੰ ਕਾਇਮ ਰੱਖਦੇ ਹੋਏ ਸਿੱਖੀ ਢੰਗ ਵਿਚ ਸੱਚੀ ਜ਼ਿੰਦਗੀ ਬਤੀਤ ਕੀਤੀ ਜਾ ਸਕੇ। ਜ਼ਿੰਦਗੀ ਦੇ ਹਰ ਦੌਰ ਵਿਚ ਅਨੁਸ਼ਾਸਨ ਅਤੇ ਆਦਰਸ਼ ਜ਼ਾਬਤਾ ਮਹਾਨ ਮਹੱਤਤਾ ਦੇ ਹਨ ਅਤੇ ਇਸ ਧਰਮ ਵਿਚ ਜ਼ਰੂਰੀ ਹਨ ਜਿਨ੍ਹਾਂ ਵਿਚ ਫ੍ਰੀਲਾਂਸਰ ਨਹੀਂ ਹੋ ਸਕਦੇ ਅਤੇ ਇਸ ਲਈ ਹਰ ਧਰਮ ਦੇ ਅਨੁਸ਼ਾਸਨ ਅਤੇ ਆਦਰਸ਼ ਜ਼ਾਬਤਾ ਆਪਣੇ-ਆਪਣੇ ਹਨ।

ਜੋ ਨਿਰਦੇਸ਼ਿਤ ਸਿੱਖੀ ਸੂਤਰਪਾਤ ਅਤੇ ਸਿੱਖੀ ਆਦਰਸ਼ ਜ਼ਾਬਤਾ ਦੀ ਉਲੰਘਣਾ ਕਰਦੇ ਹਨ ਉਨ੍ਹਾਂ ਨੂੰ ਪਤਿੱਤ ਕਿਹਾ ਜਾਂਦਾ ਹੈ-ਅਤੇ ਉਹ ਦੁਬਾਰਾ ਅਮ੍ਰਿਤ ਛੱਕ ਕੇ ਅਤੇ ਸਿੱਖੀ ਆਦਰਸ਼ ਜ਼ਾਬਤਾ ਦੀ ਪਾਲਨਾ ਕਰਕੇ ਸਿੱਖ ਪੰਥ ਦੀ ਮੁੱਖ ਧਾਰਾ ਵਿਚ ਆ ਸਕਦੇ ਹਨ। ਸਹਿਜਧਾਰੀ ਸਿੱਖ ਕਹਾਏ ਜਾਣ ਵਾਲੇ ਸਿੱਖੀ ਸੂਪਤਰਪਾਤ ਨੂੰ ਨਹੀਂ ਛੱਕਦੇ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਨਹੀਂ ਕਰਦੇ, ਜੋ ਕਿ ਸਿੱਖ ਧਰਮ ਦਾ ਹਿੱਸਾ ਹਨ ਅਤੇ ਬਲਕਿ ਉਹ ਆਪਣੇ ਬਾਲ ਕਟਵਾਉਂਦੇ ਹਨ। ਉਹ ਇਸ ਤਰ੍ਹਾਂ ਸਪਸ਼ਟ ਰੂਪ ਵਿਚ ਸਿੱਖ ਹੋਣ ਦੀ ਮੁਢਲੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ। ਜੇ ਕੋਈ ਮਨੁੱਖ ਸਿੱਖ ਧਰਮ ਵਿਚ ਵਿਸ਼ਵਾਸ ਕਰਦਾ ਹੈ ਤਾਂ ਉਸਨੂੰ ਸਿੱਖ ਬਣਨ ਲਈ ਅਤੇ ਸਿੱਖ ਵਜੋਂ ਕੰਮ ਕਰਨ ਲਈ ਆਪਣੇ ਬਾਲ ਜਿਓਂ ਦੇ ਤਿਓਂ ਰੱਖਣ ਅਤੇ ਸਿਰ ਉੱਤੇ ਪੱਗ ਬੰਨਣ, ਸਿੱਖ ਸੂਤਰਪਾਤ ਛੱਕਣ ਅਤੇ ਸਿੱਖੀ ਆਦਰਸ਼ ਜ਼ਾਬਤਾ ਵਿਚ ਰਹਿਣ ਲਈ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਹੈ।

1959 ਵਿਚ ਇੱਕ ਸੰਸ਼ੋਧਨ ਨਾਲ ਸਿੱਖ ਗੁਰੂਦੁਆਰਾ ਐਕਟ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟਰ ਬਣਾ ਕੇ ਗੜਬੜੀ ਪੈਦਾ ਕੀਤੀ ਗਈ ਸੀ। ਉਨ੍ਹਾਂ ਨੂੰ ਪੰਜਾਬ ਸਿੱਖ ਗੁਰੂਦੁਆਰਾ ਐਕਟ, 1925 ਵਿਚ ਐਸ.ਜੀ.ਪੀ.ਸੀ ਦੀ ਚੋਣਾਂ ਲਈ ਕੋਈ ਮਾਨਤਾ ਨਹੀਂ ਦਿੱਤੀ ਗਈ ਸੀ ਜਾਂ ਵੋਟਰ ਨਹੀਂ ਬਣਾਇਆ ਗਿਆ ਸੀ। ਇਸ ਐਕਟ ਦੇ ਕਾਨੂੰਨ ਵਿਚ ਸਿੱਖ ਵੀ, ਜਿਨ੍ਹਾਂ ਨੇ ਆਪਣੇ ਬਾਲ ਜਿਓਂ ਦੇ ਤਿਓਂ ਨਹੀਂ ਰੱਖੇ, ਨੂੰ ਪਤਿੱਤ ਐਲਾਨਿਆ ਗਿਆ ਸੀ ਅਤੇ ਉਨ੍ਹਾਂ ਦੇ ਵੋਟਰ ਬਣਨ 'ਤੇ ਪਾਬੰਦੀ ਲਾ ਦਿੱਤੀ ਗਈ ਸੀ। 1959 ਵਿਚ ਐਸ.ਜੀ.ਪੀ.ਸੀ ਤੋਂ ਅਕਾਲੀ ਦਲ, ਜਿਸਨੂੰ ਸਿੱਖਾਂ ਦਾ ਪੂਰਣ ਸਮੱਰਥਣ ਸੀ ਅਤੇ ਜੋ ਭਾਸ਼ਾਈ ਆਧਾਰ 'ਤੇ ਪੰਜਾਬ ਦੇ ਪੂਨਰਗਠਨ 'ਤੇ ਸਰਕਾਰ ਨਾਲ ਟਕਰਾਅ ਵਿਚ ਸੀ, ਨੂੰ ਬੇਦਖ਼ਲ ਕਰਣ ਲਈ ਗ਼ੈਰ ਸਿੱਖਾਂ ਨੂੰ ਸਹਿਜਧਾਰੀ ਸਿੱਖਾਂ ਦੇ ਮਨੋਂ ਘੜੇ ਨਾਂ ਅਧੀਨ ਵੋਟਰ ਬਨਾਉਣ ਲਈ ਐਕਟ ਵਿਚ ਇੱਕ ਸੰਸ਼ੋਧਨ ਬਣਾਇਆ ਗਿਆ ਸੀ। ਐਸ.ਜੀ.ਪੀ.ਸੀ ਦਾ ਪ੍ਰਧਾਨ, ਜੋ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਦਾ ਉਮੀਦਵਾਰ ਸੀ, ਨੂੰ ਅਸਲ ਵਿਚ 1959 ਵਿਚ ਕਾਂਗਰਸ ਸਰਕਾਰ ਦੇ ਸਮੱਰਥਣ ਨਾਲ ਅਵਿਸ਼ਵਾਸ ਪ੍ਰਸਤਾਵ ਦੇ ਅਧੀਨ ਹਟਾ ਦਿੱਤਾ ਗਿਆ ਸੀ। ਮਾਸਟਰ ਨੇ ਬਰਤ ਕਰਕੇ ਮਰਣ ਦੀ ਧਮਕੀ ਦਿੱਤੀ, ਕਿਉਂਕਿ ਸਰਕਾਰ ਸਿੱਖਾਂ ਦੇ ਧਾਰਮਕ ਮਸਲਿਆਂ ਵਿਚ ਦਖ਼ਲਬਾਜ਼ੀ ਕਰ ਰਹੀ ਸੀ।

ਭਾਰਤ ਦੇ ਪ੍ਰਧਾਨ ਮੰਤਰੀ, ਜਵਾਹਰ ਲਾਲ ਨੇਹਰੂ ਨੇ ਅਕਾਲੀ ਨੇਤਾ, ਮਾਸਟਰ ਤਾਰਾ ਸਿੰਘ ਨੂੰ ਗੱਲਬਾਤ ਲਈ ਸੱਦਾ ਦਿੱਤਾ ਕਿ ਸਿੱਖਾਂ ਦੇ

ਧਾਰਮਕ ਮਸਲਿਆਂ ਵਿਚ ਦਖ਼ਲਬਾਜ਼ੀ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਸੀ। ਉਨ੍ਹਾਂ ਦੀ ਬੈਠਕ ਵਿਚੋਂ ਇੱਕ ਸਮਝੌਤਾ, "ਨੇਹਰੂ-ਤਾਰਾ ਸਿੰਘ ਸਮਝੌਤਾ", ਉਭਰ ਕੇ ਸਾਹਮਣੇ ਆਇਆ, ਜਿਸ ਦੇ ਅਧੀਨ ਸਰਕਾਰ ਨੂੰ ਸਿੱਖ ਧਾਰਮਕ ਮਸਲਿਆਂ ਵਿਚ ਦਖ਼ਲਬਾਜੀ ਨਹੀਂ ਕਰਨੀ ਸੀ ਅਤੇ ਐਸ.ਜੀ.ਪੀ.ਸੀ ਦੀ ਸਹਿਮਤੀ ਤੋਂ ਬਿਨਾਂ ਸਿੱਖ ਗੁਰੁਦੁਆਰਾ ਐਕਟ ਦਾ ਕੋਈ ਸੰਸ਼ੋਧਨ ਨਹੀਂ ਬਣਾਇਆ ਜਾਣਾ ਸੀ।

ਅਗਲੇ ਸਾਲ 1960 ਵਿਚ ਐਸ.ਜੀ.ਪੀ.ਸੀ ਦੀ ਹੋਈਆਂ ਆਮ ਚੋਣਾਂ ਵਿਚ ਅਕਾਲੀ ਦਲ ਨੇ 140 ਚੋਂ 136 ਸੀਟਾਂ ਉੱਤੇ ਜਿੱਤ ਪ੍ਰਾਪਤ ਕੀਤੀ, ਜੱਦਕਿ ਕਾਂਗਰਸ ਸਮੱਰਥਕ ਬੋਰਡ ਸਿਰਫ 4 ਸੀਟਾਂ ਹੀ ਜਿੱਤ ਸਕਿਆ। ਉਦੋਂ ਤੋਂ ਹੁਣ ਤੱਕ ਅਕਾਲੀ ਦਲ ਨੇ ਐਸ.ਜੀ.ਪੀ.ਸੀ ਚੋਣਾਂ ਜਿੱਤਿਆਂ ਹਨ ਅਤੇ ਇਸ 'ਤੇ ਆਪਣਾ ਨਿਯੰਤਰਣ ਬਣਾਏ ਰੱਖਿਆ ਹੈ। ਸੰਸ਼ੋਧਤ ਕਾਨੂੰਨ ਦਾ ਸ਼ੋਸ਼ਣ ਨਹੀਂ ਕੀਤਾ ਗਿਆ ਸੀ ਅਤੇ ਨਾ ਹੀ ਇਸ ਤਰ੍ਹਾਂ ਕੀਤਾ ਜਾ ਸਕਦਾ ਸੀ। 1959 ਦੇ ਸੰਸ਼ੋਧਨ ਨੂੰ ਰੱਦ ਕਰਨ ਲਈ ਐਸ.ਜੀ.ਪੀ.ਸੀ ਨੇ ਕਈ ਬਾਰ ਮਤੇ ਪਾਸ ਕੀਤੇ ਪਰ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਿਆ ਸੀ। ਇਸਨੇ ਇਹ ਪ੍ਰਸਤਾਵ ਵੀ ਪਾਸ ਕੀਤਾ ਕਿ ਸਹਿਜਧਾਰੀ ਸਿੱਖ ਹੁਣ ਨਹੀਂ ਹਨ।

2004 ਦੀਆਂ ਐਸ.ਜੀ.ਪੀ.ਸੀ ਦੀਆਂ ਚੋਣਾਂ ਤੋਂ ਠੀਕ ਪਹਿਲਾਂ, 2003 ਵਿਚ, ਭਾਰਤ ਸਰਕਾਰ ਵਲੋਂ ਇਹ ਸੰਸ਼ੋਧਨ ਰੱਦ ਕਰ ਦਿੱਤਾ ਗਿਆ ਸੀ ਅਤੇ ਸਹਿਜਧਾਰੀ ਸਿੱਖਾਂ ਨੂੰ ਐਸ.ਜੀ.ਪੀ.ਸੀ ਦੀਆਂ ਚੋਣਾਂ ਲਈ ਵੋਟਰ ਹੋਣ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਸੀ।

ਦਿੱਲੀ ਸਿੱਖ ਗੁਰੁਦੁਆਰਾ ਐਕਟ ਵਿਚ ਕਿਸੇ ਵੀ ਸਹਿਜਧਾਰੀ ਸਿੱਖ ਨੂੰ ਗੁਰੁਦੁਆਰਿਆਂ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਬਣਨ ਦੀ ਮਾਨਤਾ ਪ੍ਰਾਪਤ ਨਹੀਂ ਹੈ ਅਤੇ ਨਾ ਹੀ ਕਿਸੇ ਪਤਿੱਤ ਸਿੱਖ ਨੂੰ ਜਿਸਨੇ ਆਪਣੇ ਬਾਲ ਕਟਵਾਏ ਹੋਏ ਹਨ। ਇਸ ਤਰ੍ਹਾਂ ਸਹਿਜਧਾਰੀ ਸਿੱਖਾਂ ਅਤੇ ਪਤਿੱਤ ਸਿੱਖਾਂ ਨੂੰ ਕਿਤੇ ਵੀ ਸਿੱਖਾਂ ਵਜੋਂ ਮਾਨਤਾ ਪ੍ਰਾਪਤ ਨਹੀਂ ਹੈ।

ਹੁਣ ਕੋਈ ਵੀ ਸਹਿਜਧਾਰੀ ਸਿੱਖ ਕਿਸੇ ਵੀ ਕਾਨੂੰਨੀ ਗੁਰੁਦੁਆਰਾ ਪ੍ਰਬੰਧਕ ਚੋਣਾਂ ਲਈ ਵੋਟਰ ਨਹੀਂ ਬਣ ਸਕਦਾ। ਸਿੱਖ ਧਰਮ ਵਿਚ ਸਹਿਜਧਾਰੀ ਸਿੱਖਾਂ ਦੀ ਕੋਈ ਮਾਨਤਾ ਨਹੀਂ ਹੈ। ਜੇ ਕੋਈ ਸਿੱਖ ਬਣਨ ਦੀ ਇੱਛਾ ਰੱਖਦਾ ਹੈ ਤਾਂ ਉਸਨੂੰ ਸਿੱਖ ਆਦਰਸ਼ ਜ਼ਾਬਤਾ ਦੇ ਅਧੀਨ ਸਿੱਖ ਬਣਨਾ ਪਵੇਗਾ। ਸਿੱਖ ਬਣਨ ਦੀ ਇੱਛਾ ਰੱਖਣਾ ਅਤੇ ਸਿੱਖ ਬਣਨ ਵਿਚ ਬਹੁਤ ਫ਼ਰਕ ਹੈ। ਹਰ ਧਰਮ ਵਿਚ ਜੋ ਮਨੁੱਖ ਉਸ ਧਰਮ ਦੇ ਆਦਰਸ਼ ਜ਼ਾਬਤਾ ਦਾ ਪਾਲਨ ਕਰਦੇ ਹਨ ਉਸ ਧਰਮ ਦੇ ਅਨੁਯਾਯੀ ਕਹਾਉਂਦੇ ਹਨ। ਕੋਈ ਵੀ ਸਹਿਜਧਾਰੀ ਈਸਾਈ, ਮੁਸਲਮਾਨ ਜਾਂ ਹਿੰਦੂ ਨਹੀਂ ਹੈ। ਸਿੱਖ ਧਰਮ ਲਈ ਇਹ ਅਪਵਾਦ ਕਿਓਂ, ਜੋ ਕਿ ਆਪਣੇ ਅਨੁਸ਼ਾਸਨ ਅਤੇ ਆਦਰਸ਼ ਜ਼ਾਬਤਾ ਲਈ ਹੋਰ ਵੀ ਜ਼ਿਆਦਾ ਸਖ਼ਤ ਹੈ।

ਜਿਵੇਂ ਕਿ ਇੱਕ ਪਤਿੱਤ ਸਿੱਖ ਦੀ ਪਰਿਭਾਸ਼ਾ ਅਤੇ ਅਹੁਦੇ ਲਈ, ਇਹ ਸਮਝ ਲੈਣਾ ਜ਼ਰੂਰੀ ਹੈ, ਸਾਰੀਆਂ ਮੂਲ ਯੋਗਤਾਵਾਂ ਤੋਂ ਪਹਿਲਾਂ, ਕਿ ਸਿੱਖ ਕੌਣ ਹੈ। ਗੁਰੂ ਗ੍ਰੰਥ ਸਾਹਿਬ ਦੇ ਰੁਹਾਨੀ ਕਥਨਾਂ ਨੂੰ ਸਮਝਣ ਅਤੇ ਉਨ੍ਹਾਂ ਉੱਤੇ ਕੰਮ ਕਰਨ ਤੋਂ ਇਲਾਵਾ, ਦਸਵੀਂ ਪਾਤਸ਼ਾਹੀ ਨੇ ਸਿੱਖਾਂ ਲਈ ਲਾਜ਼ਮੀ ਸਿੱਖੀ ਸੂਤਰਪਾਤ, ਸਿੱਖੀ ਚਿੰਨ੍ਹ ਅਤੇ ਸਿੱਖੀ ਆਦਰਸ਼ ਜ਼ਾਬਤਾ ਪ੍ਰਦਾਨ ਕੀਤੇ। ਇੱਕ ਸਿੱਖ, ਜੋ ਇਸਦਾ ਖੰਡਨ ਕਰਦਾ ਹੈ ਜਾਂ ਇਸਦੀ ਉਲੰਘਣਾ ਕਰਦਾ ਹੈ, ਇੱਕ ਪਤਿੱਤ ਸਿੱਖ ਹੈ। ਸਿੱਖ ਧਰਮ ਵਿਚ ਅਣਕਟੇ ਬਾਲ ਰੱਖਣ ਨੂੰ ਇਨਾਂ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ ਕਿ ਇਹ ਦਸਵੀਂ ਪਾਤਸ਼ਾਹੀ ਵਲੋਂ ਐਲਾਨੇ ਗਏ ਪੰਜ ਚਿੰਨ੍ਹਾਂ ਅਤੇ ਚਾਰ ਉਲੰਘਣਾਵਾਂ ਦੋਹਾਂ ਦੀ ਸੂਚੀ ਵਿਚ ਹੈ।

ਅਸਲ ਵਿਚ ਇਹ ਸਿੱਖ ਧਰਮ ਦੇ ਸੰਸਥਾਪਕ ਦੇ ਕਥਨਾਂ ਅਧੀਨ ਸ਼ੁਰੂ ਤੋਂ ਹੀ ਲਾਜ਼ਮੀ ਸੀ। ਇਸਨੂੰ ਕਾਨੂੰਨ ਵਿਚ, ਪੰਜਾਬ ਸਿੱਖ ਗੁਰੁਦੁਆਰਾ ਐਕਟ, 1925 ਵਿਚ ਮਾਨਤਾ ਦਿੱਤੀ ਗਈ ਸੀ, ਕਿ ਇੱਕ ਸਿੱਖ ਜੋ ਆਪਣੇ ਬਾਲ ਕਟਵਾਉਂਦਾ ਹੈ, ਪਤਿੱਤ ਹੈ, ਅਤੇ ਐਸ.ਜੀ.ਪੀ.ਸੀ ਦੀਆਂ ਚੋਣਾਂ ਲਈ ਵੋਟਰ ਨਹੀਂ ਹੋ ਸਕਦਾ। ਵੱਖਰੀ ਸਿੱਖ ਪਛਾਣ ਮੁੱਖ ਤੌਰ 'ਤੇ ਅਣਕਟੇ ਬਾਲ, ਦਾੜ੍ਹੀ ਅਤੇ ਇੱਕ ਸਿੱਖ ਦੇ ਸਿਰ ਉੱਤੇ ਪੱਗ ਤੋਂ ਹੁੰਦੀ ਹੈ ਜਿਸਨੂੰ ਧੁੰਧਲੀ ਅੱਖ ਨਾਲ ਵੀ ਪਛਾਣਿਆ ਜਾ ਸਕਦਾ ਹੈ। ਜੇ ਇੱਕ ਸਿੱਖ ਆਪਣੇ ਰੂਪ ਵਿਚ ਨਹੀਂ ਹੈ, ਕੋਈ ਵੀ ਜੋ ਉਸਨੂੰ ਨਹੀਂ ਜਾਣਦਾ ਹੈ, ਉਸਨੂੰ ਸਿੱਖ ਵਜੋਂ ਨਹੀਂ ਲਵੇਗਾ। ਇਹ ਸਮਝ ਤੋਂ ਬਾਹਰ ਹੈ ਕਿ, ਸਿੱਖ ਜੋ ਸਿੱਖ ਧਰਮ ਅਤੇ ਇਸਦੇ ਕਥਨਾਂ ਵਿਚ ਵਿਸ਼ਵਾਸ ਕਰਦੇ ਹਨ, ਇਸ ਰੂਪ ਵਿਚ ਬਣੇ ਰਹਿਣ ਲਈ ਕਿਓਂ ਝਿਜਕਦੇ ਹਨ ਅਤੇ ਬਲਕਿ ਕਿਓਂ ਬੇਕਾਰ ਦੇ ਤਰਕ ਸਾਹਮਣੇ ਰੱਖਦੇ ਹਨ ਕਿ ਅਜਿਹੇ ਰੂਪ ਦੀ ਲੋੜ ਨਹੀਂ ਹੈ?

## ਅਧਿਆਇ 4-11

### ਸਿੱਖ ਧਰਮ ਸੁਆਰਥੀ ਨਿਜੀ ਲਾਭ ਵਾਲੇ ਹਿੱਤਾਂ ਦੀ ਬਜਾਏ ਮਾਨਵਤਾ ਦੀ ਸੁਆਰਥਹੀਨ ਸੇਵਾ ਦਾ ਸਮੱਰਥਨ ਕਰਦਾ ਹੈ-

ਸਿੱਖ ਧਰਮ ਦੀਆਂ ਰੁਹਾਨੀ ਸਿੱਖਿਆਵਾਂ ਨਿਜੀ ਲਾਭ ਵਾਲੇ ਹਿੱਤਾਂ ਦਾ ਤਿਆਗ ਕਰਦੇ ਹੋਏ, ਮਾਨਵਤਾ ਦੀ ਸੁਆਰਥਹੀਨ ਸੇਵਾ ਦੀ ਅਗਵਾਈ ਕਰਨ ਦੀ ਸਮਾਜਕ ਜ਼ਿੰਮੇਦਾਰੀ 'ਤੇ ਜ਼ੋਰ ਦਿੰਦੀਆਂ ਹਨ ਜਿਵੇਂ ਕਿ ਮਾਨਵਤਾ ਦੇ ਭਾਈਚਾਰੇ ਦਾ ਕੁਦਰਤੀ ਨਤੀਜਾ ਸਮਾਜਕ ਜ਼ਿੰਮੇਦਾਰੀ ਹੈ। ਸਿੱਖ ਧਰਮ ਇਸ ਸੰਬੰਧ ਵਿਚ ਸਮਾਜ ਉੱਤੇ ਹਰ ਮਾਮਲੇ ਵਿਚ ਜ਼ਿੰਮੇਦਾਰੀ ਲਈ ਜ਼ੋਰ ਪਾਉਣ ਲਈ ਅਲੱਗ ਹੈ।

ਬਾਕੀ ਸਾਰੇ ਧਰਮ ਅਤੇ ਪ੍ਰਣਾਲੀਆਂ ਉਸ ਸਮੇਂ ਦੁਨੀਆ ਦੇ ਪੂਰਵੀ ਹਿੱਸੇ ਵਿਚ ਸਮਾਜ ਲਈ ਕਿਸੇ ਨੈਤਿਕ ਅਤੇ ਸਮਾਜਕ ਜ਼ਿੰਮੇਦਾਰੀ ਦਾ ਉਪਦੇਸ਼ ਨਾ ਦਿੰਦੇ ਹੋਏ ਵਿਅਕਤਿਗਤ ਮੋਕਸ਼, ਨਿਰਵਾਣ ਪ੍ਰਾਪਤ ਕਰਨ 'ਤੇ ਜ਼ੋਰ ਦੇ ਰਹੇ ਸੀ। ਬਲਕਿ ਆਤਮਕ ਪ੍ਰਗਤੀ ਵਿਚ ਰੁਕਾਵਟ ਪੈਦਾ ਕਰਦੇ ਹੋਏ, ਸਮਾਜ ਵਿਚ ਦੁਨਿਆਵੀ ਪਿੱਛ ਵਿਚ ਭਾਗੀਦਾਰੀ ਨੂੰ ਉਪਰਾਮਤਾ ਮੰਨਿਆ ਜਾਂਦਾ ਸੀ। ਸਮਾਜ ਨੂੰ ਆਪ ਹੀ ਭਰਮ ਅਤੇ

ਖੰਡਨ ਲਈ ਮੰਨਿਆ ਜੋ ਸਮਾਜ ਦੀ ਸੰਗਤ ਤੋਂ ਦੂਰ ਹੋਣ ਦੀ ਅਗੁਵਾਈ ਕਰਦਾ ਸੀ।

ਸਿੱਖ ਧਰਮ ਨੇ ਇਨ੍ਹਾਂ ਪਰੰਪਰਾ ਗਤ ਪ੍ਰਣਾਲੀਆਂ ਨੂੰ ਨਾਮੰਜ਼ੂਰ ਕੀਤਾ। ਇਸਨੇ ਪੂਰੀ ਤਰ੍ਹਾਂ ਇੱਕ ਅਲੱਗ ਸੋਚ ਨੂੰ ਅਪਨਾਇਆ ਕਿ ਸਮੁੱਚੀ ਮਾਨਵ ਜਾਤੀ ਇੱਕੋ ਸਿਰਜਣਹਾਰ ਦੀ ਸਿਰਜਨਾ ਅਤੇ ਇੱਕੋ ਭਾਈਚਾਰੇ ਦੀ ਹੁੰਦੇ ਹੋਏ ਇੱਕ ਨੂੰ ਦੂਜੇ ਦੀ ਮਦਦ ਕਰਨ ਦੀ ਲੋੜ ਹੈ। ਹਰ ਕਿਸੇ ਨੂੰ ਨਿਆਂ (ਰਾਜਨੀਤਿਕ, ਧਾਰਮਕ, ਸਮਾਜਕ ਅਤੇ ਆਰਥਕ) ਦੀ ਮੰਗ ਕਰਨੀ ਚਾਹੀਦੀ ਹੈ ਸਿਰਫ ਆਪਣੇ ਲਈ ਨਹੀਂ ਬਲਕਿ ਹੋਰ ਸਾਰਿਆਂ ਲਈ ਜੋ ਕਿ ਅਨਿਆਂ ਦੇ ਸ਼ਿਕਾਰ ਹਨ। ਇੱਕ ਮਨੁੱਖ, ਜਿਸ ਨੇ ਗ੍ਰਹਿਸਤ ਵਜੋਂ ਇੱਕ ਸਾਧਾਰਨ ਜ਼ਿੰਦਗੀ ਬਤੀਤ ਕਰਨੀ ਹੈ, ਨੂੰ ਉਸ ਸਮਾਜ ਲਈ ਸਨਮਾਨ ਅਤੇ ਸੇਵਾਭਾਵ ਦਿਖਾਉਣਾ ਪਵੇਗਾ ਜਿਸ ਵਿਚ ਉਸ ਨੇ ਰਹਿਣਾ ਹੈ ਅਤੇ ਆਪਣੀ ਪੂਰਣ ਯੋਗਤਾ ਦੇ ਮੁਤਾਬਕ ਉਨ੍ਹਾਂ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਉਸ ਸਮਾਜ ਦੀ ਮਦਦ ਕਰਨੀ ਪਵੇਗੀ ਜੋ ਸਮਾਜ ਝੇਲਦਾ ਹੈ। ਬਲਕਿ ਨੈਤਿਕ ਆਚਾਰ ਦੇ ਨਾਲ ਹੋਰ ਜ਼ਿਆਦਾ ਇਕਸੁਰ ਹੋ ਕੇ ਜ਼ਿੰਦਗੀ ਦੀ ਅਗੁਵਾਈ ਲਈ ਸੁਆਰਥੀ ਅਤੇ ਨਿਜੀ ਵਿਅਕਤੀਗਤ ਹਿੱਤਾਂ ਦੀ ਥਾਂ ਮਾਨਵਤਾ ਦੀ ਸੁਆਰਥਹੀਨ ਸੇਵਾ ਨੂੰ ਮੁੱਖ ਸ਼ਾਸਨ ਬਣਾਇਆ ਗਿਆ ਸੀ। ਸਿੱਖ ਧਰਮ ਵਿਚ ਮਾਨਵਤਾ ਦੀ ਸੁਆਰਥਹੀਨ ਸੇਵਾ ਨੂੰ ਇਨ੍ਹੀ ਮਹੱਤਤਾ ਦਿੱਤੀ ਗਈ ਸੀ ਕਿ ਇਹ ਇੱਕ ਨੂੰ ਰੱਬ ਨਾਲ ਜੋੜਨ ਦੀ ਅਗੁਵਾਈ ਕਰਦੀ ਸੀ।

"ਇੱਕ ਜੋ ਮਾਨਵ ਜਾਤੀ ਦੀ ਸੁਆਰਥਹੀਨ ਸੇਵਾ ਕਰਦਾ ਹੈ, ਰੱਬ ਨਾਲ ਜੁੜ ਜਾਂਦਾ ਹੈ।" ਗੁਰੂ ਗ੍ਰੰਥ 286.

"ਮਾਨਵ ਜਾਤੀ ਦੀ ਸੁਆਰਥਹੀਨ ਸੇਵਾ ਨਾਲ ਰੱਬ ਦੀ ਮਿਹਰ ਪ੍ਰਾਪਤ ਹੁੰਦੀ ਹੈ।" ਗੁਰੂ ਗ੍ਰੰਥ 26.

"ਜੋ ਕੋਈ ਵੀ ਰੱਬ ਅਤੇ ਮਾਨਵ ਜਾਤੀ ਦੀ ਸੇਵਾ ਕਰਦਾ ਹੈ ਮੁਕਤੀ ਪਾਉਂਦਾ ਹੈ, ਜੋ ਕੋਈ ਰੱਬ ਦਾ ਨਾਂ ਜਪਦਾ ਹੈ ਸੰਤੋਖ ਪਾਉਂਦਾ ਹੈ ਅਤੇ ਮਾਨਵ ਜਾਤੀ ਦੀ ਸੇਵਾ ਕਰਦਾ ਹੈ। ਉਹ ਜੋ ਆਪਣੀ ਕਮਾਈ ਚੋਂ ਜਰੂਰਤਮੰਦਾਂ ਦੀ ਮਦਦ ਕਰਦਾ ਹੈ ਅਸਲ ਗ੍ਰਹਿਸਤ ਹੈ।" ਗੁਰੂ ਗ੍ਰੰਥ 952.

"ਉਹ ਜੋ ਈਮਾਨਦਾਰੀ ਨਾਲ ਕਮਾਈ ਕਰਦਾ ਹੈ ਅਤੇ ਸਮਾਜ ਦੇ ਜਰੂਰਤਮੰਦ ਨੂੰ ਦਾਨ ਵਿਚ ਦਿੰਦਾ ਹੈ, ਇਕੱਲਾ ਜ਼ਿੰਦਗੀ ਦੀ ਸੱਚੀ ਰਾਹ ਨੂੰ ਜਾਣਦਾ ਹੈ।" ਗੁਰੂ ਗ੍ਰੰਥ 1245.

ਕੋਈ ਵੀ ਧਰਮ ਜਾਂ ਧਾਰਮਕ ਨੇਤਾ ਇਕਤੰਤ੍ਰੀ ਜ਼ੁਲਮੀ ਸ਼ਾਸਕਾਂ ਵਲੋਂ ਨਿਰਦੋਸ਼ ਜਨਤਾ 'ਤੇ ਕੀਤੇ ਜ਼ੁਲਮਾਂ, ਜ਼ਬਰਦਸਤੀ ਅਤੇ ਅਨਿਆਂ ਦੇ ਵਿਰੁੱਧ, ਧਰਮ ਦੇ ਨਾਂ 'ਤੇ ਨਿਰਦੋਸ਼ ਜਨਤਾ ਦੇ ਸ਼ੋਸ਼ਣ ਦੇ ਵਿਰੁੱਧ ਅਤੇ ਅਨੁਚਿਤ ਸਮਾਜਕ ਪ੍ਰਣਾਲੀਆਂ ਦੇ ਵਿਰੁੱਧ ਅਵਾਜ਼ ਚੁੱਕਣ ਲਈ ਸਾਹਮਣੇ ਨਹੀਂ ਆਇਆ, ਬਲਕਿ ਆਪਣੀ ਚਮੜੀ ਬਚਾਉਣ ਲਈ ਪਹਾੜਾਂ ਅਤੇ ਜੰਗਲਾਂ ਵੱਲ ਦੌੜ ਗਏ।

ਉਹ ਗੁਰੂ ਨਾਨਕ ਜੀ ਹੀ ਸਨ ਜਿਨ੍ਹਾਂ ਨੇ ਸਿੱਧ ਯੋਗੀਆਂ ਨੂੰ ਉਨ੍ਹਾਂ ਨਾਲ ਆਪਣੇ ਇਲਾਹੀ ਵਿਚਾਰ-ਵਟਾਂਦਰੇ ਵੇਲੇ ਬੁਲਾਇਆ ਕਿ ਉਨ੍ਹਾਂ ਨੂੰ ਦੁਖ ਝੇਲ ਰਹੀ ਮਾਨਵ ਜਾਤੀ ਦੀ ਸੇਵਾ ਲਈ ਵਾਪਸ ਜਾਣਾ ਚਾਹੀਦਾ ਹੈ ਅਤੇ ਇਲਾਹੀ ਗਿਆਨ ਵੰਡਣਾ ਚਾਹੀਦਾ ਹੈ ਜਿਸ ਬਾਰੇ ਉਹ ਸਰੇਆਮ ਇਹ ਦਾਵਾ ਕਰਦੇ ਹਨ ਕਿ ਅਲੌਕਿਕ ਸ਼ਕਤੀਆਂ ਦੇ ਹੁੰਦੇ ਉਨ੍ਹਾਂ ਉਹ ਗਿਆਨ ਪ੍ਰਾਪਤ ਕੀਤਾ ਹੋਇਆ ਹੈ।

ਉਹ ਗੁਰੂ ਨਾਨਕ ਜੀ ਹੀ ਸਨ ਜਿਨ੍ਹਾਂ ਮੁਗ਼ਲ ਘੁਸਪੈਠਿਏ, ਬਾਬਰ, ਦੀ ਨਿਰਦੋਸ਼ ਜਨਤਾ ਉੱਤੇ ਜ਼ੁਲਮ ਕਰਨ ਕਰਕੇ ਉਸਦੇ ਮੂੰਹ ਉੱਤੇ ਨਿੰਦਾ ਕੀਤੀ ਅਤੇ ਆਪਣੀ ਗਿਰਫਤਾਰੀ ਦਿੱਤੀ, ਹਾਲਾਂਕਿ ਉਨ੍ਹਾਂ ਨੂੰ ਹੋਰ ਨਿਰਦੋਸ਼ਾਂ ਦੇ ਨਾਲ ਆਜ਼ਾਦ ਕਰ ਦਿੱਤਾ ਗਿਆ ਸੀ ਜਦੋਂ ਬਾਬਰ ਨੂੰ ਉਨ੍ਹਾਂ ਦੀ ਰੱਬੀ ਸ਼ਖ਼ਸੀਅਤ ਦਾ ਪਤਾ ਲੱਗਾ।

ਉਹ ਗੁਰੂ ਨਾਨਕ ਜੀ ਹੀ ਸਨ ਜਿਨ੍ਹਾਂ ਨਿਰਦੋਸ਼ ਜਨਤਾ ਨੂੰ ਪਰੇਸ਼ਾਨ ਕਰ ਰਹੇ ਰਾਜਿਆਂ ਦੀ ਜ਼ੁਲਮੀ ਸ਼ੇਰਾਂ ਵਜੋਂ ਅਤੇ ਉਨ੍ਹਾਂ ਦੇ ਅਫਸਰਾਂ ਦੀ ਕੁਤਿਆਂ ਵਜੋਂ ਨਿੰਦਾ ਕੀਤੀ।

ਉਹ ਗੁਰੂ ਨਾਨਕ ਜੀ ਹੀ ਸਨ ਜਿਨ੍ਹਾਂ ਉਸ ਸਮੇਂ ਦੇ ਕਹਾਏ ਜਾਣ ਵਾਲੇ ਧਾਰਮਕ ਨੇਤਾਵਾਂ ਨੂੰ ਨਿਰਦੋਸ਼ ਜਨਤਾ ਦਾ ਧਰਮ ਦੇ ਨਾਂ ਤੇ ਸ਼ੋਸ਼ਣ ਕਰਨ ਲਈ ਬੇਨਕਾਬ ਕੀਤਾ, ਆਰੋਪ ਲਗਾਉਂਦੇ ਹੋਏ ਕਿ ਕਾਜ਼ੀ (ਮੁਸਲਮ ਪ੍ਰਚਾਰਕ) ਭ੍ਰਸ਼ਟ ਹਨ ਅਤੇ ਨਕਲੀ ਬ੍ਰਾਹਮਣ (ਹਿੰਦੂ ਪ੍ਰਚਾਰਕ) ਬੇਸਹਾਰਿਆਂ ਦਾ ਖ਼ੂਨ ਚੂਸਦੇ ਹਨ, ਯੋਗੀ ਰੱਬ ਦਾ ਮਾਰਗ ਨਹੀਂ ਜਾਣਦੇ, ਅਤੇ ਉਹ ਤਿੰਨੋਂ ਵੱਡੇ ਪੈਮਾਨੇ 'ਤੇ ਜਨਤਾ ਦੇ ਦੁਖਾਂ ਲਈ ਜ਼ਿੰਮੇਵਾਰ ਹਨ।

ਉਹ ਗੁਰੂ ਨਾਨਕ ਜੀ ਹੀ ਸਨ ਜਿਨ੍ਹਾਂ ਸੱਚ, ਰੱਬ ਦੇ ਨਾਂ ਅਤੇ ਪਵਿੱਤਰ ਕੰਮਾਂ ਦੇ ਆਪਣੇ ਇਲਾਹੀ ਸੰਦੇਸ਼ ਦੇ ਨਾਲ ਸਮਾਜ ਲਈ ਮਾਨਵਤਾ ਦਾ ਇਨ੍ਹਾਂ ਰੁਕਾਵਟਾਂ ਤੋਂ ਛੁਟਕਾਰਾ ਕਰਨ ਲਈ ਜ਼ਿੰਮੇਵਾਰੀ ਦਾ ਪ੍ਰਚਾਰ ਕੀਤਾ। ਉਨ੍ਹਾਂ ਦੇ ਉੱਤਰਾਧਿਕਾਰਿਆਂ, ਦੂਜੇ ਸਿੱਖ ਗੁਰੂਆਂ ਨੇ ਇਸ ਪੱਖ 'ਤੇ ਖਾਸ ਧਿਆਨ ਦਿੱਤਾ।

ਇਹ ਸਮਾਜਕ ਜ਼ਿੰਮੇਵਾਰੀ ਅਤੇ ਮਾਨਵਤਾ ਦੀ ਸੁਆਰਥਹੀਨ ਸੇਵਾ ਦੀ ਭਾਵਨਾ ਸੀ ਕਿ ਸੈਂਕੜਾਂ ਹਜ਼ਾਰਾਂ ਸਿੱਖਾਂ ਨੇ ਆਪਣੇ ਧਰਮਾਂ ਅਤੇ ਪ੍ਰਣਾਲੀਆਂ ਦਾ ਲਿਹਾਜ਼ ਕੀਤੇ ਬਿਨਾ ਦੂਜਿਆਂ ਨੂੰ ਬਚਾਉਣ ਅਤੇ ਉਨ੍ਹਾਂ ਦੀ ਸੇਵਾ ਲਈ ਆਪਣੀ ਜ਼ਿੰਦਗੀਆਂ ਕੁਰਬਾਨ ਕਰ ਦਿੱਤੀਆਂ। ਇਹ

ਇਤਿਹਾਸਕ ਤੱਥ ਹੈ ਕਿ ਸਿੱਖਾਂ ਨੇ ਪੰਜਾਬ ਵਿਚ ਹਰ ਬਾਰ ਆਪਣੀ ਜਾਨ ਦੀ ਕੀਮਤ ’ਤੇ ਹਜ਼ਾਰਾਂ ਹਿੰਦੂ ਬੰਦੀ ਔਰਤਾਂ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਕਾਫ਼ਿਲੇ ਤੋਂ ਅਜ਼ਾਦ ਕਰਵਾਇਆ ਜਦੋਂ ਉਹ ਜਬਰਦਸਤੀ ਉਨ੍ਹਾਂ ਨੂੰ ਅਗਵ੍ਹਾ ਕਰਕੇ ਦਿੱਲੀ ਤੋਂ ਬਿਨਾ ਕਿਸੇ ਹੋਰ ਦੀ ਰੋਕ ਟੋਕ ਦੇ ਆਪਣੇ ਦੇਸ਼ (ਅਫ਼ਗਾਨਿਸਤਾਨ) ਲੈ ਕੇ ਜਾ ਰਹੇ ਸਨ ਅਤੇ ਫਿਰ ਓਹ ਉਨ੍ਹਾਂ ਨੂੰ ਸਨਮਾਨ ਨਾਲ ਉਨ੍ਹਾਂ ਦੇ ਘਰ ਲੈ ਜਾਂਦੇ ਸਨ। ਦੁਖ ਝੇਲ ਰਹੀ ਜਨਤਾ ਲਈ ਕਿਸ ਹੱਦ ਤੱਕ ਸਮਾਜਕ ਜਿੰਮੇਵਾਰੀ ਅਤੇ ਮਾਨਵਤਾ ਦੀ ਸੁਆਰਥਹੀਨ ਸੇਵਾ ਉਨ੍ਹਾਂ ਵਿਚ ਉਨ੍ਹਾਂ ਦੇ ਧਰਮ ਵਲੋਂ ਭਰ ਦਿੱਤੀ ਗਈ ਸੀ ਜੋ ਕਿ ਪਿਛਲੀਆਂ ਪ੍ਰਣਾਲੀਆਂ ਵਿਚ ਪੂਰੀ ਤਰ੍ਹਾਂ ਗ਼ੈਰ-ਹਾਜ਼ਰ ਸੀ।

ਇਹੋ ਜਿਹਾ ਹੌਂਸਲਾ ਅੱਜ ਦੇ ਸਿੱਖਾਂ ਵਿਚ ਘੱਟ ਹੀ ਵੇਖਣ ਨੂੰ ਮਿਲਦਾ ਹੈ। ਦੂਜੇ ਪਾਸੇ ਕੁਝ ਸਿੱਖ ਅਤੇ ਸਿੱਖ ਨੇਤਾ ਸਿੱਖਾਂ ਅਤੇ ਸਿੱਖ ਧਰਮ ਲਈ ਗੰਭੀਰ ਨੁਕਸਾਨ ਪੈਦਾ ਕਰਦੇ ਹੋਏ ਖੁਲ੍ਹੇ ਖੁਲ੍ਹਮ ਸੁਆਰਥੀ ਨਿਜੀ ਹਿੱਤਾਂ ਦੇ ਦੋਸ਼ੀ ਹਨ। ਉਨ੍ਹਾਂ ਨੂੰ ਇਸ ਸੰਦਰਭ ਵਿਚ ਆਪਣੇ ਆਤਮ ਨਿਰੀਖਣ ਅਤੇ ਆਪਣੇ ਧਰਮ ਅਤੇ ਇਤਿਹਾਸ ਨੂੰ ਸਮਝਣ ਦੀ ਲੋੜ ਹੈ, ਜੋ ਯਕੀਨੀ ਹੀ ਲੋੜੀਂਦਾ ਸੁਧਾਰ ਲਿਆ ਸਕਦੇ ਹਨ, ਜੇਕਰ ਇੰਝ ਉਦੇਸ਼ ਦੀ ਈਮਾਨਦਾਰੀ ਨਾਲ ਕੀਤਾ ਜਾਵੇ।

ਸਿੱਖਾਂ ਨੂੰ ਸਹੀ ਵਿਚ ਇਹ ਸਮਝਣਾ ਪਵੇਗਾ ਕਿ ਦੁਨੀਆ ਦੇ ਧਰਮਾਂ ਅਤੇ ਇਤਿਹਾਸ ਦੇ ਵਿਦਵਾਨਾਂ ਵਲੋਂ ਉਨ੍ਹਾਂ ਦੇ ਧਰਮ ਦੀ ਬਹੁਤ ਜ਼ਿਆਦਾ ਪ੍ਰਸ਼ੰਸਾ ਕੀਤੀ ਗਈ ਹੈ ਅਤੇ ਉਹ ਜੇ ਇਸਦੀ ਉਮੀਦਾਂ ’ਤੇ ਖਰੇ ਨਹੀਂ ਉੱਤਰੇ ਤਾਂ ਉਹ ਇਸਦੇ ਮਹੱਤਵ ਨੂੰ ਘਟਾਉਣ ਦੇ ਜਿੰਮੇਵਾਰ ਹੋਣਗੇ। ਇਸਨੂੰ ਭਵਿੱਖ ਵਿਚ ਇਤਿਹਾਸ ਵਿਚ ਦਰਜ ਕਰਨ ਲਈ ਅਜਿਹੀ ਜਿੰਮੇਵਾਰੀ ਕਈ ਜ਼ਿਆਦਾ ਸਿੱਖ ਧਾਰਮਕ ਅਤੇ ਰਾਜਨੀਤਿਕ ਨੇਤਾਵਾਂ ਦੀ ਹੋਵੇਗੀ।

ਸਾਰੇ ਸਿੱਖ ਮਸਲਿਆਂ ਦੀਆਂ ਦਲੀਲਾਂ ਅਤੇ ਵਿਸ਼ਲੇਸ਼ਣ ਇੱਕ ਗੱਲ ਸਾਫ ਕਰ ਦਿੰਦੇ ਹਨ ਕਿ ਇਨ੍ਹਾਂ ਨੂੰ ਵਿਵਾਦਪੂਰਣ ਸਿੱਖਾਂ ਨੂੰ ਉਲਝਾਉਣ ਅਤੇ ਉਨ੍ਹਾਂ ਦੀ ਵੱਖਰੀ ਪਛਾਣ ਨੂੰ ਮਿਟਾਉਣ ਲਈ ਬਣਾਇਆ ਗਿਆ ਹੈ। ਸਿੱਖ ਅਤੇ ਸਿੱਖ ਨੇਤਾਵਾਂ ਨੂੰ ਬੇਲੋੜੇ ਵਿਵਾਦਾਂ ਤੋਂ ਉੱਪਰ ਉੱਠਦੇ ਹੋਏ, ਆਪਣੇ ਸਿੱਖ ਇਤਿਹਾਸਕ ਦ੍ਰਿਸ਼ਟੀਕੋਣ ਬਾਰੇ ਪੜਣ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਸਿੱਖ ਧਰਮ ਦੀ ਇਲਾਹੀ ਸਿੱਖਿਆਵਾਂ ਦਾ ਪਾਲਨ ਕਰਨ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਸਖ਼ਤੀ ਨਾਲ ਪਾਲਨ ਕਰਨ ਅਤੇ ਜੀਵਨ ਦੇ ਸਿੱਖੀ ਢੰਗ ਵਿਚ ਜਿੰਦਗੀ ਜਿਉਣ ਨੂੰ ਪੱਕਾ ਕਰਨਾ ਚਾਹੀਦਾ ਹੈ। ਜੇ ਕਿਸੇ ਵੀ ਮਸਲੇ ਨੂੰ ਲੈ ਕੇ ਕੋਈ ਸਹੀ ਵਿਵਾਦ ਹਨ, ਉਨ੍ਹਾਂ ਨੂੰ ਗੁਰ ਪੰਥ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਮਾਰਗ ਦਰਸ਼ਨ ਹੇਠ ਗੁਰਮੱਤ ਦੇ ਰਾਹੀਂ ਸਿੱਖ ਪਰੰਪਰਾਵਾਂ ਦੇ ਮੁਤਾਬਕ ਸਰਬਸੰਮਤੀ ਨਾਲ ਸੁਲਝਾਇਆ ਜਾਣਾ ਚਾਹੀਦਾ ਹੈ, ਜੋ ਕਿ ਦੁਨੀਆ ਭਰ ਦੇ ਸਿੱਖਾਂ ਲਈ ਸਵੀਕਾਰਯੋਗ ਹੋਵੇ।

## ਅਧਿਆਇ 4-12

### ਸਿੱਖ ਗੁਰੂਦੁਆਰਾ ਪ੍ਰਬੰਧਕਾਂ ਨੂੰ ਜੀਵਨ ਦੇ ਸਿੱਖੀ ਢੰਗ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਵਚਨਬੱਧ ਹੋਣਾ ਚਾਹੀਦਾ ਹੈ-

ਸਿੱਖ ਧਰਮ ਬਾਰੇ ਪੜ੍ਹਨ, ਉਸ ਮੁਤਾਬਕ ਕੰਮ ਕਰਨ ਅਤੇ ਉਸਦਾ ਪ੍ਰਚਾਰ ਕਰਨ ਲਈ ਸਭ ਤੋਂ ਪਹਿਲੀ ਸਿੱਖ ਧਾਰਮਕ ਸੰਸਥਾ ਸਿੱਖ ਗੁਰੂਦੁਆਰੇ ਹਨ। ਇਸ ਓਦੇਸ਼ ਲਈ ਰੋਜਾਨਾ ਗੁਰੂਦੁਆਰਿਆਂ ਵਿਚ ਨਿਯਮਿਤ ਰੂਪ ਨਾਲ ਪਵਿੱਤਰ ਸਿੱਖ ਦੀਵਾਨ ਸਜਾਏ ਜਾਂਦੇ ਹਨ। ਗੁਰੂਦੁਆਰਿਆਂ ਦੇ ਪ੍ਰਬੰਧ ਕਰਨ ਵਾਲਿਆਂ ਨੂੰ ਇਸ ਸੰਦਰਭ ਵਿਚ ਸਾਰਥਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਹੀ ਅਰਥਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਅਸਲ ਉਦੇਸ਼ ਦੀ ਪ੍ਰਾਪਤੀ ਲਈ ਇਸਨੂੰ ਪ੍ਰਭਾਵੀ ਬਣਾਇਆ ਜਾ ਸਕਦਾ ਹੈ ਜੇਕਰ ਪ੍ਰਬੰਧਕ ਕਮੇਟੀਆਂ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਢੰਗ ਵਿਚ ਜੀਵਨ ਬਤੀਤ ਕਰ ਰਹੇ ਸੱਚੇ ਸਿੱਖਾਂ ਨੂੰ ਲੈ ਕੇ ਬਣਾਈ ਜਾਵੇ।

ਪਹਿਲਾਂ ਇਤਿਹਾਸਕ ਸਿੱਖ ਗੁਰੂਦੁਅਰੇ ਹਨ, ਜਿਨ੍ਹਾਂ ਲਈ ਉੱਥੇ ਕਾਨੂੰਨੀ ਪ੍ਰਬੰਧਕ ਕਮੇਟੀਆਂ ਹਨ ਜਿਵੇਂ ਕਿ ਪੰਜਾਬ ਵਿਚ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਅਤੇ ਨਾਂਦੇੜ-ਮਹਾਰਾਸ਼ਟਰ ਵਿਚ ਹਜ਼ੂਰ ਸਾਹਿਬ ਵਿਖੇ ਤਖ਼ਤਾਂ ਦੀ ਪ੍ਰਬੰਧਕ ਕਮੇਟੀਆਂ ਅਤੇ ਬਿਹਾਰ ਵਿਚ ਪਟਨਾ ਸਾਹਿਬ ਦੀ। ਇਨ੍ਹਾਂ ਕਮੇਟੀਆਂ ਦਾ ਚੋਣ ਕਰ ਵਾਲੇ ਸਿੱਖ ਹੋਣੇ ਚਾਹੀਦੇ ਹਨ ਜੋ ਸਿੱਖ ਧਰਮ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਹੋਰ ਕਿਸੇ ਧਰਮ ਵਿਚ ਨਹੀਂ, ਜੋ ਸਿੱਖ ਸੰਸਕਾਰਾਂ ਅਤੇ ਰਿਵਾਜਾਂ ਦਾ ਪਾਲਨ ਕਰਦੇ ਹਨ ਅਤੇ ਆਪਣੇ ਬਾਲ ਨਹੀਂ ਕਟਦੇ ਅਤੇ ਨਾਂ ਹੀ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਕਰਦੇ ਹਨ ਜਿਵੇਂ ਕਿ ਸਿੱਖ ਧਰਮ ਵਿਚ ਵਰਜਤ ਹੈ। ਪਾਕਿਸਤਾਨ ਵਿਚ ਵੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਹੈ ਜਿਵੇਂ ਕਿ ਉੱਥੇ ਕਈ ਇਤਿਹਾਸਕ ਗੁਰੂਦੁਆਰੇ ਹਨ ਜੋ ਕਿ 1947 ਵਿਚ ਭਾਰਤ ਦੀ ਵੰਡ ਤੋਂ ਪਹਿਲਾਂ ਐਸ.ਜੀ.ਪੀ.ਸੀ ਦੇ ਅਧੀਨ ਸਨ।

ਦੁਨੀਆ ਭਰ ਵਿਚ ਹਜ਼ਾਰਾਂ ਸਿੱਖ ਗੁਰੂਦੁਆਰੇ ਹਨ ਜਿਵੇਂ ਕਿ ਹੁਣ ਸਿੱਖ ਸਾਰੀ ਦੁਨੀਆ ਵਿਚ ਵਸ ਗਏ ਹਨ ਅਤੇ ਉਨ੍ਹਾਂ ਨੇ ਆਪਣੀਆਂ ਸਥਾਨਕ ਪ੍ਰਬੰਧਕ ਕਮੇਟੀਆਂ ਦੇ ਅਧੀਨ ਆਪਣੇ ਰਿਹਾਇਸ਼ੀ ਇਲਾਕਿਆਂ ਵਿਚ ਸਿੱਖ ਗੁਰੂਦੁਆਰੇ ਸਥਾਪਤ ਕਰ ਲਏ ਹਨ। ਇਨ੍ਹਾਂ ਸਾਰੇ ਗੁਰੂਦੁਆਰਿਆਂ ਵਿਚ ਮੈਂਬਰ ਆਪਣੇ ਕਾਨੂੰਨ ਅਤੇ ਸੰਵਿਧਾਨ ਹੇਠ ਪ੍ਰਬੰਧਕ ਕਮੇਟੀਆਂ ਦੀ ਚੋਣ ਕਰਦੇ ਹਨ। ਅਸਲ ਵਿਚ ਸਾਰੇ, ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਮਾਰਗ ਦਰਸ਼ਨ ਅਧੀਨ ਰਵਾਇਤੀ ਅਤੇ ਸਮੂਹਕ ਸਿੱਖ ਫੈਸਲਾ ਹੋਣ ਕਰਕੇ ਉਸੇ ਸਿੱਖ ਰਿਹਤ ਮਰਯਾਦਾ ਦਾ ਅਨੁਸਰਣ ਕਰਦੇ ਹਨ।

ਸਿੱਖ ਧਰਮ ਰੱਬ ਦੇ ਪਿਤ੍ਰਭਾਵ, ਮਾਨਵਤਾ ਦੇ ਭਾਈਚਾਰੇ ਅਤੇ ਸੱਚ ਨਾਲ ਭਰਪੂਰ ਜ਼ਿੰਦਗੀ ਵਿਚ ਵਿਸ਼ਵਾਸ ਰੱਖਦਾ ਹੈ। ਰੱਬ ਦੀ ਧਾਰਨਾ, ਇੱਕ ਅਤੇ ਸਿਰਫ ਇੱਕ, ਸਾਰੀ ਸਿਰਜਨਾ ਦਾ ਸਿਰਜਣਹਾਰ, ਇਸਦਾ ਪਾਲਣਹਾਰ ਅਤੇ ਇਸਨੂੰ ਨਸ਼ਟ ਕਰਨ ਵਾਲਾ, ਬਿਨਾਂ ਕਿਸੇ ਅਵਤਾਰ ਦੇ, ਅਣਜੰਮਿਆ ਅਤੇ ਆਪ ਪ੍ਰਕਾਸ਼ਿਤ ਹੋਣ ਦੀ ਹੈ, ਜਿਸਦੀ ਰੌਸ਼ਨੀ ਸਾਰਿਆਂ ਵਿਚ ਚਮਕਦੀ ਹੈ। ਸਿਰਫ ਉਸਦੇ ਨਾਂ ਦਾ ਜਾਪ ਕਰਕੇ ਉਸਨੂੰ ਮਨ ਵਿਚ ਵਸਾਉਣ ਦੀ ਲੋੜ ਹੈ, ਜੋ ਹੰਕਾਰ ਨੂੰ ਜਲਾਉਂਦਾ ਹੈ, ਬੁਰਾਈਆਂ ਦਾ ਨਾਸ਼ ਕਰਦਾ ਹੈ, ਰੱਬ, ਸਰਬ ਸ਼ਕਤੀਮਾਨ ਦੀ ਮਰਜ਼ੀ ਦਾ ਪਾਲਨ ਕਰਦਿਆਂ, ਉਸ ਨਾਲ ਜੁੜ ਜਾਣ ਦੀ ਉਸਦੀ ਕਿਰਪਾ ਦਾ ਇੰਤਜ਼ਾਰ ਕਰਦਿਆਂ, ਚੰਗਿਆਈਆਂ ਭਰ ਕੇ ਸਿੱਖੀ ਢੰਗ ਵਿਚ ਸੱਚਾਈ ਨਾਲ ਭਰਪੂਰ ਜੀਵਨ ਜੀਉਣ ਦੀ ਅਗੁਵਾਈ ਕਰਦਾ ਹੈ। ਸੱਚ, ਰੱਬ ਦਾ ਨਾਂ ਅਤੇ ਪਵਿੱਤਰ ਕਾਰਜ ਮਨੁੱਖੀ ਦਿਮਾਗ਼ ਨੂੰ ਆਪਣੀ ਤੰਗਦਿਲ ਹੰਕਾਰੀ ਪ੍ਰਵ੍ਰਿਤੀਆਂ ਤੋਂ ਰੱਬੀ ਉੱਚ ਚੇਤਨਾ ਵਿਚ ਬਦਲਣ ਲਈ ਸਿੱਖ ਧਰਮ ਦਾ ਇਲਾਹੀ ਸੰਦੇਸ਼ ਹੈ ਜਿਸਨੂੰ ਜੀਵਨ ਦੇ ਪੂਰੇ ਦੌਰ ਦੇ ਸਮਾਜਕ-ਰਾਜਨੀਤਕ ਮਾਮਲਿਆਂ ਵਿਚ ਕਿਰਿਆਸ਼ੀਲ ਬਨਾਉਣ ਦੀ ਲੋੜ ਹੈ। ਸਿੱਖ ਧਰਮ ਦੀ ਇਲਾਹੀ ਸਿੱਖਿਆਵਾਂ ਤੋਂ ਇਲਾਹੀ ਗਿਆਨ ਪ੍ਰਾਪਤ ਕਰਨ ਦੀ ਲੋੜ ਹੈ ਪਰ ਇਹ ਮਸਲੇ ਦਾ ਅੰਤ ਨਹੀਂ ਹੈ ਕਿਉਂ ਜੋ ਇਨ੍ਹਾਂ ਉੱਤੇ ਜੀਵਨ ਦੇ ਅਸਲ ਸਿੱਖੀ ਢੰਗ ਵਿਚ ਕਿਰਿਆ ਕਰਨ ਦੀ ਲੋੜ ਹੈ। ਇਹ ਆਪਣੇ ਆਪ ਹੀ ਜੀਵਨ ਦੇ ਸਿੱਖੀ ਢੰਗ ਵਿਚ ਸੱਚਾਈ ਨਾਲ ਭਰਪੂਰ ਜ਼ਿੰਦਗੀ ਦੀ ਅਗੁਵਾਈ ਕਰਦਾ ਹੈ, ਜੋ ਅਸਲ ਵਿਚ ਰੱਬ ਦਾ ਢੰਗ ਹੈ।

ਪਰਮਾਤਮਾ ਦਾ ਪਿਤ੍ਰਭਾਵ ਆਪਣੇ ਆਪ ਮਾਨਵਤਾ ਦੇ ਭਾਈਚਾਰੇ ਦੀ ਅਗੁਵਾਈ ਕਰਦਾ ਹੈ ਜਿਵੇਂ ਕਿ ਉਹੀ ਸਾਰੀ ਸਿਰਜਨਾ ਦਾ ਸਿਰਜਣਹਾਰ ਹੈ, ਉਹੀ ਉਸਦੀ ਰੌਸ਼ਨੀ ਹੈ ਜੋ ਸਾਰਿਆਂ ਵਿਚ ਚਮਕਦੀ ਹੈ। ਸਿੱਖ ਧਰਮ ਦਾ ਇਲਾਹੀ ਸੰਦੇਸ਼ ਇਹ ਹੈ ਕਿ ਮਨੁੱਖ ਜਾਤ, ਕਿਸੇ ਵੀ ਆਧਾਰ 'ਤੇ ਵਿਭਿੰਨਤਾਵਾਂ ਜਾਂ ਭੇਦਭਾਵਾਂ ਤੋਂ ਬਿਨਾਂ, ਇੱਕ ਹੈ। ਧਰਮ, ਵਿਸ਼ਵਾਸ ਅਤੇ ਪ੍ਰਣਾਲੀਆਂ ਜਿਨ੍ਹਾਂ ਨੇ ਵੀ ਮਾਨਵਤਾ ਵਿਚਕਾਰ ਵੰਡ ਅਤੇ ਭੇਦਭਾਵ ਪੈਦਾ ਕੀਤੇ ਹਨ, ਸਿੱਖੀ ਧਰਮ ਵਿਚ ਪੂਰੀ ਤਰ੍ਹਾਂ ਨਾਮੰਜੂਰ ਕੀਤੇ ਗਏ ਹਨ ਅਤੇ ਮਾਨਵਤਾ ਵਿਚ ਸਮਾਨਤਾ ਲਿਆਉਣ ਲਈ ਪ੍ਰਭਾਵੀ ਕਦਮ ਚੁੱਕੇ ਗਏ ਸਨ। ਸਿੱਖ ਧਰਮ ਮਨੁੱਖ ਅਤੇ ਪਰਮਾਤਮਾ ਵਿਚਕਾਰ ਪਿਆਰ ਦੇ ਰੂਪ ਵਿਚ ਮਨੁੱਖ ਅਤੇ ਮਨੁੱਖ ਵਿਚਕਾਰ ਪਿਆਰ ਅਤੇ ਮਾਨਵਤਾ ਦੀ ਸੁਆਰਥਹੀਨ ਸੇਵਾ ਦੀ ਸਿੱਖਿਆ ਦਿੰਦਾ ਹੈ। ਵਿਸ਼ਵ ਦੇ ਧਰਮਾਂ ਅਤੇ ਇਤਿਹਾਸ ਦੇ ਪ੍ਰਸਿੱਧ ਵਿਦਵਾਨਾਂ ਨੇ ਇਸਦੀ ਪ੍ਰਸ਼ੰਸਾ ਕੀਤੀ ਹੈ। ਉੱਧਰਿਤ ਕਰਨ ਲਈ ਇਹ ਕਾਫੀ ਹੈ,

**ਮੈਕਸ ਆਰਥਰ ਮੈਕਾੱਲਿਫ, ਬ੍ਰਿਟਿਸ਼ ਦੇ ਪ੍ਰਸਿੱਧ ਵਿਧਵਾਨ ਅਤੇ ਸਿੱਖ ਧਰਮ, ਦੇ ਲੇਖਕ,**

"ਸਿੱਖ ਧਰਮ ਤੋਂ ਇਲਾਵਾ ਮਹਾਨ ਹਕੀਕਤ ਜਾਂ ਵਿਆਪਕ ਨੈਤਿਕ ਪ੍ਰਣਾਲੀ ਵਾਲੇ ਧਰਮ ਨੂੰ ਲਭਣਾ ਔਖਾ ਹੋਵੇਗਾ। ਸਿੱਖ ਗ੍ਰੰਥਾਂ ਵਿਚ ਪਰਮ ਸੱਚ ਸ਼ਾਮਲ ਹਨ, ਜਿਨ੍ਹਾਂ ਦਾ ਗਿਆਨ ਪੜ੍ਹਣ ਵਾਲੇ ਨੂੰ ਆਤਮਕ, ਨੀਤੀ ਅਨੁਸਾਰ ਅਤੇ ਸਮਾਜਕ ਤੌਰ ਤੇ ਉੱਚਾ ਚੁੱਕ ਦਿੰਦਾ ਹੈ। ਉਨ੍ਹਾਂ ਵਿਚ ਸੰਪ੍ਰਦਾਇਵਾਦ ਦੀ ਝਲਕ ਨਹੀਂ ਹੈ। ਇਹ ਸਭ ਤੋਂ ਉੱਚੇ ਅਤੇ ਸਭ ਤੋਂ ਪਵਿੱਤਰ ਸਿਧਾਂਤਾਂ ਦਾ ਗਿਆਨ ਕਰਵਾਉਂਦੇ ਹਨ ਜੋ ਮਨੁੱਖ ਨੂੰ ਮਨੁੱਖ ਨਾਲ ਬੰਨਣ ਅਤੇ ਵਿਸ਼ਵਾਸ ਕਰਨ ਵਾਲੇ ਨੂੰ ਆਪਣੇ ਸਾਥੀ ਮਿੱਤਰ ਦੀ ਸੇਵਾ ਦੇ ਉਦੇਸ਼ ਦੇ ਨਾਲ, ਸਭ ਕੁੱਝ ਤਿਆਗ ਦੇਣ ਅਤੇ ਉਸ ਦੇ ਲਈ ਜਾਨ ਕੁਰਬਾਨ ਕਰਨ ਲਈ ਪ੍ਰੇਰਿਤ ਕਰਦਾ ਹੈ।"

**ਜਾੱਨ ਕਲਾਰਕ ਆਰਕਰ, ਪ੍ਰਸਿਧ ਬ੍ਰਿਟਿਸ਼ ਵਿਦਵਾਨ,**

"ਸਿੱਖ ਧਰਮ, ਅਸਲ ਵਿਚ ਆਪ ਹੀ ਪਿਛਲੇ ਵਿਸ਼ਲੇਸ਼ਣ ਵਿਚ ਧਰਮ ਕੀ ਹੈ, ਦਾ ਪ੍ਰਚਾਰ ਕਰਦਾ ਹੈ। ਇਹ ਆਪਣੀ ਹੀ ਇਕ ਸਪਸ਼ਟ ਅਤੇ ਆਜ਼ਾਦ ਵਿਵਸਥਾ ਹੈ। ਅੱਜ ਦੇ ਵਿਸ਼ਵ ਨੂੰ ਇਸਦੇ ਪਿਆਰ ਅਤੇ ਸ਼ਾਂਤੀ ਦੇ ਸੰਦੇਸ਼ ਦੀ ਲੋੜ ਹੈ"।

ਅਜਿਹਾ ਸੰਦੇਸ਼ ਕੌਣ ਪ੍ਰਦਾਨ ਕਰੇਗਾ? ਸਿਰਫ, ਸਿੱਖ, ਸਿੱਖ ਧਰਮ ਦੇ ਅਨੁਯਾਯੀ, ਜੋ ਬਲਕਿ, ਉਨ੍ਹਾਂ ਦੇ ਧਰਮ ਦੀ ਇਲਾਹੀ ਸਿੱਖਿਆ ਨੂੰ, ਵਿਸ਼ਵ ਦੇ ਧਿਆਨ ਵਿਚ ਲਿਆਉਣ ਦੇ ਆਪਣੇ ਫ਼ਰਜ਼ ਨਾਲ ਬੰਨ੍ਹੇ ਹੋਏ ਹਨ, ਜਿਸਨੂੰ ਦੁਨਿਆਂ ਭਰ ਦੇ ਧਰਮਾਂ ਦੇ ਕੁਝ ਵਿਸਵਾਨਾਂ ਨੇ ਮੌਜੂਦਾ ਸਮੇਂ ਦਾ ਧਰਮ ਬਿਆਨਿਆ ਹੈ; ਜੋ ਆਧੁਨਿਕ ਮਨੁੱਖ ਦੀ ਸਮੱਸਿਆਵਾਂ ਨੂੰ ਹਲ ਕਰਨ ਦੇ ਯੋਗ ਹੈ। ਹਾਲਾਂਕਿ ਸਿੱਖਾਂ ਨੂੰ ਆਪ ਆਪਣੇ ਧਰਮ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਉਸ ਮੁਤਾਬਕ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਸਿੱਖੀ ਦੇ ਸੂਤਰਪਾਤ ਅਮ੍ਰਿਤ ਨੂੰ ਛੱਕ ਕੇ ਸਿੱਖੀ ਆਦਰਸ਼ ਜ਼ਾਬਤੇ, ਜਿਵੇਂ ਕਿ ਦਸਵੀਂ ਪਾਤਸ਼ਾਹੀ, ਗੁਰੂ ਗੋਬਿੰਦ ਸਿੰਘ ਜੀ ਵਲੋਂ ਆਦੇਸ਼ ਕੀਤਾ ਗਿਆ ਸੀ, ਸਾਰੇ ਸਿੱਖਾਂ ਲਈ ਲਾਜ਼ਮੀ ਹੈ, ਦਾ ਪਾਲਨ ਕਰਦਿਆਂ ਸਿੱਖ ਬਨਣ ਅਤੇ ਉਨ੍ਹਾਂ ਵਾਂਗ ਕੰਮ ਕਰਨਾ ਹੈ। ਉਨ੍ਹਾਂ ਨੂੰ ਆਪਣੀ ਯੁਵਾ ਪੀੜ੍ਹੀ ਲਈ ਵੀ ਇਹ ਸੁਨਿਸ਼ਚਿਤ ਕਰਨਾ ਪਵੇਗਾ। ਹਰ ਪਾਸੇ ਤੋਂ ਇਕੋ ਜਿਹਾ ਸਿੱਖੀ ਆਦਰਸ਼ ਜ਼ਾਬਤਾ, ਜਿਸਦਾ ਆਪਣਾ ਹੀ ਮਹੱਤਵ ਹੈ, ਸਾਰੇ ਸਿੱਖਾਂ ਲਈ ਲਾਜ਼ਮੀ ਹੈ।

ਸਿੱਖ ਗੁਰੂਦੁਆਰਿਆਂ ਦੀ ਵਿਵਸਥਾ, ਸਿੱਖੀ ਦੇ ਪ੍ਰਚਾਰ ਲਈ ਮੁੱਖ ਸਿੱਖ ਸੰਸਥਾਨ ਹੁੰਦੇ ਹੋਏ, ਸਖ਼ਤੀ ਨਾਲ ਸਿੱਖੀ ਸੂਤਰਪਾਤ, ਸਿੱਖ ਆਦਰਸ਼ ਜ਼ਾਬਤਾ ਅਤੇ ਜੀਵਨ ਦੇ ਸਿੱਖੀ ਢੰਗ ਦੀ ਪਾਲਨਾ ਕਰਨ ਵਾਲੇ ਸੱਚੇ ਸਿੱਖਾਂ ਵਲੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦਾ ਮਾਨਸਿਕ ਰੁਝਾਣ ਧਾਰਮਿਕ ਹੋਣਾ ਚਾਹੀਦਾ ਹੈ ਅਤੇ ਉਹ ਸਿੱਖ ਧਰਮ ਦੇ ਪ੍ਰਚਾਰ ਲਈ ਬੱਧ ਹੋਣੇ ਚਾਹੀਦੇ ਹਨ। ਉਹ ਛੋਟੀਆਂ ਅਸਥਾਈ ਖਿੱਚਾਂ ਤੋਂ ਅਤੇ ਰਾਜਨੀਤਕ ਜਾਂ ਕਿਸੇ ਹੋਰ ਕਿਸਮ ਦੀ ਪਾਰਟੀ ਦੀ ਗੁੱਟਬਾਜੀ ਤੋਂ ਉੱਪਰ ਉੱਠੇ ਹੋਣੇ ਚਾਹੀਦੇ ਹਨ ਅਤੇ ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿੱਖ ਧਰਮ ਅਤੇ ਇਸਦੇ ਕਥਨਾਂ ਮੁਤਾਬਕ ਕੰਮ ਕਰਨ ਦੀ ਸਮਝ ਹੋਣੀ ਚਾਹੀਦੀ ਹੈ।

ਪਰ ਸਿੱਖਾਂ ਲਈ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿ ਮੌਜੂਦਾ ਸਮੇਂ ਇਤਿਹਾਸਕ ਸਿੱਖ ਗੁਰੂਦੁਆਰਿਆਂ ਦੀ ਪ੍ਰਬੰਧਕ ਕਮੇਟੀਆਂ ਉੱਤੇ ਵੀ

ਇਸ ਸੰਦਰਭ ਵਿਚ ਪ੍ਰਸ਼ਨ-ਚਿੰਨ੍ਹ ਲੱਗਾ ਹੋਇਆ ਹੈ ਅਤੇ ਉੱਥੇ ਯੋਗ ਸੱਚੇ ਸਿੱਖਾਂ ਦੀ ਕਮੀ ਹੈ, ਜੋ ਪਾਰਟੀ ਦੀ ਧੜੇਬਾਜੀ ਤੋਂ ਮੁਕਤ ਹੋਣ ਅਤੇ ਪੂਰੀ ਤਰ੍ਹਾਂ ਨਿਜੀ ਹਿੱਤਾਂ ਤੋਂ ਉੱਪਰ ਉੱਠੇ ਹੋਏ ਹੋਣ। ਨਤੀਜੇ ਸਾਹਮਣੇ ਹਨ ਜਿਵੇਂ ਕਿ ਜ਼ਿਆਦਾਤਰ ਸਿੱਖ ਖ਼ਾਸ ਕਰਕੇ ਯੁਵਾ ਸਿੱਖ ਪੀੜ੍ਹੀ ਸਿੱਖੀ ਆਦਰਸ਼ ਜ਼ਾਬਤਾ ਅਤੇ ਜੀਵਨ ਦੇ ਸਿੱਖੀ ਢੰਗ ਤੋਂ ਦੂਰ ਹੁੰਦੀ ਜਾ ਰਹੀ ਹੈ, ਵਿਸ਼ਵ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਬਾਰੇ ਤਾਂ ਕੀ ਕਹਿਣਾ।

ਸਿੱਖਾਂ ਨੂੰ ਸਿੱਖ ਗੁਰੂਦੁਆਰਿਆਂ ਦੇ ਸੱਚੇ ਸਿੱਖਾਂ ਦੀ ਪ੍ਰਬੰਧਕ ਕਮੇਟੀਆਂ ਦੀ ਚੋਣ ਕਰਨੀ ਚਾਹੀਦੀ ਹੈ, ਜੋ ਈਮਾਨਦਾਰੀ, ਅਖੰਡਤਾ, ਯੋਗਤਾ ਦੀ ਮਿਸਾਲ ਕਾਇਮ ਕਰਦੇ ਹੋਣ ਅਤੇ ਜੋ ਸਿੱਖ ਧਰਮ ਅਤੇ ਇਸਦੇ ਪ੍ਰਚਾਰ ਲਈ ਸਮੱਰਪਿਤ ਹੋਣ। ਗੁਰੂਦੁਆਰਿਆਂ ਨੂੰ ਅਦਾਲਤਾਂ ਵਿਚ ਮੁਕੱਦਮਿਆਂ ਤੋਂ ਬਿਨਾਂ ਵਿਵਾਦ ਮੁਕਤ ਬਣਾਇਆ ਜਾਣਾ ਚਾਹੀਦਾ ਹੈ ਜਿਸ ਵਿਚ ਮੌਜੂਦਾ ਸਮੇਂ ਕਈ ਥਾਵਾਂ ’ਤੇ ਸਿੱਖ ਪੂੰਜੀ ਬਰਬਾਦ ਕੀਤੀ ਜਾ ਰਹੀ ਹੈ।

ਗੁਰੂਦੁਆਰਿਆਂ ਦਾ ਉਪਯੋਗ ਐਤਵਾਰ ਗੁਰੂਦੁਆਰਾ ਸਕੂਲਾਂ ਲਈ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਕਿ ਸਿੱਖ ਵਿਦਿਆਰਥੀਆਂ ਨੂੰ ਸਿੱਖ ਧਰਮ, ਸਿੱਖ ਇਤਿਹਾਸ ਅਤੇ ਪੰਜਾਬੀ ਬੋਲੀ ਦੀ ਸਿੱਖਿਆ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਜੀਵਨ ਦੇ ਸਿੱਖੀ ਢੰਗ ਵਿਚ ਜੀਉਣ ਯੋਗ ਬਣਾਇਆ ਜਾਵੇ ਜਿਵੇਂ ਕਿ ਪੜ੍ਹਾਈ ਦਾ ਅਜਿਹਾ ਮੌਕਾ ਵਿਦੇਸ਼ਾਂ ਵਿਚ ਵਸਦੀ ਸਿੱਖ ਯੁਵਾ ਪੀੜ੍ਹੀ ਲਈ ਉਪਲੱਬਧ ਨਹੀਂ ਹੈ।

ਦੁਨੀਆ ਭਰ ਦੇ ਸਿੱਖਾਂ ਵਿਚ ਸਿੱਖ ਧਰਮ ਦਾ ਇਕੋ ਜਿਹਾ ਪ੍ਰਚਾਰ ਕਰਨ ਲਈ ਅਤੇ ਸਿੱਖਾਂ ਵਲੋਂ ਝੇਲਿਆਂ ਜਾਣ ਵਾਲੀਆਂ ਮੁਸੀਬਤਾਂ, ਜੋ ਕਿ ਹਰ ਪਾਸੇ ਇਕੋ ਜਿਹੀਆਂ ਹਨ, ਨੂੰ ਆਸਾਨੀ ਨਾਲ ਸੁਲਝਾਉਣ ਲਈ ਦੇਸ਼ ਅਤੇ ਫਿਰ ਦੁਨੀਆ ਦੇ ਸਾਰੇ ਗੁਰੂਦੁਆਰਿਆਂ ਵਿਚਕਾਰ ਤਾਲ-ਮੇਲ ਹੋਣਾ ਚਾਹੀਦਾ ਹੈ। ਇਹ ਸਾਰੇ ਸਿੱਖਾਂ ਨਾਲ ਸੰਬੰਧਤ ਸਿੱਖ ਮਸਲਿਆਂ ’ਤੇ ਫੈਸਲਾ ਲੈਣ ਲਈ ਦੁਨੀਆ ਭਰ ਦੇ ਸਿੱਖਾਂ ਦੇ ਪ੍ਰਤੀਨਿਧੀ ਮੰਡਲ ਦੇ ਸੰਗਠਨ ਦੀ ਅਗੁਵਾਈ ਵੀ ਕਰੇਗਾ।

## ਅਧਿਆਇ 4-13

## ਜ਼ਿਆਦਾਤਰ ਸਿੱਖ ਵਿਦਿਅਕ ਸੰਸਥਾਵਾਂ ਹੁਣ ਹੋਰ ਜ਼ਿਆਦਾ ਸਿੱਖ ਵਿਚਾਰਧਾਰਾ ਵਾਲੀ ਨਹੀਂ ਰਹੀਆਂ – ਤੁਰੰਤ ਸੁਧਾਰ ਦੀ ਲੋੜ

ਸਿੱਖ ਵਿਦਿਅਕ ਸੰਸਥਾਵਾਂ-ਖ਼ਾਲਸਾ ਸਕੂਲ ਅਤੇ ਫਿਰ ਖ਼ਾਲਸਾ ਕਾਲਜ 19ਵੀਂ ਸਦੀ ਦੇ ਅਖੀਰ ਵਿਚ ਸਿੰਘ ਸਭਾ ਅੰਦੋਲਨ ਦੇ ਸਮੇਂ ਤੋਂ ਜ਼ਿਆਦਾਤਰ ਪੰਜਾਬ ਵਿਚ ਸਥਾਪਿਤ ਕੀਤੇ ਗਏ ਸਨ ਜਿਥੋਂ ਇਹ ਅੰਦੋਲਨ ਸ਼ੁਰੂ ਹੋਇਆ ਸੀ ਅਤੇ ਜਿੱਥੇ ਜ਼ਿਆਦਾਤਰ ਸਿੱਖ ਰਹਿੰਦੇ ਸਨ। ਬਾਅਦ ਵਿਚ ਅਜਿਹੀ ਵਿਦਿਅਕ ਸੰਸਥਾਵਾਂ ਸਿੱਖ ਆਬਾਦੀ ਦੇ ਵਿਸਤਥਾਰ ਮੁਤਾਬਕ ਭਾਰਤ ਦੇ ਦੂਜੇ ਹਿੱਸਿਆਂ ਵਿਚ ਵੀ ਸਥਾਪਿਤ ਕੀਤੀਆਂ ਗਈਆਂ। ਇਨ੍ਹਾਂ ਸਿੱਖ ਵਿਦਿਅਕ ਸੰਸਥਾਵਾਂ ਦਾ ਮੁੱਖ ਉਦੇਸ਼ ਆਮ ਸਿੱਖਿਆ ਦੇ ਨਾਲ ਸਿੱਖ ਧਰਮ ਅਤੇ ਸਿੱਖ ਇਤਿਹਾਸ ਦੀ ਸਿੱਖਿਆ ਪ੍ਰਦਾਨ ਕਰ ਕੇ ਸਿੱਖ ਵਿਦਿਆਰਥੀਆਂ ਨੂੰ ਵਧੀਆ ਪੜ੍ਹੇ-ਲਿਖੇ ਬਨਾਉਣਾ ਅਤੇ ਨਾਲ ਹੀ ਉਨ੍ਹਾਂ ਨੂੰ ਸਿੱਖੀ ਜੀਵਨ ਢੰਗ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਨ ਯੋਗ ਬਨਾਉਣਾ ਸੀ। ਸਿੱਖ ਸਕੂਲਾਂ ਅਤੇ ਕਾਲਜਾਂ ਨੇ ਇਸ ਸੰਬੰਧ ਵਿਚ ਬਹੁਤ ਕੁਝ ਕੀਤਾ।

ਹਾਲਾਂਕਿ ਪਿਛਲੇ ਕੁਝ ਦਹਾਕਿਆਂ ਤੋਂ ਉਹ ਉਤਸਾਹ ਅਤੇ ਭਾਵਨਾ ਫਿੱਕੀ ਪੈ ਰਹੀ ਹੈ ਅਤੇ ਇਨ੍ਹਾਂ ਸਕੂਲਾਂ ਅਤੇ ਕਾਲਜਾਂ ਵਿਚੋਂ ਜ਼ਿਆਦਾਤਰ ਉਸ ਉਦੇਸ਼ ਦੀ ਪ੍ਰਾਪਤੀ ਲਈ ਪ੍ਰਭਾਵਹੀਨ ਹੋ ਰਹੇ ਹਨ ਜਿਸ ਲਈ ਇਨ੍ਹਾਂ ਨੂੰ ਸਥਾਪਿਤ ਕੀਤਾ ਗਿਆ ਸੀ ਅਤੇ ਬਲਕਿ ਹੁਣ ਹੋਰ ਜ਼ਿਆਦਾ ਸਿੱਖੀ ਵਿਚਾਰਧਾਰਾ ਵਾਲੇ ਨਹੀਂ ਰਹੇ। ਇਨ੍ਹਾਂ ਵਿਦਿਅਕ ਸੰਸਥਾਵਾਂ ਦੇ ਪ੍ਰਬੰਧਕ ਅਤੇ ਅਧਿਆਪਕ ਵੀ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਢੰਗ ਲਈ ਬੱਧ ਹੁਣ ਹੋਰ ਜ਼ਿਆਦਾ ਸੱਚੇ ਸਿੱਖ ਨਹੀਂ ਰਹੇ, ਵਿਦਿਆਰਥੀਆਂ ਬਾਰੇ ਤਾਂ ਕੀ ਕਹਿਣਾ।

ਨਤੀਜੇ ਸਪਸ਼ਟ ਹਨ ਕਿ ਸਿੱਖ ਧਰਮ ਅਤੇ ਇਤਿਹਾਸ ਅਤੇ ਸਿੱਖਾਂ ਵਜੋਂ ਆਦਰਸ਼ ਅਧਿਆਪਕਾਂ ਤੋਂ ਵਾਂਝਿਆਂ ਹੁੰਦੇ ਹੋਏ ਸਿੱਖ ਵਿਦਿਆਰਥੀ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਢੰਗ ਤੋਂ ਦੂਰ ਹੁੰਦੇ ਜਾ ਰਹੇ ਹਨ। ਇੱਥੇ ਤੱਕ ਕਿ ਬਹੁਤ ਵੱਡੀ ਗਿਣਤੀ ਵਿਚ ਵਿਦਿਆਰਥੀ ਆਪਣੇ ਬਾਲ ਕੱਟ ਰਹੇ ਹਨ, ਪੱਗੜੀਆਂ ਨੂੰ ਭੁੱਲਾ ਚੁੱਕੇ ਹਨ ਅਤੇ ਪੂਰੀ ਤਰ੍ਹਾਂ ਆਪਣੀ ਸਿੱਖੀ ਪਛਾਣ ਨੂੰ ਗਵਾ ਚੁੱਕੇ ਹਨ ਅਤੇ ਨਾਲ ਹੀ ਨਸ਼ੇ ਕਰ ਰਹੇ ਹਨ ਜੋ ਕਿ ਸਿੱਖ ਧਰਮ ਵਿਚ ਪੂਰੀ ਤਰ੍ਹਾਂ ਵਰਜਤ ਹੈ।

ਸਿੱਖ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਧਰਮ ਦੀਆਂ ਉੱਚ ਕਦਰਾਂ ਕੀਮਤਾਂ ਅਤੇ ਅਸਲ ਜ਼ਿੰਦਗੀ ਵਿਚ ਸਿੱਖ ਬਨਣ ਅਤੇ ਉਸ ਵਜੋਂ ਕੰਮ ਕਰਨ ਬਾਰੇ ਸਿੱਖਿਆ ਦੇ ਕੇ ਸਿੱਖ ਆਦਰਸ਼ ਜ਼ਾਬਤਾ ਅਤੇ ਸਿੱਖੀ ਢੰਗ ਵਿਚ ਉਨ੍ਹਾਂ ਦੇ ਜੀਵਨ ਨੂੰ ਪੱਕਾ ਕਰਨ ਦੇ ਉਦੇਸ਼ ਨੂੰ ਪਾਉਣ ਲਈ ਇਨ੍ਹਾਂ ਸਿੱਖ ਵਿਦਿਅਕ ਸੰਸਥਾਵਾਂ ਵਿਚ ਤੁਰੰਤ ਸੁਧਾਰ ਅੱਜ ਦੀ ਲੋੜ ਹੈ ਜਿਸ ਲਈ ਕਿ ਇਨ੍ਹਾਂ ਸੰਸਥਾਵਾਂ ਨੂੰ ਸਥਾਪਿਤ ਕੀਤਾ ਗਿਆ ਸੀ। ਸ਼ੁਰੂ ਵਿਚ ਸਾਰੇ ਸਿੱਖ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਸਕੂਲੀ ਦੌਰ ਵਿਚ ਅਮ੍ਰਿਤ-ਖੰਡੇ ਦਾ ਪਾਹੁਲ ਦਾ ਸਿੱਖੀ ਸੂਤਰਪਾਤ ਦਿੱਤਾ ਜਾਂਦਾ ਸੀ ਅਤੇ ਸਿੱਖੀ ਆਦਰਸ਼ ਜ਼ਾਬਤਾ ਦਾ ਪਾਲਨ ਕਰਵਾਇਆ ਜਾਂਦਾ ਸੀ ਅਤੇ ਉਹ ਆਪਣਾ ਜੀਵਨ ਕਾਲ ਇਸ ਵਿਚ ਬਤੀਤ ਕਰਦੇ ਸਨ। ਹੁਣ ਵੀ ਇਹੀ ਉਦੇਸ਼ ਹੋਣਾ ਚਾਹੀਦਾ ਹੈ।

ਇਸ ਉਦੇਸ਼ ਨੂੰ ਪਾਉਣ ਲਈ ਇਨ੍ਹਾਂ ਸੰਸਥਾਵਾਂ ਦੀ ਪ੍ਰਬੰਧਕ ਸਭਾਵਾਂ ਸਿੱਖੀ ਆਦਰਸ਼ ਜ਼ਾਬਤਾ ਵਿਚ ਜੀਵਨ ਬਤੀਤ ਕਰ ਰਹੇ ਅਤੇ ਈਮਾਨਦਾਰੀ, ਅਖੰਡਤਾ ਅਤੇ ਯੋਗਤਾ ਲਈ ਜਾਣੇ ਜਾਣ ਵਾਲੇ ਸੱਚੇ ਸਿੱਖਾਂ ਦੀ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਸਕੂਲਾਂ ਵਿਚ ਅਧਿਆਪਕ

ਵੀ ਇਸੇ ਯੋਗਤਾ ਵਾਲੇ ਹੋਣੇ ਚਾਹੀਦੇ ਹਨ ਜੋ ਸਿੱਖੀ ਜੀਵਨ ਢੰਗ ਲਈ ਬੱਧ ਹੋਣ ਅਤੇ ਵਿਦਿਆਰਥੀਆਂ ਲਈ ਸੱਚੇ ਸਿੱਖਾਂ ਦੇ ਰੂਪ ਵਿਚ ਉਨ੍ਹਾਂ ਦੇ ਆਦਰਸ਼ ਬਣ ਸਕਣ। ਇਸ ਤੌਰ-ਤਰੀਕੇ ਦੇ ਹੋਰ ਜ਼ਿਆਦਾ ਸਕੂਲਾਂ ਅਤੇ ਕਾਲਜਾਂ ਦੀ ਹੁਣ ਲੋੜ ਹੋ ਸਕਦੀ ਹੈ।

ਸਿੱਖਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਦੀ ਕਮੀ ਕਰਕੇ ਅਤੇ ਸਿੱਖੀ ਸਕੂਲ ਅਤੇ ਕਾਲਜ ਸਿੱਖੀ ਰੁਝਾਨ ਦੇ ਨਾ ਰਹਿਣ ਕਰਕੇ ਯੂਵਾ ਸਿੱਖ ਪੀੜ੍ਹੀ ਸਿੱਖੀ ਜੀਵਨ ਢੰਗ ਅਤੇ ਸਿੱਖੀ ਸੂਤਰਪਾਤ ਅਤੇ ਸਿੱਖੀ ਆਦਰਸ਼ ਜ਼ਾਬਤਾ ਤੋਂ ਦੂਰ ਹੁੰਦੀ ਜਾ ਰਹੀ ਹੈ, ਜਿਸ ਨੂੰ ਸਿੱਖੀ ਆਦਰਸ਼ ਜ਼ਾਬਤਾ ਵਿਚ ਵਾਪਸ ਲੈ ਕੇ ਆਉਣ ਲਈ ਬੜੇ ਹੀ ਪ੍ਰਭਾਵੀ ਕਦਮ ਚੁੱਕੇ ਜਾਣ ਦੀ ਲੋੜ ਹੈ। ਸਿੱਖ ਵਿਦਿਆਰਥੀਆਂ ਨੂੰ ਸਕੂਲ ਵਿਚ ਉਨ੍ਹਾਂ ਦੇ ਖਾਲੀ ਸਮੇਂ ਵਿਚ, ਸ਼ਾਮ ਨੂੰ ਅਤੇ ਹਫਤੇ ਦੇ ਅਖੀਰਲੇ ਦਿਨਾਂ ਵਿਚ ਸਿੱਖ ਧਰਮ ਅਤੇ ਇਤਿਹਾਸ ਬਾਰੇ ਸਿੱਖਿਆ ਦੇਣ ਲਈ ਸਿੱਖ ਗੁਰੂਦੁਆਰਾ ਸਕੂਲ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ ਜਿਵੇਂ ਕਿ ਜ਼ਿਆਦਾਤਰ ਸਿੱਖ ਵਿਦਿਆਰਥੀ ਸਿੱਖ ਸਕੂਲਾਂ ਵਿਚ ਨਹੀਂ ਪੜ ਰਹੇ ਹਨ। ਉੱਥੇ ਹਰ ਥਾਂ ਗੁਰੂਦੁਆਰੇ ਹਨ ਜਿੱਥੇ ਸਿੱਖ ਰਹਿੰਦੇ ਹਨ। ਉਨ੍ਹਾਂ ਗੁਰੂਦੁਆਰਿਆਂ ਨੂੰ ਇਸ ਉਦੇਸ਼ ਲਈ ਕੰਮ ਵਿਚ ਲਿਆਇਆ ਜਾਣਾ ਚਾਹੀਦਾ ਹੈ।

ਐਸ.ਜੀ.ਪੀ.ਸੀ. ਨੂੰ ਪੰਜਾਬ ਅਤੇ ਆਪਣੇ ਅਧਿਕਾਰ-ਖ਼ੇਤਰ ਵਿਚ ਇਸ ਪ੍ਰੋਜੈਕਟ ’ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਨੂੰ ਇਸ ਉਦੇਸ਼ ਲਈ ਆਪਣੇ ਬਜਟ ਵਿਚ ਪੂੰਜੀ ਨਿਰਧਾਰਿਤ ਕਰਨੀ ਚਾਹੀਦੀ ਹੈ ਅਤੇ ਉਦੇਸ਼ ਦੀ ਈਮਾਨਦਾਰੀ ਨਾਲ ਇਸਦਾ ਪ੍ਰਬੰਧ ਕਰਨਾ ਚਾਹੀਦਾ ਹੈ। ਦੂਜੇ ਸਿੱਖ ਗੁਰੂਦੁਆਰਾ ਪ੍ਰਬੰਧਕਾਂ ਨੂੰ ਆਪਣੇ ਇਲਾਕਿਆਂ ਵਿਚ ਇਸ ਪ੍ਰੋਜੈਕਟ ’ਤੇ ਕੰਮ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਯੂਵਾ ਸਿੱਖ ਪੀੜ੍ਹੀ ਨੂੰ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਜੀਵਨ ਢੰਗ ਵਿਚ ਜੀਵਨ ਬਤੀਤ ਕਰਨ ਦੇ ਯੋਗ ਬਨਾਉਣ ਲਈ ਸਿੱਖ ਧਰਮ ਅਤੇ ਇਤਿਹਾਸ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ।

ਇਹ ਅੱਜ ਦੇ ਸਿੱਖਾਂ ਦਾ ਫ਼ਰਜ਼ ਹੈ ਕਿ ਉਹ ਯੂਵਾ ਸਿੱਖ ਪੀੜ੍ਹੀ ਨੂੰ ਆਪਣੇ ਧਰਮ ਅਤੇ ਆਪਣੇ ਰਾਸ਼ਟਰ ਦੇ ਇਤਿਹਾਸ ਦੀ ਸਿੱਖਿਆ ਦੇਣ, ਖ਼ਾਸ ਕਰਕੇ ਜੋ ਵਿਦੇਸ਼ਾਂ ਵਿਚ ਰਹਿ ਰਹੇ ਹਨ ਜਿਵੇਂ ਕਿ ਉਨ੍ਹਾਂ ਨੂੰ ਆਪਣੇ ਸਿੱਖਿਆਕਾਲ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਮੁਸ਼ਕਲ ਹੀ ਇਸ ਬਾਰੇ ਪੜ੍ਹਨ ਦਾ ਕੋਈ ਮੌਕਾ ਮਿਲਦਾ ਹੈ; ਪਰ ਉਨ੍ਹਾਂ ਨੂੰ ਜ਼ਰੂਰ ਆਪਣੇ ਧਰਮ ਅਤੇ ਰਾਸ਼ਟਰ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਸਿੱਖੀ ਢੰਗ ਵਿਚ ਜੀਵਨ ਬਤੀਤ ਕਰਨ ਅਤੇ ਇਸ ’ਤੇ ਅਭਿਮਾਨ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।

ਦੁਨੀਆ ਦੇ ਧਰਮਾਂ ਅਤੇ ਇਤਿਹਾਸ ਦੇ ਪ੍ਰਸਿੱਧ ਵਿਦਵਾਨਾਂ ਖ਼ਾਸ ਕਰਕੇ ਪੱਛਮ ਦੇ, ਜਿਨ੍ਹਾਂ ਨੂੰ ਸਿੱਖ ਧਰਮ ਅਤੇ ਇਸਦੇ ਇਤਿਹਾਸ ਨੂੰ ਪੜ੍ਹਨ ਦਾ ਮੌਕਾ ਮਿਲਿਆ, ਨੇ ਸਰਬ ਸੰਮਤੀ ਨਾਲ ਬਿਆਨ ਕੀਤਾ ਹੈ ਕਿ ਸਿੱਖ ਧਰਮ ਮੌਜੂਦਾ ਸਮੇਂ ਦਾ ਧਰਮ ਹੈ ਅਤੇ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਯੋਗ ਹੈ ਅਤੇ ਕਿ ਇਸਦੇ ਸਾਰੇ ਧਾਰਮਕ, ਇਖ਼ਲਾਕੀ ਅਤੇ ਨੈਤਿਕ ਖ਼ੇਤਰਾਂ ਵਿਚ ਇਸਦੀਆਂ ਉੱਚ ਕਦਰਾਂ ਕੀਮਤਾਂ ਨੂੰ ਸਮਝਣਾ ਅਤੇ ਉਸਦਾ ਪਾਲਨ ਕਰਨਾ ਅਭਿਮਾਨ ਅਤੇ ਸੁਭਾਗ ਦੀ ਗੱਲ਼ ਹੈ, ਜਿਸ ਨਾਲ ਮਾਨਵ ਜਾਤੀ ਨੇ ਚੱਲਣਾ ਹੈ। ਇਨ੍ਹਾਂ ਵਿਦਵਾਨਾਂ ਨੇ ਸਿੱਖਾਂ ਉੱਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਸਿੱਖ ਧਰਮ ਦੀ ਕਦਰਾਂ-ਕੀਮਤਾਂ ਨੂੰ ਸਮੁੱਚੀ ਦੁਨੀਆ ਦੇ ਧਿਆਨ ਵਿਚ ਲੈ ਕੇ ਆਉਣ ਦੇ ਆਪਣੇ ਗੌਰਵਮਈ ਫ਼ਰਜ਼ ਨੂੰ ਨਹੀਂ ਨਿਭਾਇਆ।

ਦੁਨੀਆ ਦੇ ਵਿਭਿੰਨ ਦੇਸ਼ਾਂ ਵਿਚ ਰਹਿ ਰਹੇ ਸਿੱਖ ਨੌਜਵਾਨਾਂ ਨੂੰ ਇਸ ਸਦੀ ਵਿਚ ਆਪਣੇ ਦੇਸ਼ਾਂ ਵਿਚ ਇਸ ਸੰਦਰਭ ਵਿਚ ਆਪਣੇ ਫ਼ਰਜ਼ ਨੂੰ ਨਿਭਾਉਣਾ ਚਾਹੀਦਾ ਹੈ, ਪਰ ਉਨ੍ਹਾਂ ਨੂੰ ਪਹਿਲਾਂ ਆਪ ਆਪਣੇ ਧਰਮ ਅਤੇ ਇਤਿਹਾਸ ਤੋਂ ਜਾਣੂ ਹੋਣਾ ਪਵੇਗਾ ਅਤੇ ਸਿੱਖ ਹੋਣ ’ਤੇ ਅਭਿਮਾਨ ਕਰਨਾ ਪਵੇਗਾ। ਉਨ੍ਹਾਂ ਨੂੰ ਆਪਣੇ ਆਪ ਨੂੰ ਸਨਮਾਨਯੋਗ ਕੰਮਾਂ ਵਿਚ ਕਾਇਮ ਕਰਨਾ ਚਾਹੀਦਾ ਹੈ, ਜੋ ਉਹ ਸਫਲਤਾ ਨਾਲ ਕਰ ਰਹੇ ਹਨ ਪਰ ਉਨ੍ਹਾਂ ਨੂੰ ਲਾਜ਼ਮੀ ਤੌਰ ’ਤੇ ਸਿੱਖੀ ਜੀਵਨ ਢੰਗ ਅਪਨਾਉਣਾ ਚਾਹੀਦਾ ਹੈ, ਜੋ ਆਪਣੀ ਈਮਾਨਦਾਰੀ, ਸਖ਼ਤ ਮਿਹਨਤ ਅਤੇ ਧਾਰਮਕ ਲਗਨ ਲਈ ਹੁਣ ਸਾਰੀ ਦੁਨੀਆ ਵਿਚ ਚੰਗੀ ਤਰ੍ਹਾਂ ਜਾਣੂ ਹੈ ਅਤੇ ਜਿਸਦਾ ਮਾਣ ਕੀਤਾ ਜਾਂਦਾ ਹੈ।

ਇਹ ਉਨ੍ਹਾਂ ਨੂੰ ਹੋਰ ਵੀ ਸਨਮਾਨਿਤ ਅਤੇ ਸਵੀਕਾਰਯੋਗ ਬਣਾਏਗਾ ਜੇ ਉਹ ਆਪਣੇ ਧਰਮ ਅਤੇ ਇਸਦੀਆਂ ਉੱਚ ਕਦਰਾਂ-ਕੀਮਤਾਂ ਨਾਲ ਸੱਚੇ ਬਣੇ ਰਹਿਣ। ਇਸੇ ਤਰ੍ਹਾਂ ਸਿੱਖੀ ਜੀਵਨ ਢੰਗ ਵਿਚ ਜੀਉਣਾ ਉਨ੍ਹਾਂ ਸਾਰੇ ਸਿੱਖਾਂ ਲਈ ਲਾਭਦਾਇਕ ਹੋਵੇਗਾ ਜੋ ਕਿ ਸਿੱਖੀ ਆਦਰਸ਼ ਜ਼ਾਬਤਾ ਦਾ ਸਖ਼ਤੀ ਨਾਲ ਪਾਲਨ ਨਹੀਂ ਕਰ ਰਹੇ ਹਨ ਅਤੇ ਉਨ੍ਹਾਂ ਸਾਰਿਆਂ ਲਈ ਜੋ ਸਿੱਖ ਧਰਮ ਅ ਤੇ ਇਤਿਹਾਸ ਨਾਲ ਜਾਣੂ ਹੋਣਾ ਚਾਹੁੰਦੇ ਹਨ ਜੋ ਕਿ ਸੱਚਾਈ ਭਾਲਣ ਵਾਲੇ ਹਰ ਮਨੁੱਖ ਲਈ ਲਾਜ਼ਮੀ ਹੈ।

ਸਿੱਖਾਂ ਅਤੇ ਖ਼ਾਸ ਕਰਕੇ ਯੂਵਾ ਸਿੱਖ ਪੀੜ੍ਹੀ ਨੂੰ ਗੰਭੀਰਤਾ ਪੂਰਵਕ ਆਪਣੇ ਧਰਮ ਨੂੰ ਸਮਝਣਾ ਚਾਹੀਦਾ ਹੈ ਅਤੇ ਸਿੱਖੀ ਆਦਰਸ਼ ਜ਼ਾਬਤਾ ਅਤੇ ਸਿੱਖੀ ਢੰਗ ਵਿਚ ਜੀਵਨ ਬਤੀਤ ਕਰਦਿਆਂ ਅਤੇ ਫਿਰ ਇਸਨੂੰ ਦੁਨੀਆ ਦੇ ਧਿਆਨ ਵਿਚ ਲਿਆਉਂਦੇ ਹੋਏ ਇਸਦੀਆਂ ਉੱਚ ਕਦਰਾਂ-ਕੀਮਤਾਂ ’ਤੇ ਕੰਮ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਦੇ ਆਪਣੇ ਮਾਣ ਵਿਚ ਵਾਧਾ ਕਰੇਗਾ।

ਐਮ.ਏ. ਮੈਕਾੱਲਿਫ, ਬ੍ਰਿਟਿਸ਼ ਦੇ ਪ੍ਰਸਿੱਧ ਵਿਦਵਾਨ ਨੇ ਸਹੀ ਬਿਆਨ ਕੀਤਾ,

“ਸਿੱਖਾਂ ਨਾਲ ਜਾਣੂ ਹੋਏ ਭੇਦਭਾਵ ਵਾਲੇ ਸਾਰੇ ਮਨੁੱਖਾਂ ਨੇ ਉਨ੍ਹਾਂ ਦੀਆਂ ਉੱਚ ਕਦਰਾਂ ਨੂੰ ਨਿਰਧਾਰਿਤ ਕੀਤਾ, ਪਰ ਇੰਝ ਜਾਪਦਾ ਹੈ ਕਿ ਸਮੁੱਚੀ ਦੁਨੀਆ ਵਿਚ ਉਨ੍ਹਾਂ ਦੇ ਧਰਮ ਦੀ ਵਡਿਆਈ ਦਾ ਗਿਆਨ ਉਨ੍ਹਾਂ ਦੇ ਮੌਜੂਦਾ ਸਨਮਾਨ, ਜਿਸ ਨਾਲ ਉਨ੍ਹਾਂ ਦੀ ਆਉ-ਭਗਤ ਕੀਤੀ ਜਾਂਦੀ ਹੈ, ਨੂੰ ਹੋਰ ਵੀ ਵਧਾ ਦਵੇਗਾ।” (ਸਿੱਖ ਧਰਮ, ਮੈਕਾੱਲਿਫ ਵੱਲੋਂ, VII ਮੁੱਖ-ਬੰਧ ਅਤੇ ਸਫਾ XI ਮੁੱਖ-ਬੰਧ)

ਅਤੇ

"ਧਾਰਮਕ ਯੂਰੋਪ ਅਤੇ ਅਮਰੀਕਾ ਦੇ ਮਨ 'ਤੇ ਸਿੱਖ ਸਿੱਖਿਆਵਾਂ ਦੇ ਨਤੀਜੇ ਘੱਟ ਮਹੱਤਵਪੂਰਣ ਨਹੀਂ ਹੋਣਗੇ। ਦੁਨੀਆ ਭਰ ਵਿਚ ਪਹਿਲਾਂ ਹੀ ਖ਼ਾਲਸਾ ਨੇ ਬਹਾਦਰੀ ਦੇ ਖ਼ੇਤਰ ਵਿਚ ਨਾਮ ਕਾਇਮ ਕਰ ਲਿਆ ਹੈ। ਧਰਮ ਦੇ ਖ਼ੇਤਰ ਵਿਚ ਵੀ ਖ਼ਾਲਸਾ ਦਾ ਨਾਮ ਜਗਮਗ ਚਮਕੇਗਾ ਜਦੋਂ ਨੈਤਿਕ ਚੰਗਿਆਈ ਅਤੇ ਧਾਰਮਕ ਦੁਨੀਆ ਵਿਚ ਉਨ੍ਹਾਂ ਦੇ ਪੂਰਵਜਾਂ ਦੇ ਸ਼ਾਨਦਾਰ ਕਾਰਜਾਂ ਨੂੰ ਦੂਰ ਦੂਰ ਤੱਕ ਜਾਣੂ ਕਰਵਾਇਆ ਜਾਏਗਾ।"

ਸਿੱਖਾਂ ਲਈ ਆਪਣੇ ਧਰਮ 'ਤੇ ਅਭਿਮਾਨ ਕਰਨ ਤੋਂ ਜ਼ਿਆਦਾ ਹੋਰ ਕੀ ਗੱਲ ਹੋ ਸਕਦੀ ਹੈ? ਸਿੱਖਾਂ ਲਈ ਆਪਣੇ ਧਰਮ ਨੂੰ ਸਮਝਣ, ਇਸ 'ਤੇ ਕਿਰਿਆ ਕਰਨ ਅਤੇ ਦੁਨੀਆ ਭਰ ਵਿਚ ਇਸਦਾ ਪ੍ਰਚਾਰ ਕਰਨ ਤੋਂ ਜ਼ਿਆਦਾ ਹੋਰ ਕੀ ਖ਼ਾਹਸ਼ ਹੋ ਸਕਦੀ ਹੈ? ਉਨ੍ਹਾਂ ਦੇ ਧਰਮ ਨੂੰ ਇਹ ਸ਼ਰਧਾਂਜਲੀਆਂ ਬ੍ਰਿਟਿਸ਼ ਦੇ ਪ੍ਰਸਿੱਧ ਵਿਦਵਾਨ ਅਤੇ ਇਤਿਹਾਸਕਾਰ, ਇੱਕ ਗੌਰਵਮਈ ਕਿਤਾਬ "ਸਿੱਖ ਧਰਮ", ਜੋ ਕਿ ਆੱਕਸਫਾੱਰਡ ਯੂਨੀਵਰਸਿਟੀ, ਲੰਦਨ ਵਲੋਂ ਛਾਪੀ ਗਈ, ਦੇ ਲੇਖਕ ਦੀਆਂ ਹਨ;

ਧਰਮਾਂ ਦੇ ਪ੍ਰਸਿੱਧ ਅਮਰੀਕੀ ਵਿਦਵਾਨ, ਐਚ. ਐਲ. ਬ੍ਰੈਡਸ਼ਾੱ ਨੇ ਇੱਥੋਂ ਤੱਕ ਬਿਆਨ ਕੀਤਾ:

"ਪੁਰਾਣੇ ਧਰਮ ਆਪਣੇ ਦਿਨਾਂ ਵਿਚ ਚੰਗੇ ਸਨ, ਪਰ ਉਹ ਦਿਨ ਹੁਣ ਬੀਤ ਚੁੱਕੇ ਹਨ ਅਤੇ ਅਸੀਂ ਗੁਰੂ ਨਾਨਕ ਜੀ (ਸਿੱਖ ਧਰਮ ਦੇ ਸੰਸਥਾਪਕ) ਦੀ ਤਕਸੀਮ ਵਿਚ ਜੀ ਰਹੇ ਹਾਂ।" (ਸਿੱਖੀ-ਸਿੱਖ ਨਿਰੀਖਣ-ਕਲਕੱਤਾ)

ਇਹ ਸ਼ਰਧਾਂਜਲੀਆਂ ਇੱਕ ਬਹੁਤ ਹੀ ਪ੍ਰਸਿੱਧ ਈਸਾਈ ਪਾਦਰੀ ਵਲੋਂ ਹਨ।

ਸਿੱਖ ਧਰਮ ਨਵੀਂ ਦੁਨੀਆ ਦਾ ਧਰਮ ਹੈ ਅਤੇ ਇਸਲਈ ਇਸਨੂੰ ਮੌਜੂਦਾ ਸਮੇਂ ਦਾ ਧਰਮ ਕਿਹਾ ਗਿਆ ਹੈ। ਇਸਦੀ ਸਥਾਪਨਾ 15ਵੀਂ ਸ਼ਤਾਬਦੀ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਕੀਤੀ ਗਈ ਸੀ ਜਿਨ੍ਹਾਂ ਨੂੰ ਇਕ ਪੈਗ਼ੰਬਰ ਦੇ ਰੂਪ ਵਿਚ ਰੱਬ ਉਸ ਸਰਬ ਸ਼ਕਤੀਮਾਨ ਵਲੋਂ ਸੱਚ, ਰੱਬ ਦੇ ਨਾਂ ਅਤੇ ਚੰਗੇ ਕੰਮਾਂ ਦੇ ਇਲਾਹੀ ਸੰਦੇਸ਼ ਦੇ ਨਾਲ ਸਮੁੱਚੀ ਮਾਨਵ ਜਾਤੀ ਦੇ ਉੱਧਾਰ ਅਤੇ ਇਸਦੀ ਸੁਰੱਖਿਆ ਲਈ ਭੇਜਿਆ ਗਿਆ ਸੀ। ਇਸ ਤਰ੍ਹਾਂ ਇਹ ਮੌਜੂਦਾ ਸਮੇਂ ਦਾ ਧਰਮ ਹੈ, ਜੋ ਕਿ ਆਧੁਨਿਕ ਯੁੱਗ ਦੀ ਸਮੱਸਿਆਵਾਂ ਦਾ ਸਮਾਧਾਨ ਕਰਨ ਦੇ ਯੋਗ ਹੈ।

ਜੇ ਹੁਣ ਵੀ ਸਿੱਖ ਆਪ ਇਸਨੂੰ ਨਹੀਂ ਸਮਝਣਗੇ ਅਤੇ ਇਸ ਮੁਤਾਬਕ ਕੰਮ ਨਹੀਂ ਕਰਨਗੇ ਅਤੇ ਨਾਂ ਹੀ ਇਸਨੂੰ ਆਪਣੀ ਨੌਜਵਾਨ ਪੀੜ੍ਹੀ ਲਈ ਪੱਕਾ ਕਰਨਗੇ, ਤਾਂ ਉਹ ਅਤੇ ਹੋਰ ਵੀ ਜ਼ਿਆਦਾ ਉਹ ਜੋ ਸਿੱਖ ਨੇਤਾ, ਧਾਰਮਕ ਅਤੇ ਰਾਜਨੀਤਕ, ਹੋਣ ਦਾ ਵਿਖਾਵਾ ਕਰਦੇ ਹਨ, ਸਿੱਖ ਇਤਿਹਾਸ ਵਿਚ ਮੁਆਫ ਨਾ ਕਰਨ ਯੋਗ ਗੁਸਤਾਖ਼ੀ ਲਈ ਜਿੰਮੇਵਾਰ ਹੋਣਗੇ, ਕਿ ਉਹ ਇਸ ਸੰਬੰਧ ਵਿਚ ਆਪਣੇ ਫ਼ਰਜ਼ ਨੂੰ ਨਿਭਾਉਣ ਵਿਚ ਪੂਰੀ ਤਰ੍ਹਾਂ ਅਸਫਲ ਰਹੇ ਹਨ।

## ਅਧਿਆਇ 4-14

## ਸਿੱਖ ਰਾਜਨੀਤੀ ਹੁਣ ਸਿੱਖ ਹਿੱਤਾਂ ਅਤੇ ਸਿੱਖ ਕਦਰਾਂ ਦੀ ਥਾਂ ਨਿਜੀ ਸੁਆਰਥੀ ਹਿੱਤਾਂ ਅਤੇ ਸੱਤਾ ਲਈ ਭੁੱਖੀ ਹੋ ਗਈ ਹੈ-ਸਹੀ ਨਿਰਦੇਸ਼ਨ ਅਤੇ ਸਿੱਖ ਏਕਤਾ ਦੀ ਲੋੜ

ਸਿੱਖ ਰਾਜਨੇਤਾਵਾਂ ਨੇ ਸਿੱਖ ਰਾਜਨੀਤੀ ਨੂੰ ਹੁਣ ਸਿੱਖ ਹਿੱਤਾਂ ਅਤੇ ਸਿੱਖ ਕਦਰਾਂ ਦੀ ਥਾਂ ਨਿਜੀ ਸੁਆਰਥੀ ਹਿੱਤਾਂ ਅਤੇ ਸੱਤਾ ਲਈ ਭੁੱਖੀ ਬਣਾ ਦਿੱਤਾ ਹੈ। ਜ਼ਿਆਦਾਤਰ ਸਿੱਖ ਨੇਤਾਵਾਂ ਦੇ ਵਿਰੁੱਧ ਸਿੱਖ ਧਰਮ ਵਿਚ ਪੂਰੀ ਤਰ੍ਹਾਂ ਵਰਜਤ ਭ੍ਰਿਸ਼ਟ ਕਿਰਿਆਵਾਂ ਦੇ ਅਰੋਪਾਂ ਤੋਂ ਇਲਾਵਾ, ਪਾਰਟੀ ਦੀ ਗੁੱਟਬਾਜੀ, ਪੱਖਪਾਤ ਅਤੇ ਹੰਕਾਰੀ ਪ੍ਰਵ੍ਰਿਤੀਆਂ ਦੇ ਚਲਦੇ ਨਤੀਜੇ ਵਜੋਂ ਸਿੱਖਾਂ ਵਿਚ ਫੁੱਟ ਪੈ ਗਈ ਹੈ। ਇੱਥੇ ਤੱਕ ਕਿ ਸਿੱਖ ਧਰਮ ਨੂੰ ਰਾਜਨੀਤੀ ਦੇ ਅਧੀਨ ਬਣਾ ਦਿੱਤਾ ਗਿਆ ਹੈ ਜਿਵੇਂ ਕਿ ਸਿੱਖ ਰਾਜਨੇਤਾ ਆਪਣੇ ਕਾਬੂ ਹੇਠ ਐਸ.ਜੀ.ਪੀ.ਸੀ., ਜੋ ਜ਼ਿਆਦਾਤਰ ਸਿੱਖ ਧਾਰਮਕ ਕਰਮਚਾਰੀ ਨਿਯੁਕਤ ਕਰਦੀ ਹੈ, ਦੇ ਰਾਹੀਂ ਧਾਰਮਕ ਨੇਤਾਵਾਂ ਦੇ ਗੁਰੂ ਬਣ ਗਏ ਹਨ, ਭਾਵੇਂ ਰਾਜਨੀਤੀ ਨੂੰ ਧਰਮ ਦੇ ਅਧੀਨ ਬਣਾਇਆ ਗਿਆ ਸੀ ਤਾਂ ਜੋ ਰਾਜਨੇਤਾ ਆਪਣੀ ਸਮਾਜਕ-ਰਾਜਨੀਤਕ ਕਿਰਿਆਵਾਂ ਵਿਚ ਸਿੱਖ ਧਰਮ ਦੀ ਉੱਚ ਇਖ਼ਲਾਕੀ ਅਤੇ ਨੈਤਿਕ ਕਦਰਾਂ ਉੱਤੇ ਕੰਮ ਕਰ ਸਕਣ।

ਸਿੱਖ ਇਤਿਹਾਸ ਆਪ ਇਸ ਤੱਥ ਦਾ ਗਵਾਹ ਹੈ ਕਿ ਸਿੱਖ ਆਗੂਆਂ ਅਤੇ ਹੋਰ ਸਾਰੇ ਸਿੱਖਾਂ ਨੇ ਵੀ ਮੁਗ਼ਲਾਂ ਅਤੇ ਅਫ਼ਗਾਨਾਂ ਦੇ ਖ਼ਿਲਾਫ਼ ਅਤੇ ਅੰਗਰੇਜਾਂ ਦੇ ਵਿਰੁੱਧ ਵੀ ਲੰਬੀ ਲੜਾਈ ਵੇਲੇ ਆਪਣੇ ਧਰਮ ਦੀ ਉੱਚ ਕਦਰਾਂ-ਕੀਮਤਾਂ ਦਾ ਪਾਲਨ ਕੀਤਾ ਸੀ, ਜਿਸਦੀ ਉਨ੍ਹਾਂ ਸਿੱਖ ਵਿਰੋਧੀਆਂ ਵਲੋਂ ਵੀ ਪ੍ਰਸ਼ੰਸਾ ਕੀਤੀ ਗਈ ਸੀ। ਉਨ੍ਹਾਂ ਲੜਾਈਆਂ ਵਿਚ ਉਨ੍ਹਾਂ ਆਪਣੀ ਸਿੱਖ ਏਕਤਾ ਨੂੰ ਜਿਉਂ ਦੀ ਤਿਉਂ ਰਖਿਆ ਅਤੇ ਉਨ੍ਹਾਂ ਤਾਕਤਵਰ ਸ਼ਕਤੀਆਂ ਨੂੰ ਖਦੇੜ ਕੇ ਆਪਣਾ ਸਿੱਖ ਸਾਮਰਾਜ ਕਾਇਮ ਕਰਨ ਵਿਚ ਸਫਲ ਰਹੇ। ਮੌਜੂਦਾ ਸਿੱਖਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਆਪਣੇ ਇਤਿਹਾਸ ਤੋਂ ਅਤੇ ਸਿੱਖ ਕਾਰਕਾਂ ਲਈ ਬੱਧ ਹੋਣ ਲਈ ਆਪਣੇ ਪੁਰਖਾਂ ਤੋਂ ਮਾਰਗਦਰਸ਼ਨ ਦੀ ਲੋੜ ਹੈ, ਜਿਨ੍ਹਾਂ ਨੇ ਸਿੱਖ ਇਤਿਹਾਸ ਦੇ ਸੁਨਹਿਰੇ ਪੰਨਿਆਂ ਦਾ ਸਤਿਕਾਰ ਕੀਤਾ ਹੈ।

ਆਪਣੇ ਸਾਰੇ ਨਾਗਰਿਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਅੱਜ ਦੇ ਵਿਕਸਿਤ ਸਭਯ ਦੇਸ਼ਾਂ ਦੇ ਸੰਵਿਧਾਨ ਦੇ ਪੂਰਵ-ਪ੍ਰਤੀਕ ਹਨ – ਨਿਆਂ (ਰਾਜਨੀਤਕ, ਸਮਾਜਕ ਅਤੇ ਆਰਥਕ, ਧਰਮ ਅਤੇ ਪੂਜਾ ਦੀ ਆਜ਼ਾਦੀ, ਸਮਾਨ ਅਹੁਦਾ ਅਤੇ ਵਿਅਕਤਿਕਤਾ ਦੀ ਮਾਣ ਮਰਿਆਦਾ)। ਮਾਨਵਤਾ ਦੇ ਇਨ੍ਹਾਂ ਸਾਰੇ ਮੂਲ ਅਧਿਕਾਰਾਂ ਦਾ ਸਮੱਰਥਣ ਸਿੱਖ ਧਰਮ ਵਲੋਂ ਪੰਜ ਸੌ ਸਾਲ ਪਹਿਲਾਂ, ਜਦੋਂ ਭਾਰਤ ਵਿਚ ਮੁਗ਼ਲਾਂ ਦਾ ਇਕਤੰਤ੍ਰੀ ਸ਼ਾਸਨ ਸੀ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਇਕਤੰਤ੍ਰੀ ਸ਼ਾਸਨ ਸੀ, ਹੀ ਕੀਤਾ ਗਿਆ ਸੀ। ਕਿਸੇ ਹੋਰ ਧਰਮ ਜਾਂ ਵਿਸ਼ਵਾਸ ਨੇ ਇਨ੍ਹਾਂ ਅਧਿਕਾਰਾਂ ਦਾ ਦਾਅਵਾ ਜਾਂ ਸੁਰੱਖਿਆ ਨਹੀਂ ਕੀਤੀ ਸੀ। ਇਹ ਮੂਲ-ਭੂਤ ਅਧਿਕਾਰ ਸਿੱਖ ਧਰਮ ਵਿਚ ਸਿਰਫ ਰਸਮਾਂ ਨਾਲ ਅੱਗੇ ਨਹੀਂ ਲਿਆਏ ਗਏ ਸਨ ਬਲਕਿ ਕੁਝ ਸਿੱਖ ਗੁਰੂਆਂ ਦੇ ਮਹਾਨ ਬਲਿਦਾਨਾਂ, ਲੜਾਈ ਦੇ ਮੈਦਾਨ ਵਿਚ ਉਨ੍ਹਾਂ ਚੋਂ ਕੁਝ ਵਲੋਂ ਬਹੁਤ ਜ਼ਿਆਦਾ ਬਹਾਦਰੀ ਦੇ ਪ੍ਰਦਰਸ਼ਨ ਨਾਲ ਇਸਨੂੰ ਲਾਗੂ ਕਰਨਾ ਸੁਨਿਸ਼ਚਿਤ ਕੀਤਾ ਗਿਆ ਸੀ ਅਤੇ ਲੋੜ ਮੁਤਾਬਕ ਹਾਲਾਤਾਂ ਵਿਚ ਉਨ੍ਹਾਂ ਦੇ ਹਜ਼ਾਰਾਂ ਅਨੁਯਾਯੀਆਂ ਵਲੋਂ ਇਸਦਾ ਪਾਲਨ ਕੀਤਾ ਗਿਆ।

ਰਾਜਨੀਤੀ ਨੂੰ ਧਰਮ ਦੇ ਅਧੀਨ ਬਣਾਇਆ ਗਿਆ ਸੀ ਅਤੇ ਸਿੱਖ ਧਰਮ ਵਿਚ ਇਸ ਤੋਂ ਜੁਦਾ ਨਹੀਂ ਕੀਤਾ ਗਿਆ ਤਾਂ ਕਿ ਧਰਮ ਤੋਂ ਪੈਦਾ ਹੋਈ ਇਖ਼ਲਾਕੀ ਅਤੇ ਨੈਤਿਕਤਾ ਵਿਚਲੀ ਉੱਚ ਕਦਰਾਂ ਰਾਜਨੀਤੀ ਵਿਚ ਝਲਕਣ। ਰਾਜਨੀਤੀ ਹੋਰ ਜ਼ਿਆਦਾ ਦੁਸ਼ਟਾਂ ਦੀ ਖੇਡ ਨਹੀਂ ਰਹੀ ਸੀ। ਸਿੱਖ ਧਰਮ ਵਿਚ ਮਾਨਵਤਾ ਦੀ ਸੁਆਰਥਹੀਨ ਸੇਵਾ ਦੇ ਨਾਲ ਸਮਾਜ ਲਈ ਸਮਾਜਕ ਜਿੰਮੇਦਾਰੀਆਂ 'ਤੇ ਜ਼ੋਰ ਦਿੱਤਾ ਗਿਆ ਸੀ ਜਿਸਦੀ ਪਹਿਲੇ ਧਰਮਾਂ ਅਤੇ ਪ੍ਰਣਾਲੀਆਂ ਵਿਚ ਕਮੀ ਸੀ, ਜੋ ਬਲਕਿ ਮੁਕਤੀ ਨੂੰ ਵਿਅਕਤਿਕ ਉਦੇਸ਼ ਅਤੇ ਜੀਵਨ ਵੱਲ ਨਕਾਰੀ ਦ੍ਰਿਸ਼ਟੀਕੋਣ ਰੱਖਦੇ ਹੋਏ ਕਿ ਇਹ ਇਕ ਤਰ੍ਹਾਂ ਦਾ ਦੁਖ ਅਤੇ ਭ੍ਰਮ ਹੈ ਦੁਨਿਆਵੀ ਮਾਮਲਿਆਂ ਵਿਚ ਭਾਗੀਦਾਰੀ ਨੂੰ ਆਤਮਕ ਯਤਨਾਂ ਵਿਚ ਰੁਕਾਵਟ ਮੰਨਦੇ ਸਨ।

ਸਿੱਖ ਧਰਮ ਵਿਚ ਨਿਆਂ (ਧਾਰਮਕ, ਰਾਜਨੀਤਕ, ਸਮਾਜਕ ਅਤੇ ਆਰਥਕ) ਕਿਸੇ ਇੱਕ ਲਈ ਸੁਰੱਖਿਅਤ ਨਹੀਂ ਰਖਿਆ ਗਿਆ ਹੈ ਬਲਕਿ ਹੋਰ ਸਾਰਿਆਂ ਲਈ ਹੈ ਜੋ ਕਿ ਅਨਿਆਂ ਦੇ ਸ਼ਿਕਾਰ ਹਨ। ਮੂਲ-ਭੂਤ ਮਾਨਵਾਧਿਕਾਰ ਨੂੰ ਕਿਸੇ ਇੱਕ ਲਈ ਲਾਗੂ ਨਹੀਂ ਕੀਤਾ ਜਾਣਾ ਹੈ ਬਲਕਿ ਇੱਕੋ ਜਾਤ ਅਤੇ ਭਾਈਚਾਰੇ ਦੀ ਹੋਣ ਕਰਕੇ ਸਮੁੱਚੀ ਮਾਨਵ ਜਾਤੀ ਲਈ ਇਸਦੇ ਅਮਲ ਵਿਚ ਲਿਆਉਣ ਨੂੰ ਪੱਕਾ ਕਰਨ ਦੀ ਲੋੜ ਹੈ। ਦੂਜਿਆਂ ਦੇ ਅਧਿਕਾਰਾਂ 'ਤੇ ਦੌਲਤ ਅਤੇ ਹਮਲੇ ਦੀ ਤਾਕਤ ਨਾਲ ਗਰੀਬ ਨਿਰਦੋਸ਼ ਜਨਤਾ ਦਾ ਸ਼ੋਸ਼ਣ ਵਰਜਤ ਹੈ। ਸਿੱਖ ਧਰਮ ਲੋਕਤੰਤਰ, ਲੋਕਾਂ ਦੀ ਸਰਕਾਰ, ਲੋਕਾਂ ਵਲੋਂ ਅਤੇ ਲੋਕਾਂ ਲਈ, ਵਿਚ ਵਿਸ਼ਵਾਸ ਰੱਖਦਾ ਹੈ; ਪ੍ਰਸ਼ਾਸਕ ਲੋਕਾਂ ਦੇ ਨੌਕਰ; ਜਿੰਦਗੀ ਦੀ ਉਚ ਕਦਰਾਂ-ਕੀਮਤਾਂ ਅਤੇ ਇੱਕ ਦੀ ਸਮਾਨਤਾ ਅਤੇ ਗੌਰਵ ਨਾਲ ਜੋ ਨਿਰਦੇਸ਼ਿਤ ਕੀਤੇ ਜਾਣੇ ਚਾਹੀਦੇ ਹਨ। ਸਿੱਖੀ ਆਧੁਨਿਕ ਸਮਾਜਵਾਦ ਤੋਂ ਕਈ ਉੱਪਰ ਹੈ ਜਿਵੇਂ ਕਿ ਇਹ ਹਰ ਕਿਸੇ ਲਈ ਈਮਾਨਦਾਰੀ ਨਾਲ ਸਖ਼ਤ ਮਿਹਨਤ ਕਰਕੇ ਕਮਾਈ ਕਰਨ ਅਤੇ ਆਪਣੀ ਕਮਾਈ ਵਿਚੋਂ ਜ਼ਰੂਰਤਮੰਦ ਦੀ ਮਦਦ ਕਰਨ ਨੂੰ ਲਾਜ਼ਮੀ ਬਣਾਉਂਦੀ ਹੈ।

ਅਮਰੀਕਾ ਦੇ ਦੁਨੀਆ ਦੇ ਇਤਿਹਾਸ ਦੇ ਪ੍ਰਸਿੱਧ ਵਿਦਵਾਨ ਪ੍ਰੋਫ ਆਰਨੋਲਡ ਟੋਨੀਬੀ ਨੇ ਸਹੀ ਬਿਆਨ ਕੀਤਾ ਹੈ –

"ਸਿੱਖ ਅੰਦੋਲਨ ਨੈਤਿਕ ਆਧਾਰ 'ਤੇ ਲੈਨਿਨ ਦੇ ਸਮਾਜਵਾਦ ਤੋਂ ਤਕਰੀਬਨ 200 ਸਾਲਾਂ ਤੋਂ ਪੂਰਵ-ਗਾਮੀ ਸੀ।"

ਜੇ. ਡੀ. ਕਨਿੰਨਗ੍ਰਮ ਨੇ ਵੀ ਅਜਿਹੇ ਵਿਚਾਰ ਦਾ ਸਮੱਰਥਣ ਕੀਤਾ ਹੈ:

"ਸੁਧਾਰ ਦੇ ਸਚੇ ਸਿਧਾਂਤਾਂ ਨੂੰ ਵੇਖਣ ਅਤੇ ਸਮਝਣ ਅਤੇ ਉਨ੍ਹਾਂ ਵਿਆਪਕ ਨੀਂਹਾਂ ਨੂੰ ਰੱਖਣ ਲਈ ਇਹ ਗੁਰੂ ਨਾਨਕ ਜੀ ਲਈ ਰਾਖਵਾਂ ਕੀਤਾ ਗਿਆ ਸੀ, ਜਿਸਨੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਨੂੰ ਇਸ ਯੋਗ ਕੀਤਾ ਕਿ ਉਹ ਇਕ ਨਵੀਂ ਨਾਗਰਿਕਤਾ ਨਾਲ ਆਪਣੇ ਦੇਸ਼ ਦੇ ਮਨਾਂ ਨੂੰ ਸਿਧਾਂਤ ਲਈ ਵਿਵਹਾਰਕ ਪ੍ਰਭਾਵ ਦੇਣ ਲਈ ਰੌਸ਼ਨ ਕਰ ਸਕਣ ਕਿ ਭੇਦਭਾਵ, ਰਾਜਨੀਤਕ ਅਧਿਕਾਰਾਂ ਅਤੇ ਧਰਮ ਵਿਚ ਜਾਤ ਵਿਚ ਸੱਭ ਤੋਂ ਨੀਵਾਂ ਸਭ ਤੋਂ ਉੱਚੇ ਦੇ ਬਰਾਬਰ ਹੈ।"

ਔਰੋਬਿੰਦੋ ਘੋਸ਼, ਇਕ ਭਾਰਤੀ ਵਿਦਵਾਨ ਕਹਿੰਦਾ ਹੈ, "ਸਿੱਖ ਖ਼ਾਲਸਾ ਇੱਕ ਹੈਰਾਨਕੁਨ ਮੌਲਿਕ ਅਤੇ ਅਦਭੁਤ ਸਿਰਜਨਾ, ਇੱਕ ਲੋਕਤੰਤ੍ਰੀ ਸੰਸਥਾ ਸੀ।"

ਨਿਆਂ (ਧਾਰਮਕ, ਰਾਜਨੀਤਕ, ਸਮਾਜਕ ਅਤੇ ਆਰਥਕ) ਨੂੰ ਸਿਰਫ ਕਿਸੇ ਇਕ ਲਈ ਨਹੀਂ ਪਰ ਹੋਰ ਸਾਰੇ ਜੋ ਅਨਿਆਂ ਦੇ ਸ਼ਿਕਾਰ ਹਨ, ਲਈ ਸੁਰੱਖਿਅਤ ਰੱਖਣ ਲਈ; ਮੂਲ ਮਾਨਵਾਧਿਕਾਰਾਂ ਨੂੰ ਪੱਕਾ ਕਰਨ ਲਈ, ਖ਼ਾਸ ਕਰਕੇ ਹਰ ਕਿਸੇ ਲਈ ਧਰਮ ਦੀ ਆਜ਼ਾਦੀ ਦਾ ਅਧਿਕਾਰ; ਹਰ ਆਦਮੀ ਦੇ ਗੌਰਵ ਅਤੇ ਉਸਦੀ ਸਮਾਨਤਾ ਨੂੰ ਕਾਇਮ ਰੱਖਣ ਲਈ ਸਿੱਖੀ ਦੇ ਸਿਧਾਂਤ ਨੇ ਸਿੱਖਾਂ ਨੂੰ ਮੁਗ਼ਲ ਸ਼ਾਸਕਾਂ ਨਾਲ ਵਿਵਾਦਾਂ ਵਿਚ ਰੱਖਿਆ ਜੋ ਕਿ ਬੰਦੂਕ ਦੇ ਜ਼ੋਰ ਨਾਲ ਇਨ੍ਹਾਂ ਮਾਨਵਾਧਿਕਾਰਾਂ ਦੀ ਉਲੰਘਣਾ ਕਰਨ ਵਿਚ ਲੱਗੇ ਹੋਏ ਸਨ। ਦਰਅਸਲ ਸਿੱਖ ਹਰ ਅਨਿਆਂ ਸ਼ਕਤੀ ਅਤੇ ਅਧਿਕਾਰ ਨਾਲ ਵਿਵਾਦ ਵਿਚ ਰਹੇ ਕਿਉਂ ਜੋ ਉਹ ਕਦੇ ਵੀ ਅਨਿਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ।

ਸਤੰਬਰ 1708 ਵਿਚ, ਸਿੰਘ ਵਿਚ ਤਬਦੀਲ ਹੋਏ ਬੈਰਾਗੀ, ਗੁਰਬਖ਼ਸ਼ ਸਿੰਘ, ਆਮਤੌਰ 'ਤੇ ਬੰਦਾ ਸਿੰਘ ਬਹਾਦਰ ਵਜੋਂ ਜਾਣੇ ਜਾਂਦੇ ਹਨ, ਪੰਜ ਸਿੱਖਾਂ ਦੇ ਨਾਲ ਗੁਰੂ ਗੋਬਿੰਦ ਸਿਘ ਜੀ ਦਾ ਅਸ਼ੀਰਵਾਦ ਲੈ ਕੇ ਸਰਹਿੰਦ ਦੇ ਜ਼ਾਲਮ ਮੁਗ਼ਲ ਰਾਜਪਾਲ, ਜਿਸਨੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਦੋ ਪੁੱਤਰਾਂ ਨੂੰ ਦੀਵਾਰ ਵਿਚ ਜ਼ਿੰਦਾ ਚਿਣਵਾ ਦਿੱਤਾ ਸੀ, ਅਤੇ ਹੋਰ ਕਸੂਰਵਾਰ ਅਧਿਕਾਰੀਆਂ ਕੋਲੋਂ ਬਦਲਾ ਲੈਣ ਲਈ ਅਤੇ

ਜ਼ਾਲਮ ਅਤੇ ਅਤਿਆਚਾਰੀ ਮੁਗ਼ਲ ਸ਼ਾਸਨ ਨੂੰ ਪੰਜਾਬ ਚੋਂ ਖ਼ਤਮ ਕਰਨ ਲਈ ਨਾਂਦੇੜ ਤੋਂ ਪੰਜਾਬ ਆਏ। ਉਹ ਕੁਝ ਮਹੀਨੇ ਦਿੱਲੀ ਦੇ ਨੇੜੇ ਸਹੇਰੀ ਪਿੰਡ ਠਹਿਰੇ ਅਤੇ ਉੱਥੇ ਸਿੱਖ ਫੌਜ ਦਾ ਗਠਨ ਕੀਤਾ। ਫਿਰ ਸਿੱਖ ਰਾਹ ਵਿਚ ਆਉਣ ਵਾਲੇ ਖ਼ੇਤਰਾਂ ਤੋਂ ਮੁਗ਼ਲ ਅਧਿਕਾਰੀਆਂ ਨੂੰ ਖਦੇੜਦੇ ਹੋਏ ਅਤੇ ਉਸ ਉੱਤੇ ਕਬਜ਼ਾ ਕਰਦੇ ਹੋਏ ਸਰਹਿੰਦ ਵੱਲ ਤੁਰ ਪਏ। 1710 ਵਿਚ, ਸਰਹਿੰਦ ਤੋਂ ਬਾਹਰ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਜ਼ਬਰਦਸਤ ਲੜਾਈ ਹੋਈ। ਸਿੱਖਾਂ ਨੇ ਮੁਗ਼ਲ ਫੌਜ ਨੂ ਮਾਤ ਦਿੱਤੀ ਅਤੇ ਸਰਹਿੰਦ 'ਤੇ ਕਬਜ਼ਾ ਕਰ ਲਿਆ। ਸਰਹਿੰਦ ਦੇ ਰਾਜਪਾਲ ਵਜ਼ੀਰ ਖ਼ਾਨ ਨੂੰ ਬੰਦੀ ਬਣਾ ਲਿਆ ਗਿਆ ਸੀ ਅਤੇ ਬੇ-ਰਹਿਮੀ ਨਾਲ ਮਾਰ ਦਿੱਤਾ ਗਿਆ। ਦੂਜੇ ਅਪਰਾਧੀਆਂ ਨੂੰ ਵੀ ਸਜਾ ਦਿੱਤੀ ਗਈ। ਇਕ ਸੁੱਚਾ ਨੰਦ ਸੀ, ਇੱਕ ਹਿੰਦੂ ਵਜ਼ੀਰ ਜਿਸਨੇ ਰਾਜਪਾਲ ਨੂੰ ਭੜਕਾਇਆ ਸੀ ਕਿ ਇਕ ਕੋਬਰੇ ਦੇ ਪੁੱਤਰਾਂ ਨੂੰ ਜਿੰਦਾ ਨਹੀਂ ਛੱਡਣਾ ਚਾਹੀਦਾ, ਨੂੰ ਵੀ ਸਜਾ ਦਿੱਤੀ ਗਈ ਅਤੇ ਮਾਰ ਦਿੱਤਾ ਗਿਆ।

ਸਿੱਖ ਝੰਡਾ ਸਰਹਿੰਦ ਉੱਪਰ ਲਹਿਰਾ ਰਿਹਾ ਸੀ। ਭਾਈ ਵਿਨੋਦ ਸਿੰਘ ਨੂੰ ਸਰਹਿੰਦ ਦਾ ਰਾਜਪਾਲ ਨਿਯੁਕਤ ਕੀਤਾ ਗਿਆ। ਸਿੱਖਾਂ ਨੇ ਪੰਜਾਬ ਵਿਚ ਲਾਹੌਰ ਤੱਕ ਦੇ ਖ਼ੇਤਰਾਂ ਉੱਤੇ ਕਬਜ਼ਾ ਕਰ ਲਿਆ ਅਤੇ ਸਿੱਖ ਸ਼ਾਸਨ ਕਾਇਮ ਕੀਤਾ। ਮੁਗ਼ਲ ਮੁੱਦਰਾ ਗੁਰੂ ਨਾਨਕ ਦੇ ਨਾਂ ਵਿਚ ਸਿੱਖ ਮੁੱਦਰਾ ਨਾਲ ਬਦਲ ਦਿੱਤੀ ਗਈ ਸੀ। ਦਸੰਬਰ 1715 ਵਿਚ ਬੰਦਾ ਸਿੰਘ ਬਹਾਦਰ ਹੋਰ ਸਿੱਖ ਸੂਰਬੀਰਾਂ ਨਾਲ ਬੰਦੀ ਬਣਾ ਲਏ ਗਏ ਅਤੇ ਦਿੱਲੀ ਵਿਖੇ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਉਨ੍ਹਾਂ ਚੋਂ ਕਿਸੇ ਨੇ ਵੀ ਆਪਣੇ ਧਰਮ ਨੂੰ ਬਦਲਣਾ ਸਵੀਕਾਰ ਨਹੀਂ ਕੀਤਾ। ਸਿੱਖ ਸੰਘਰਸ਼ ਵਿਚ ਅਜਿਹੇ ਉਤਾਰ-ਚੜਾਅ ਆਏ ਜੋ ਕਰੀਬ ਇਕ ਸਦੀ ਤੱਕ ਜਾਰੀ ਰਹੇ; ਅਖੀਰਕਾਰ ਸਿੱਖਾਂ ਨੇ ਮੁਗ਼ਲ ਅਤੇ ਅਫ਼ਗਾਨ ਘੁਸਪੈਠਿਆਂ ਨੂੰ ਜੜੋਂ ਉਖਾੜ ਸੁੱਟਿਆ ਅਤੇ ਆਪਣਾ ਸਾਮਰਾਜ ਸਥਾਪਿਤ ਕੀਤਾ। 1768 ਤੱਕ ਸਿੱਖਾਂ ਨੇ ਆਪਣੇ ਗਠਜੋੜ ਸ਼ਾਸਨ ਦੇ ਅਧੀਨ ਪੰਜਾਬ 'ਤੇ ਕਬਜ਼ਾ ਕਰ ਲਿਆ ਜਿਸਨੂੰ ਅਕਾਲ ਤਖ਼ਤ ਦੀ ਦੇਖ-ਰੇਖ ਅਧੀਨ ਸਥਾਪਿਤ ਕੀਤਾ ਗਿਆ ਸੀ। ਮੁਗ਼ਲਾਂ ਅਤੇ ਪਠਾਨਾਂ ਨੇ ਉਨ੍ਹਾਂ ਦੇ ਇਲਾਕਿਆਂ ਵਿਚ ਵੜਨ ਦੀ ਹਿੰਮਤ ਨਹੀਂ ਕੀਤੀ।

1799 ਵਿਚ ਮਹਾਰਾਜਾ ਰੰਜੀਤ ਸਿੰਘ ਦੀ ਅਗੁਵਾਈ ਹੇਠ ਸਿੱਖਾਂ ਨੇ ਸੰਘਾਂ ਨੂੰ ਇਕੱਠਾ ਕਰ ਕੇ ਆਪਣਾ ਆਜ਼ਾਦ ਸੱਤਾਧਾਰੀ ਰਾਜ ਕਾਇਮ ਕੀਤਾ ਅਤੇ ਫਿਰ ਮੁਗ਼ਲ ਸ਼ਾਸਕਾਂ ਦੇ ਅਧੀਨ ਅਤੇ ਅਫ਼ਗਾਨਿਸਤਾਨ ਨਾਲ ਵਫ਼ਾਦਾਰ ਰਿਆਸਤਾਂ ਨੂੰ ਖਦੇੜ ਕੇ ਪੂਰੇ ਪੰਜਾਬ 'ਤੇ ਕਬਜ਼ਾ ਕਰ ਲਿਆ। ਸਿੱਖ ਸਾਮਰਾਜ ਪੂਰੇ ਉੱਤਰ ਭਾਰਤ ਦੇ ਬਹੁਤ ਵੱਡੇ ਇਲਾਕੇ ਵਿਚ ਸੀ, ਜੋ ਇੱਕ ਪਾਸੇ ਤੋਂ ਲੈ ਕੇ ਦੂਜੇ ਪਾਸੇ ਚੀਨ ਦੀ ਸੀਮਾ ਤੱਕ ਫੈਲਿਆ ਸੀ। ਸਿੱਖ ਸਾਮਰਾਜ ਮਿਸਾਲ ਦੇਣ ਯੋਗ ਧਰਮ-ਨਿਰਪੇਖ ਸਾਮਰਾਜ ਸੀ। ਸਾਰੇ ਮੂਲ ਮਾਨਵ ਅਧਿਕਾਰ ਧਰਮ ਦੀ ਪੂਰਣ ਆਜ਼ਾਦੀ ਨਾਲ ਮੁੜ ਲਾਗੂ ਕੀਤੇ ਗਏ ਸਨ। ਨਿਆਂ (ਧਾਰਮਕ, ਰਾਜਨੀਤਕ, ਸਮਾਜਕ ਅਤੇ ਆਰਥਕ) ਹਰ ਕਿਸੇ ਲਈ ਪੱਕਾ ਕੀਤਾ ਗਿਆ ਸੀ। ਸਿੱਖ ਰਾਜ ਅਜਿਹਾ ਸ਼ਕਤੀਸ਼ਾਲੀ ਰਾਜ ਸੀ ਕਿ ਅੰਗਰੇਜ਼, ਜਿਨ੍ਹਾਂ ਨੇ ਬਾਕੀ ਸਾਰੇ ਭਾਰਤ ਵਿਚ ਆਪਣਾ ਸ਼ਾਸਨ ਕਾਇਮ ਕੀਤਾ ਸੀ, ਸਿੱਖ ਰਾਜ ਵਿਚ ਵੜ ਕੇ ਸਿੱਖਾਂ ਨਾਲ ਲੜਾਈ ਮੁਲ ਲੈਣ ਦੀ ਹਿੰਮਤ ਨਹੀਂ ਕਰ ਸਕੇ ਅਤੇ ਬਲਕਿ ਸਿੱਖਾਂ ਨਾਲ ਸਮਝੌਤਾ ਕੀਤਾ ਕਿ ਇਕ ਦੂਜੇ ਦੇ ਇਲਾਕੇ ਵਿਚ ਕਿਸੇ ਤਰ੍ਹਾਂ ਦੀ ਦਖ਼ਲਬਾਜੀ ਨਾ ਕੀਤੀ ਜਾਵੇ।

ਸਿੱਖਾਂ ਨੇ ਸਿੱਖਾਂ ਨੂੰ ਜਾਗਰੂਕ ਕਰਨ ਲਈ ਸਿੰਘ ਸਭਾ ਅੰਦੋਲਨ ਸ਼ੁਰੂ ਕੀਤਾ ਤਾਂ ਜੋ ਸਿੱਖ ਸਖ਼ਤੀ ਨਾਲ ਸਿੱਖੀ ਆਦਰਸ਼ ਜ਼ਾਬਤਾ ਲਈ ਡਟੇ ਰਹਿਣ ਅਤੇ ਆਪਣੇ ਧਰਮ ਦੀ ਸੱਚੀ ਪਰੰਪਰਾਵਾਂ ਦਾ ਪਾਲਣ ਕਰਨ ਅਤੇ ਉਨ੍ਹਾਂ ਦੇ ਧਰਮ ਦੇ ਖ਼ਿਲਾਫ ਬ੍ਰਾਹਮਣ ਏਜੰਟਾਂ ਅਤੇ ਈਸਾਈ ਮਿਸ਼ਨਰੀਆਂ ਦੀਆਂ ਸਾਜਿਸ਼ਾਂ ਦਾ ਖੰਡਨ ਕਰਨ। ਇਹ ਅੰਦੋਲਨ 1873-1920 ਤੱਕ ਕਿਰਿਆਸ਼ੀਲ ਰਿਹਾ ਅਤੇ ਸਿੱਖਾਂ ਨੂੰ ਉਨ੍ਹਾਂ ਦੇ ਧਰਮ ਲਈ ਬਾਹਰਲੇ ਖ਼ਤਰੇ ਤੋਂ ਜਾਗਰੂਕ ਕੀਤਾ ਗਿਆ। ਸਿੱਖ ਗੁਰੂਦੁਆਰੇ, ਸਿੱਖ ਵਿਦਿਅਕ ਸੰਸਥਾਵਾਂ= 96 ਖ਼ਾਲਸਾ ਸਕੂਲ ਅਤੇ ਕਾਲਜ ਪੰਜਾਬ ਭਰ ਵਿਚ ਸਥਾਪਿਤ ਕੀਤੇ ਗਏ। ਸਿੱਖ ਧਰਮ ਦੇ ਉਦੇਸ਼ ਦੇ ਸਮੱਰਥਣ ਲਈ ਸਿੱਖ ਸਮਾਚਾਰ ਪੱਤਰ ਅਤੇ ਰਸਾਲੇ ਸ਼ੁਰੂ ਕੀਤੇ ਗਏ।

1920-1925 ਦੇ ਵਿਚ ਅਕਾਲੀ ਅੰਦੋਲਨ ਹੋਂਦ ਵਿਚ ਆਇਆ ਜਿਸ ਵਿਚ ਸਿੱਖ ਮਹੰਤ ਸਿੱਖ ਗੁਰੂਦੁਆਰਿਆਂ ਦੀ ਵਿਵਸਥਾ ਕਰ ਰਹੇ ਸਨ ਅਤੇ ਆਪਣੇ ਅਹੁਦੇ ਜੱਦੀ ਬਣਾ ਲਏਸ ਨ ਅਤੇ ਬ੍ਰਾਹਮਣ ਅਤੇ ਬ੍ਰਿਟਿਸ਼ ਏਜੰਟਾਂ ਤੋਂ ਸ਼ੋਸ਼ਿਤ ਹੁੰਦੇ ਹੋਏ ਸਿੱਖ ਵਿਰੋਧੀ ਕਿਰਿਆਵਾਂ ਵਿਚ ਪੈ ਰਹੇ ਸਨ। ਸਿੱਖ ਗੁਰੂਦੁਆਰਾ ਐਕਟ 1925 ਬ੍ਰਿਟਿਸ਼ ਸਰਕਾਰ ਦੀ ਮਿਸਾਲ ਤੇ ਬਣਾਇਆ ਗਿਆ ਸੀ ਜੋ ਸਿੱਖਾਂ ਨਾਲ ਵਿਵਾਦ ਵਿਚ ਨਹੀਂ ਰਹਿ ਸਕੀ ਅਤੇ ਸਿੱਖਾਂ ਵਲੋਂ ਚੁਣੇ ਗਏ ਪ੍ਰਤੀਨਿਧੀਆਂ ਵਲੋਂ ਸਿੱਖ ਗੁਰੂਦੁਆਰਿਆਂ ਦੀ ਵਿਵਸਥਾ ਲਈ ਬਣਾਇਆ ਗਿਆ ਸੀ। ਉਦੋਂ ਤੋਂ ਐਸ.ਜੀ.ਪੀ.ਸੀ. (ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ) ਸਿੱਖਾਂ ਵਲੋਂ ਚੁਣੀ ਜਾਂਦੀ ਹੈ।

1926-1947 ਤੋਂ ਸਿੱਖ ਆਪਣੇ ਪ੍ਰਤੀਨਿਧ ਢਾਂਚੇ, ਸ਼੍ਰੋਮਣੀ ਅਕਾਲੀ ਦਲ ਰਾਹੀਂ ਰਾਜਨੀਤਕ ਮਾਮਲਿਆਂ ਵਿਚ ਕਿਰਿਆਸ਼ੀਲ ਰਹੇ ਅਤੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਹਿਸਾ ਲਿਆ, ਸਮੱਚੀ ਭਾਰਤੀ ਜਣਸੰਖਿਆ ਨਾਲੋਂ ਕਈ ਵੱਧ ਬਲਿਦਾਨ ਦਿੱਤੇ। ਇਸ ਸਮੇਂ ਵਿਚ ਭਾਰਤ ਦੀ ਆਜ਼ਾਦੀ ਦੇ ਕਾਂਗਰਸੀ ਨੇਤਾ ਮਹਾਤਮਾ ਗਾਂਧੀ, ਜਵਾਹਰ ਲਾਲ ਨੇਹਰੂ ਅਤੇ ਹੋਰਾਂ ਨੇ ਸਿੱਖਾਂ ਨੂੰ ਸਵੈ-ਸ਼ਾਸੀ ਤਾਕਤਾਂ ਅਤੇ ਸੰਵਿਧਾਨਕ ਵਇਅਦਿਆਂ ਦੇ ਨਾਲ ਉਨ੍ਹਾਂ ਦੀ ਮਾਤ੍ਰਭੂਮੀ ਪੰਜਾਬ ਦੇਣ ਦਾ ਰਾਜਨੀਤਕ ਵਾਅਦਾ ਕੀਤਾ। ਇਨ੍ਹਾਂ ਵਇਅਦਿਆਂ ਅਤੇ ਹੌਂਸਲਿਆਂ 'ਤੇ ਭਰੋਸਾ ਕਰਦੇ ਹੋਏ ਸਿੱਖਾਂ ਨੇ ਬ੍ਰਿਟਿਸ਼ ਸਰਕਾਰ ਅਤੇ ਮੁਸਲਮ ਲੀਗ ਦੀ ਉਨ੍ਹਾਂ ਨੂੰ ਅਲੱਗ ਸਿੱਖ ਰਾਜ ਅਤੇ ਰਾਜਨੀਤਕ ਸ਼ਕਤੀਆਂ ਦੇਣ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਅਤੇ ਪਾਕਿਸਤਾਨ ਨਾ ਬਣਾ ਕੇ ਭਾਰਤ ਦੀ ਆਜ਼ਾਦੀ 'ਤੇ ਜ਼ੋਰ ਦਿੱਤਾ। 1947 ਵਿਚ, ਅੰਗਰੇਜਾਂ ਨੇ ਬਹੁਮਤ ਦੇ ਆਧਾਰ 'ਤੇ ਮੁਸਲਮਾਨਾਂ ਲਈ ਇਕ ਅਲੱਗ ਦੇਸ਼ ਪਾਕਿਸਤਾਨ ਬਣਾ ਦਿੱਤਾ ਅਤੇ ਭਾਰਤ ਨੂੰ ਆਜ਼ਾਦੀ ਦੇ ਦਿੱਤੀ।

ਅਗਸਤ 15, 1947 ਨੂੰ ਭਾਰਤ ਲਈ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ, ਆਪਣੇ ਹੀ ਭਾਰਤੀ ਸੰਵਿਧਾਨ ਵਿਚ ਸਿੱਖਾਂ ਦੀ ਕਹਾਨੀ

ਦਰਦਨਾਕ ਅਤੇ ਉਮੀਦਾਂ ਤੋਂ ਹੇਠ ਹੈ। ਭਾਰਤੀ ਨੇਤਾਵਾਂ ਨੇ ਸਿੱਖਾਂ ਨੂੰ ਧੋਖਾ ਦਿੱਤਾ ਅਤੇ ਭਾਰਤ ਵਿਚ ਸਵੈ-ਸ਼ਾਸੀ ਸਿੱਖ ਰਾਜ ਸਥਾਪਿਤ ਕਰਨ ਅਤੇ ਸੰਵਿਧਾਨਕ ਸੁਰੱਖਿਆਵਾਂ ਦੇਣ ਦੇ ਆਪਣੇ ਵਾਅਦਿਆਂ ਅਤੇ ਹੌਂਸਲਿਆਂ ਤੋਂ ਇਨਕਾਰ ਕਰ ਦਿੱਤਾ ਜੋ ਉਨ੍ਹਾਂ ਨੇ ਸਿੱਖਾਂ ਨੂੰ ਦਿੱਤੇ ਸਨ। ਸਿੱਖਾਂ ਉੱਤੇ ਬਲਕਿ ਭਰੋਸਾ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਵਿਰੁੱਧ ਭੇਦਭਾਵ ਕੀਤਾ ਗਿਆ। ਪੰਜਾਬ ਰਾਜ ਨੂੰ ਭਾਸ਼ਾਈ ਆਧਾਰ ’ਤੇ ਭਾਰਤੀ ਰਾਜਾਂ ਦੇ ਪੁਨਰਗਠਨ ਤੋਂ ਵੀ ਦੂਰ ਰਖਿਆ ਗਿਆ, ਇਸ ਗੱਲ ਤੋਂ ਡਰਦੇ ਹੋਏ ਕਿ ਸਿੱਖ ਉਸ ਰਾਜ ਵਿਚ ਆਪਣਾ ਬਹੁਮਤ ਸਥਾਪਿਤ ਕਰ ਲੈਣਗੇ।

ਸਿੱਖਾਂ ਨੇ 1950-1966 ਤੱਕ ਉਸ ਪੁਨਰਗਠਿਤ ਰਾਜ ਦੇ ਨਿਰਮਾਣ ਲਈ ਕਰੀਬ 16 ਸਾਲਾਂ ਤੱਕ ਸੈਂਕੜਾਂ ਹਜ਼ਾਰਾਂ ਸਿੱਖਾਂ ਦੀ ਗਿਰਫਤਾਰੀਆਂ ਦਿੰਦੇ ਹੋਏ ਆਪਣੇ ਸ਼ਾਂਤੀਪੂਰਵਕ ਅੰਦੋਲਨ ਨੂੰ ਜਾਰੀ ਰਖਿਆ ਜਿਸਨੂੰ ਅਖ਼ੀਰਕਾਰ 1966 ਵਿਚ ਦੇ ਦਿੱਤਾ ਗਿਆ।

ਪੁਨਰਗਠਨ ਦੌਰਾਨ ਪੰਜਾਬ ਅਤੇ ਸਿੱਖਾਂ ਤੋਂ ਉਨ੍ਹਾਂ ਦੇ ਅਧਿਕਾਰਾਂ ਵਿਰੁੱਧ ਬੇਅੰਤ ਬੇਨਿਯਮੀਆਂ ਕੀਤੀਆਂ ਗਈਆਂ। ਇਥੋਂ ਤਕ ਕਿ ਪੰਜਾਬ ਦੀ ਰਾਜਧਾਨੀ ਨੂੰ ਵੀ ਭਾਰਤੀ ਸਰਕਾਰ ਅਧੀਨ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ। ਦਰਿਆਈ ਪਾਣੀ ਅਤੇ ਡੈਮਾਂ ਨੂੰ ਪੰਜਾਬ ਦੇ ਹੱਥੋਂ ਖੋਹ ਲਿਆ ਗਿਆ। ਬਾਅਦ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਜੰਮੂ ਅਤੇ ਕਸ਼ਮੀਰ ਵਰਗੇ ਹੋਰਨਾਂ ਰਾਜਾਂ ਨੂੰ ਵੰਡ ਦਿੱਤਾ ਗਿਆ ਜਿਨ੍ਹਾਂ ਦਾ ਰਿਪੇਰਿਅਨ ਕਾਨੂੰਨ ਦੇ ਅਨੁਸਾਰ ਇਸ ਉਪਰ ਕੋਈ ਹੱਕ ਨਹੀਂ ਬਣਦਾ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬਿਨਾਂ ਕਿਸੇ ਅਧਿਕਾਰ ਦੇ ਆਪਣੇ ਵਲੋਂ ਹੀ ਅਵਾਰਡ ਬਣਾ ਦਿਤੇ ਤਾਂ ਜੋ ਸਿੱਖਾਂ ਦੀ ਆਰਥਿਕ ਹਾਲਤ ਮਾੜੀ ਹੋ ਸਕੇ ਜੋ ਕਿ ਮੁਖ ਤੌਰ ਤੇ ਕਿਸਾਨ ਹਨ ਅਤੇ ਪੰਜਾਬ ਦੀ ਜ਼ਮੀਨ ਦੇ ਮਾਲਕ ਹਨ। ਸਿੱਖਾਂ ਨੂੰ ਇਨ੍ਹਾਂ ਬੇਨਿਯਮਿਆਂ ਨੂੰ ਦੂਰ ਕਰਣ ਲਈ 1966 ਵਿਚ ਫਿਰ ਤੋਂ ਸ਼ਾਂਤਮਈ ਵਿਰੋਧ ਸ਼ੁਰੂ ਕਰਨਾ ਪਿਆ ਜੋ ਕਿ ਹੁਣ ਤਕ ਚਲ ਰਿਹਾ ਹੈ ਪਰ ਉਨ੍ਹਾਂ ਦੀ ਅਤੇ ਪੰਜਾਬ ਦੀਆਂ ਵਾਜਬ ਮੰਗਾਂ ਨੂੰ ਹੁਣ ਤੱਕ ਮੰਨਿਆ ਨਹੀਂ ਗਿਆ ਹੈ ਅਤੇ ਲੱਗਦਾ ਹੈ ਕਿ ਭਾਰਤੀ ਸਰਕਾਰ ਉਨ੍ਹਾਂ ਨੂੰ ਹਮੇਸ਼ਾਂ ਝਗੜੇ ਵਿਚ ਰੱਖਣਾ ਚਾਹੁੰਦੀ ਹੈ।

ਸਿੱਖਾਂ ਨੇ ਧਰਮਯੁਧ ਮੋਰਚਾ 1982 ਤੋ ਮਈ 1984 ਤੱਕ ਜਾਰੀ ਰੱਖਿਆ ਜਿਸ ਅਧੀਨ ਕੋਈ 300,000 ਸਿੱਖਾਂ ਨੇ ਆਪਣੀ ਗ੍ਰਿਫਤਾਰੀ ਦਿੱਤੀ ਅਤੇ ਸੈਂਕੜੇ ਹੀ ਮਾਰੇ ਗਏ। ਜੂਨ 1984 ਦੇ ਪਹਿਲੇ ਹਫਤੇ ਵਿਚ, ਉਸ ਕਹਿੰਦੇ ਕਹਾਉਦੇ ਆਪਰੇਸ਼ਨ ਬਲੂ ਸਟਾਰ ਵਿਚ ਬਿਨਾਂ ਕਿਸੇ ਸ਼ੈਅ ਤੋਂ, ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਹੁੰਦਿਆਂ, ਭਾਰਤ ਸਰਕਾਰ ਨੇ ਸਿੱਖਾਂ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਉਪਰ ਭਾਰਤੀ ਸੈਨਾ ਅਤੇ ਇਸਦੇ ਜੰਗੀ ਟੈਂਕਾਂ ਨਾਲ ਹਮਲੇ ਕੀਤੇ, ਅਕਾਲ ਤਖ਼ਤ ਨੂੰ ਤਬਾਹ ਕਰ ਦਿੱਤਾ ਅਤੇ ਹਜ਼ਾਰਾਂ ਸਿੱਖਾਂ ਨੂੰ ਮਾਰ ਦਿੱਤਾ ਗਿਆ। ਪੰਜਾਬ ਭਰ ਵਿਚ ਸਿੱਖ ਜਵਾਨ ਬੁਰੀ ਤਰ੍ਹਾਂ ਤਸੀਹੇ ਦੇਣ ਅਤੇ ਉਨ੍ਹਾਂ ਦੇ ਕਤਲ ਲਈ ਖਾਸ ਨਿਸ਼ਾਨੇ ਉਪਰ ਸਨ।

ਅਕਤੂਬਰ 31 ਨੂੰ ਦੋ ਸਿੱਖ ਬਾਡੀਗਾਰਡਾਂ ਵਲੋਂ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਗਿਆ। ਉਸਦਾ ਲੜਕਾ ਪ੍ਰਧਾਨ ਮੰਤਰੀ ਬਣ ਗਿਆ। ਅਕਤੂਬਰ 31 ਤੋਂ ਨਵੰਬਰ 4 ਤਕ ਹਜ਼ਾਰਾਂ ਸਿੱਖਾਂ ਨੂੰ ਭਾਰਤ ਭਰ ਵਿਚ ਮਾਰਿਆ ਗਿਆ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਜ਼ਿੰਦਾ ਜਲਾ ਦਿੱਤਾ ਗਿਆ ਅਤੇ ਉਨ੍ਹਾਂ ਦੇ ਘਰ, ਉਨ੍ਹਾਂ ਦੇ ਵਪਾਰਕ ਅਸਥਾਨ ਅਤੇ ਇਥੋਂ ਤਕ ਕਿ ਬਹੁਤ ਸਾਰੇ ਸਿੱਖ ਗੁਰਦੁਆਰੇ ਸੁਆਹ ਦੇ ਢੇਰ ਵਿਚ ਬਦਲ ਦਿੱਤੇ ਗਏ ਸਨ। ਇਹੋ ਜਿਹੇ ਮਾੜੇ ਜੁਰਮ ਨੂੰ ਕਰਣ ਵਾਲਿਆਂ ਵਿਰੁਧ ਕਦਮ ਚੁਕੇ ਜਾਣ ਦੀ ਆਸ ਰੱਖਣਾ ਆਸ ਦੇ ਵਿਰੁਧ ਸੀ। ਸਿੱਖਾਂ ਦੀ ਖਾਸ ਕਰਕੇ ਜਵਾਨ ਸਿੱਖਾਂ ਦੀ ਖਿਲਾਫਤ 1996 ਤਕ ਚਲਦੀ ਰਹੀ। ਸਿੱਖ ਅੱਤਵਾਦੀਆਂ ਨੇ ਵੀ ਕਸੂਰਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਬਦਲਾ ਲੈਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਖਾਲਿਸਤਾਨ ਰਾਜ ਦੀ ਮੰਗ ਕੀਤੀ, ਇਕ ਵੱਖਰਾ ਸਿੱਖ ਰਾਜ ਕਿਉਂਕਿ ਸਿੱਖਾਂ ਨੇ ਭਾਰਤੀ ਸਾਮਰਾਜ ਵਿਚ ਆਪਣੀ ਸੁਰੱਖਿਆ ਨੂੰ ਪੈ ਰਹੇ ਖਤਰੇ ਨੂੰ ਮਹਿਸੂਸ ਕੀਤਾ। 1973 ਵਿਚ ਅਕਾਲੀ ਦਲ ਦੇ ਵੱਧ ਅਧਿਕਾਰਾਂ ਦੀ ਮੰਗ ਵਾਲੇ ਅਨੰਦਪੁਰ ਸਾਹਿਬ ਮਤੇ ਅਧੀਨ ਸਿਰਫ ਰੱਖਿਆ, ਵਿਦੇਸ਼ੀ ਮੁੱਦੇ, ਸੰਚਾਰ ਅਤੇ ਪੈਸੇ ਦੇ ਅਧਿਕਾਰ ਕੇਂਦਰੀ ਸਰਕਾਰ ਕੋਲ ਰਹਿਣੇ ਸਨ ਅਤੇ ਪੁਰਨਗਠਨ ਦੌਰਾਨ ਹੋਇਆਂ ਬੇਨਿਯਮੀਆਂ ਨੂੰ ਦੂਰ ਕਰਣ ਦੀ ਮੰਗ ਵੱਲ ਭਾਰਤ ਸਰਕਾਰ ਵਲੋਂ ਭੋਰਾ ਵੀ ਧਿਆਨ ਨਾ ਦਿੱਤਾ ਗਿਆ। 1997 ਵਿਚ ਕਾਂਗਰਸ ਨੂੰ ਹਰਾਉਂਦੇ ਹੋਏ ਅਕਾਲੀ ਦਲ ਨੇ ਪੰਜਾਬ ਵਿਚ ਸਰਕਾਰ ਬਣਾਈ । ਇਸ ਨਾਲ ਪੰਜਾਬ ਵਿਚ ਸ਼ਾਂਤੀ ਵਾਪਸ ਬਹਾਲ ਹੋ ਗਈ ਅਤੇ ਇਸਨੇ ਸਿੱਖੀ ਵਿਸ਼ਵਾਸ ਉਪਰ ਹੋ ਰਹੇ ਜਿਆਦਤੀਆਂ ਦੀ ਰੀਤ ਨੂੰ ਠੱਲ੍ਹ ਪਾਈ ਅਤੇ ਪੁਲਿਸ ਨੂੰ ਨਾਗਰਿਕ ਪ੍ਰਸ਼ਾਸਨ ਅਧੀਨ ਲੈ ਆਂਦਾ। ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਅਤੇ ਰਾਸ਼ਟਰਪਤੀ ਸ਼ਾਸਨ ਦੌਰਾਨ ਪੰਜਾਬ ਨੂੰ ਸਿੱਖ ਨੌਜਵਾਨਾਂ ਉਪਰ ਤਸੀਹੇ ਦੇਣ ਲਈ ਪੁਲਿਸ ਰਾਜ ਬਣਾ ਦਿੱਤਾ ਗਿਆ ਸੀ। ਫਿਰ ਵੀ, ਅਕਾਲੀ ਦੱਲ ਦੀ ਰਾਜਨੀਤਕ ਮੰਗਾਂ ਉਪਰ ਕੇਂਦਰ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਭਾਵੇਂ ਕਿ ਅਕਾਲੀ ਦੱਲ ਕੇਂਦਰ ਵਿਚ ਬੀ.ਜੇ.ਪੀ. ਸਰਕਾਰ ਸ਼ਾਸਨ ਵਿਚ ਸੀ। ਸਿੱਖਾਂ ਦੀ ਆਪਣੇ ਰਾਜਨੀਤਿਕ ਹੱਕਾਂ ਦੀ ਲੜਾਈ ਹਾਲੇ ਵੀ ਚੱਲ ਰਹੀ ਹੈ। ਪਿਛਲੀ ਅੱਧ ਸ਼ਤਾਬਦੀ ਵਿਚ ਸਿੱਖਾਂ ਵਿਰੁੱਧ ਭਾਰਤ ਸਰਕਾਰ ਅਤੇ ਇਸਦੇ ਨੇਤਾਵਾਂ ਦਾ ਦੁਸ਼ਮਣੀ ਵਾਲਾ ਰਵੱਈਆ ਅਨੇਕਤਾ ਦੇ ਪਹਿਰਾਵੇ ਵਿਚ ਧੋਖੇਬਾਜ ਅਤੇ ਚਲਾਕ ਰਾਜਨੀਤੀ ਦੀ ਝਲਕ ਦਿੰਦਾ ਹੈ, ਜੋ ਰਾਜ ਏਕਤਾ ਦੇ ਨਾਂ ਵਿਚ ਧੋਖੇਬਾਜ ਅਤੇ ਬੇਈਮਾਨ ਯੋਜਨਾ ਨੂੰ ਮੰਜ਼ੂਰੀ ਦਿੰਦਾ ਹੈ। ਇਹ ਕਪਟੀ ਰਾਜਨੀਤੀ ਨੂੰ ਨਾਬਾਲਿਗੀ ਨਾਲ ਸੌਦਾ ਕਰਨ ਦੀ ਆਗਿਆ ਦਿੰਦਾ ਹੈ। ਸਿੱਖਾਂ ਦੀ ਮੁੱਖ ਰਾਜਨੀਤਕ ਅਤੇ ਧਾਰਮਕ ਘਟਨਾਵਾਂ ਉਨ੍ਹਾਂ ਦੀ ਮਾਤ੍ਰਭੂਮਿ ਪੰਜਾਬ ਨਾਲ ਸੰਬੰਧ ਰਖਦੀਆਂ ਹਨ ਜਿਵੇਂ ਕਿ ਸਿੱਖ ਧਰਮ ਦੀ ਸਥਾਪਨਾ ਅਤੇ ਵਿਕਾਸ ਸਿੱਖ ਗੁਰੂਆਂ ਦੇ ਸਿੱਧੇ ਮਾਰਗ ਦਰਸ਼ਨ ਹੇਠ ਕੀਤਾ ਗਿਆ ਸੀ; ਸਿੱਖ ਧਰਮ ਵਿਚ ਦਾਖ਼ਲ ਹੋਣ ਲਈ ਦੋਹੇਂ ਪਾਸੇ ਤੋਂ ਧਾਰ ਵਾਲੀ ਕ੍ਰਿਪਾਨ ਤੋਂ ਅਮ੍ਰਿਤ ਨਾਲ ਸੂਤਰਪਾਤ; ਉਨ੍ਹਾਂ ਨੂੰ ਸਿੰਘਾਂ ਵਿਚ ਤਬਦੀਲ ਕਰਨ ਬਾਰੇ ਉੱਥੇ ਦਿੱਤਾ ਗਿਆ ਸੀ; ਅਤੇ ਮੁਗ਼ਲ ਅਤੇ ਅਫ਼ਗਾਨ ਘੁਸਪੈਠੀਆਂ ਨੂੰ ਖਦੇੜਨ ਵਾਲੇ ਸਿੱਖ ਸੰਘਰਸ਼ਾਂ ਦਾ ਉੱਥੇ ਜਿਕਰ ਕੀਤਾ ਗਿਆ ਸੀ, ਜਿਸਨੇ ਇਕ ਅਜਾਦ ਸਿੱਖ

ਸਾਮਰਾਜ ਦੀ ਅਗੁਵਾਈ ਕੀਤੀ। ਉੱਥੇ ਅੰਗਰੇਜਾਂ ਨਾਲ ਲੜਾਈ ਕੀਤੀ ਗਈ ਸੀ। ਸਿੰਘ ਸਭਾ ਅਤੇ ਅਕਾਲੀ ਅੰਦੋਲਨ ਸਿੱਖਾਂ ਨੂੰ ਜਾਗਰੂਕ ਕਰਨ ਅਤੇ ਸਿੱਖੀ ਦੇ ਅਸਲ ਸਿਧਾਂਤਾਂ ਦਾ ਪਾਲਨ ਕਰਨ ਲਈ ਸ਼ੁਰੂ ਕੀਤੇ ਗਏ ਸਨ। ਮੁਗ਼ਲਾਂ ਅਤੇ ਅਫ਼ਗਾਨਾਂ ਨੂੰ ਬਾਹਰ ਕੱਢਣ ਤੋਂ ਇਲਾਵਾ ਸਿੱਖਾਂ ਨੇ ਸਿੱਖ ਗੁਰੂਦੁਆਰਿਆਂ ਦਾ ਪ੍ਰਬੰਧ ਲੈਣ ਲਈ ਸੰਘਰਸ਼ ਕੀਤੇ ਜੋ ਕਿ ਸਫਲ ਰਹੇ। ਜ਼ਿਆਦਾਤਰ ਸਾਰੀਆਂ ਇਤਿਹਾਸਕ ਸਿੱਖ ਥਾਵਾਂ ਉੱਥੇ ਹੀ ਹਨ ਜਿਨ੍ਹਾਂ ਵਿਚ ਸਿੱਖੀ ਦੇ ਦੋ ਮੁੱਖ ਕੇਂਦਰ ਅਮ੍ਰਿਤਸਰ ਵਿਖੇ (ਹਰਮੰਦਰ ਸਾਹਿਬ ਅਤੇ ਅਕਾਲ ਤਖ਼ਤ) ਅਤੇ ਅਨੰਦਪੁਰ ਸਾਹਿਬ ਵਿਖੇ ਹਨ। ਭਾਰਤ ਦੇ ਗਣਤੰਤਰ ਵਿਚ ਆਪਣੀਆਂ ਰਾਜਨੀਤਕ ਸ਼ਕਤੀਆਂ ਪ੍ਰਾਪਤ ਕਰਨ ਲਈ ਸਰਕਾਰ ਵਿਰੁੱਧ ਅਤੇ ਸਿੱਖਾਂ ਉਤੇ ਹੋਈਆਂ ਅਨਿਆਂਪੂਰਣ ਜ਼ਿਆਦਤੀਆਂ ਦੇ ਵਿਰੁੱਧ ਸਿੱਖਾਂ ਦੇ ਸੰਘਰਸ਼ ਉੱਥੇ ਹੀ ਹੋਏ ਅਤੇ ਅਜੇ ਤੱਕ ਜਾਰੀ ਹਨ, ਜਿੱਥੇ ਸਿੱਖਾਂ ਨੂੰ ਬਹੁਮਤ ਵਿਚ ਹੋਣ ਦੇ ਬਾਵਜੂਦ ਵੀ ਲੰਬੇ ਸਮੇਂ ਤੋਂ ਆਪਣੇ ਲੋਕਤੰਰਰੀ ਅਧਿਕਾਰਾਂ ਦਾ ਖੁਲ੍ਹ ਕੇ ਪ੍ਰਯੋਗ ਕਰਨ ਦੀ ਇਜਾਜਤ ਨਹੀਂ ਹੈ।

ਹਾਲਾਂਕਿ ਪਿਛਲੀ ਇਕ ਸਦੀ ਵਿਚ, ਪਰਵਾਸ ਰਾਹੀਂ ਸਿੱਖ ਹੁਣ ਪੂਰੀ ਦੁਨੀਆ ਵਿਚ ਵਸੇ ਹੋਏ ਹਨ। ਦੁਨੀਆ ਵਿਚ ਮੁਸ਼ਕਲ ਹੀ ਅਜਿਹਾ ਕੋਈ ਵੱਡਾ ਸ਼ਹਿਰ ਹੋਵੇਗਾ ਜਿੱਥੇ ਸਿੱਖ ਨਹੀਂ ਰਹਿ ਰਹੇ ਹਨ ਅਤੇ ਜਿੱਥੇ ਸਿੱਖ ਗੁਰੂਦੁਆਰਾ ਨਹੀਂ ਹੈ। ਤਕਰੀਬਨ ਤੀਹ ਲੱਖ ਸਿੱਖ ਹੁਣ ਵਿਦੇਸ਼ੀ ਜ਼ਮੀਨ ’ਤੇ ਅਤੇ ਪੰਜਾਬ ਤੋਂ ਬਾਹਰ ਭਾਰਤ ਦੇ ਸਾਰੇ ਰਾਜਾਂ ਵਿਚ ਰਹਿ ਰਹੇ ਹਨ। ਅਲਪਸੰਖਿਆ ਵਿਚ ਹੁੰਦਿਆਂ ਹੋਏ ਉਨ੍ਹਾਂ ਦੀ ਉੱਥੇ ਰਾਜਨੀਤਕ ਪ੍ਰਬਲਤਾ ਹੈ ਪਰ ਉਨ੍ਹਾਂ ਨੇ ਕਰੀਬ ਕਰੀਬ ਹਰ ਥਾਂ ਆਪਣੀ ਮੌਜੂਦਗੀ ਦੇ ਅਹਿਸਾਸ ਨੂੰ ਬਣਾ ਰੱਖਿਆ ਹੈ। ਭਾਰਤ ਵਿਚ, ਦੋ ਸਿੱਖ ਤਖ਼ਤ (ਮੁੱਖ ਇਤਿਹਾਸਕ ਸਥਾਨ) ਬਿਹਾਰ ਰਾਜ ਵਿਚ ਪਟਨਾ ਵਿਖੇ ਅਤੇ ਮਹਾਂਰਾਸ਼ਟਰ ਵਿਚ ਹਜ਼ੂਰ ਸਾਹਿਬ, ਨਾਂਦੇੜ ਵਿਖੇ ਹਨ। ਪੰਜਾਬ ਤੋਂ ਬਾਹਰ ਅਤੇ ਵਿਦੇਸ਼ਾਂ ਵਿਚ ਸਿੱਖ ਜ਼ਿੰਦਗੀ ਦੇ ਸਾਰੇ ਉੱਚ ਕਾਰਾਂ ਵਿਚ ਬਹੁਤ ਚੰਗੀ ਤਰ੍ਹਾਂ ਵਿਵਸਥਿਤ ਹਨ। ਉਹ ਆਪਣੇ ਧਰਮ ਨੂੰ ਸਮੱਰਪਿਤ ਹਨ। 1984 ਵਿਚ ਸਿੱਖਾਂ ਅਤੇ ਸਿੱਖ ਧਾਰਮਕ ਥਾਵਾਂ ਉੱਤੇ ਕਾਂਗਰਸ ਸਰਕਾਰ ਦੀ ਸਿੱਧੀ ਸ਼ਹਿ ਨਾਲ ਹੋਏ ਹਮਲਿਆਂ ਕਰਕੇ, ਮਾਨਵ ਜਾਤੀ ਦੇ ਵਿਰੁੱਧ ਘਿਰਣਿਤ ਅਪਰਾਧ ਕਰਨ ਵਾਲੇ ਅਪਰਾਧੀਆਂ ਨੂੰ ਫੜਨ ਵਿਚ ਅਸਫਲਤਾ ਦੇ ਕਰਕੇ, ਪੰਜਾਬ ਤੋਂ ਬਾਹਰ ਸਾਰੇ ਰਾਜਾਂ ਵਿਚ ਸਿੱਖ ਅਸੁਰੱਖਿਅਤ ਮਹਿਸੂਸ ਕਰਦੇ ਹਨ। ਕਿਤੇ ਵੀ ਬਾਹਰਲੇ ਦੇਸ਼ਾਂ ਵਿਚ ਸੁਰੱਖਿਆ ਦਾ ਕੋਈ ਅਹਿਸਾਸ ਨਹੀਂ ਹੈ। ਸਿੱਖਾਂ ਨੇ ਸਾਰੇ ਦੇਸ਼ਾਂ ਵਿਚ ਆਪਣੀ ਕਠੋਰ ਮਿਹਨਤ ਅਤੇ ਉਦੇਸ਼ ਦੀ ਵਫ਼ਾ ਅਤੇ ਇਸਤੋਂ ਇਲਾਵਾ ਧਰਮ ਨਾਲ ਵਚਨਬੱਧਤਾ ਦੇ ਨਾਲ ਆਪਣੇ ਲਈ ਥਾਂ ਬਣਾ ਲਈ ਹੈ। ਅਮਰੀਕਾ, ਕਨੇਡਾ, ਇੰਗਲੈਂਡ ਅਤੇ ਹੋਰ ਸ਼ਕਤੀਸ਼ਾਲੀ ਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ 10 ਲੱਖ ਤੋਂ ਵੀ ਵੱਧ ਹੋ ਗਈ ਹੈ। ਸਾਰੇ ਸਿੱਖਾਂ ਕੋਲ ਆਪਣੇ ਵਤਨ, ਪੰਜਾਬ ਨਾਲ ਵਸੀਅਤ ਹੈ ਅਤੇ ਉਹ ਪੰਜਾਬ ਅਤੇ ਉੱਥੇ ਸਿੱਖ ਮਾਮਲਿਆਂ ਵਿਚ ਬਹੁਤ ਦਿਲਚਸਪੀ ਦਿਖਾਉਂਦੇ ਹਨ।

ਅੱਜ ਦੇ ਸਿੱਖਾਂ ਅਤੇ ਸਿੱਖ ਨੇਤਾਵਾਂ ਨੂੰ ਆਪਣੇ ਦਿਮਾਗ਼ ਵਿਚ ਸਿੱਖਾਂ ਦਾ ਇਹ ਛੋਟਾ ਜਿਹਾ ਇਤਿਹਾਸ ਹਮੇਸ਼ਾ ਬਣਾਏ ਰੱਖਣਾ ਚਾਹੀਦਾ ਹੈ, ਜੋ ਕਿ ਸਿਰਫ ਤਿੰਨ ਸਦੀਆਂ ਹੀ ਪੁਰਾਣਾ ਹੈ ਅਤੇ ਜ਼ਿਆਦਾ ਪੁਰਾਣਾ ਨਹੀਂ ਹੈ। ਇਹ ਉਨ੍ਹਾਂ ਨੂੰ ਸਦਾ ਸਿੱਖ ਕਦਰਾਂ ਅਤੇ ਸਿੱਖ ਕਾਰਕਾਂ ਲਈ ਬੱਧਤਾ ਨੂੰ ਚੇਤੇ ਕਰਵਾਉਂਦਾ ਰਹੇਗਾ ਅਤੇ ਉਨ੍ਹਾਂ ਨੂੰ ਸੁਆਰਥੀ ਨਿਜੀ ਹਿੱਤਾਂ, ਪਾਰਟੀ ਦੀ ਧੜੇਬਾਜੀਆਂ ਅਤੇ ਹੰਕਾਰੀ ਪ੍ਰਵ੍ਰਿਤੀਆਂ ਤੋਂ ਉਪਰ ਉੱਠਦੇ ਹੋਏ ਉਦੇਸ਼ ਦੀ ਈਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰੇਗਾ ਅਤੇ ਇਸ ਤੋਂ ਇਲਾਵਾ ਉਨ੍ਹਾਂ ਦੀ ਉਚਿਤ ਰਾਜਨੀਤਕ ਖ਼ਾਹਸ਼ਾਂ ਲਈ ਇੱਕਜੁੱਟ ਹੋ ਕੇ ਅਤੇ ਦਲੇਰ ਰਹਿਣ ਲਈ ਵੀ ਪ੍ਰੇਰਿਤ ਕਰੇਗਾ।

ਸਿੱਖਾਂ ਦਾ ਰਾਜਨੀਤਕ ਸਕਤੀਆਂ ਲਈ ਸੰਘਰਸ਼ ਸਿਰਫ ਪੰਜਾਬ ਨਾਲ ਹੀ ਸੰਬੰਧਤ ਹੈ, ਜਿਥੇ ਉਨ੍ਹਾਂ ਦਾ ਬਹੁਮਤ ਹੈ ਅਤੇ ਉਹ ਆਪਣੀ ਸਰਕਾਰ ਬਣਾ ਸਕਦੇ ਹਨ ਅਤੇ ਆਪਣੇ ਕੰਮਾਂ ਵਿਚ ਆਪਣੇ ਪ੍ਰਭਾਵੀ ਕਥਨਾਂ ਲਈ ਇਸਦੇ ਸਾਰੇ ਮੂਲਕਾਂ ਵਿਚ ਕਿਰਿਆਸ਼ੀਲ ਹੋ ਕੇ ਭਾਗ ਲੈ ਸਕਦੇ ਹਨ। ਬਾਹਰਲੇ ਸਿੱਖ ਲੋੜੀਂਦੇ ਖ਼ੇਤਰਾਂ ਵਿਚ ਉਨ੍ਹਾਂ ਦੀ ਮਦਦ ਕਰ ਸਕਦੇ ਹਨ, ਪਰ ਉਹ ਉੱਥੇ ਰਾਜਨੀਤੀ ਵਿਚ ਹਿੱਸਾ ਨਹੀਂ ਲੈ ਸਕਦੇ। ਹੋਰ ਰਾਜਾਂ ਦੇ ਵਸਨੀਕ ਅਤੇ ਦੂਜੇ ਦੇਸ਼ਾਂ ਦੇ ਨਾਗਰਿਕ ਹੋਣ ਕਰਕੇ ਉਹ ਪੰਜਾਬ ਵਿਚ ਵੋਟ ਨਹੀਂ ਪਾ ਸਕਦੇ। ਉਨ੍ਹਾਂ ਨੂੰ ਆਪਣੇ ਨਿਵਾਸ ਵਾਲੇ ਦੇਸ਼ਾਂ ਵਿਚ ਵੋਟਾਂ ਪਾਉਣੀਆਂ ਚਾਹੀਦੀਆਂ ਹਨ, ਤਾਂ ਜੋ ਉਹ ਉੱਥੇ ਆਪਣੀ ਪਛਾਣ ਅਤੇ ਪ੍ਰਭਾਵ ਕਾਇਮ ਕਰ ਸਕਣ। ਇਸ ਗ਼ਲ ਦਾ ਉਨ੍ਹਾਂ ਲਈ ਕੋਈ ਤੁੱਕ ਨਹੀਂ ਬਣਦਾ ਕਿ ਉਹ ਪੰਜਾਬ ਅਤੇ ਭਾਰਤ ਦੀ ਰਾਜਨੀਤਕ ਪਾਰਟੀਆਂ ਦੇ ਮੈਂਬਰ ਬਨਣ ਅਤੇ ਦੂਜਿਆਂ ਦੇਸ਼ਾਂ ਵਿਚ ਆਪਣੇ ਵਪਾਰ ਸਥਾਪਿਤ ਕਰਨ ਜੋ ਕਿ ਉਨ੍ਹਾਂ ਦੇ ਸਮੇਂ ਅਤੇ ਊਰਜਾ ਦੀ ਬਰਬਾਦੀ ਹੋ ਸਕਦੀ ਹੈ। ਅਕਾਲੀ ਦਲ 1920 ਵਿਚ ਆਪਣੀ ਸਥਾਪਨਾ ਦੇ ਵੇਲੇ ਤੋਂ ਹੀ ਪੰਜਾਬ ਵਿਚ ਸਿੱਖਾਂ ਦੀ ਰਾਜਨੀਤਕ ਪ੍ਰਤੀਨਿਧ ਪਾਰਟੀ ਸੀ। ਇਸ ਪਾਰਟੀ ਦੀ ਕਈ ਉਪਲੱਬਧਿਆਂ ਹਨ ਅਤੇ ਖ਼ਾਸ ਕਰਕੇ ਮਹਾਨ ਕੁਰਬਾਨੀਆਂ ਹੇਠ ਮਹੰਤਾਂ ਨੂੰ ਬਾਹਰ ਖਦੇੜ ਕੇ ਸਿੱਖਾਂ ਲਈ ਸਿੱਖ ਗੁਰੂਦੁਆਰਿਆਂ ਦੀ ਵਿਵਸਥਾ ਹਾਸਲ ਕਰਨ ਲਈ ਅਕਾਲੀ ਅੰਦੋਲਨ ਵਿਚ। ਇਹ ਸਿੱਖਾਂ ਦੀ ਨਿਵੇਕਲੀ ਪਾਰਟੀ ਹੈ ਅਤੇ ਇਸਦੇ ਸਾਰੇ ਮੈਂਬਰ ਸਿੱਖੀ ਆਦਰਸ਼ ਜ਼ਾਬਤਾ ਵਿਚ ਜੀਵਨ ਬਤੀਤ ਕਰਨ ਵਾਲੇ ਸਿੱਖ ਹਨ। ਇਸ ਕੋਲ ਐਸ ਜੀ ਪੀ ਸੀ ਨੂੰ ਆਪਣੇ ਨਿਯੰਤਰਣ ਹੇਠ ਰੱਖਣ ਲਈ ਸਿੱਖਾਂ ਦਾ ਪੂਰਾ ਸਮੱਰਥਣ ਸੀ ਜੋ ਅਜੇ ਵੀ ਹੈ। ਇਸਨੂੰ ਸਿੱਖਾਂ ਦੀ ਅਜਿਹੀ ਨਿਵੇਕਲੀ ਪਾਰਟੀ ਵਜੋਂ ਹੀ ਜਾਰੀ ਰਹਿਣਾ ਚਾਹੀਦਾ ਹੈ ਅਤੇ ਬਲਕਿ ਦੂਜੇ ਸਾਰੇ ਅਕਾਲੀ ਦਲਾਂ ਨੂੰ ਵੀ ਅਲਪਸੰਖਿਅਕਾਂ ਵਜੋਂ ਇਸ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ ਜਿਵੇਂ ਕਿ ਸਿੱਖ ਫੁੱਟ ਬਰਦਾਸ਼ਤ ਨਹੀਂ ਕਰ ਸਕਦੇ। ਸਾਰੇ ਸਿੱਖਾਂ ਨੂੰ ਨੇਮੀ ਨਾਲ ਲੋਕਤੰਤਰੀ ਆਧਾਰ ’ਤੇ ਇਸਦੇ ਨੇਤਾਵਾਂ ਦੀ ਚੋਣ ਕਰਨੀ ਚਾਹੀਦੀ ਹੈ। ਇਹ ਸਿੱਖਾਂ ਦਾ ਪ੍ਰਤੀਨਿਧ ਕਰਨ ਵਾਲੀ ਨਿਵੇਕਲੀ ਪਾਰਟੀ ਹੋਣੀ ਚਾਹੀਦੀ ਹੈ ਜੋ ਸਿੱਖਾਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੇ ਫ਼ਰਜ਼ਾਂ ਨੂੰ ਅਤੇ ਸਿੱਖਾਂ ਅਤੇ ਦੁਨੀਆ ਵਿਚ ਸਿੱਖ ਧਰਮ ਦੇ ਪ੍ਰਚਾਰ ਨੂੰ ਪੱਕਾ ਕਰੇ। ਕੋਈ ਵੀ ਗ਼ੈਰ ਸਿੱਖ ਇਸਦਾ ਮੈਂਬਰ ਨਹੀਂ ਬਨਣਾ ਚਾਹੀਦਾ। ਇਸਨੂੰ ਪੰਜਾਬ ਦੀ ਖ਼ੇਤਰੀ ਪਾਰਟੀ ਬਨਾਉਣ ਦੇ ਮੰਤਵ ਨੂੰ ਇੱਥੇ ਹੀ ਰੋਕ ਦੇਣਾ ਚਾਹੀਦਾ ਹੈ ਜੋ ਕਦੇ ਵੀ ਸਿੱਖ ਹਿੱਤਾਂ ਚ ਨਹੀਂ ਹੋ ਸਕਦਾ। ਸਰਕਾਰੀ ਪੱਧਰ ਅਤੇ ਵਿਧਾਨ ਮੰਡਲ ਵਿਖੇ ਆਪਣੀਆਂ ਨੀਤੀਆਂ ਲਾਗੂ ਕਰਨ ਲਈ ਸਾਂਝੇ ਪ੍ਰੋਗਰਾਮ ਦੇ ਨਾਲ ਅਤੇ ਚੋਣ ਕਾਨੂੰਨ ਲਈ ਢੁਕਵਾਂ ਬਨਾਉਣ ਲਈ ਇਸਨੂੰ ਧਰਮ ਨਿਰਪੇਖ ਤਸਵੀਰ ਦੇਣ ਲਈ ਸਮਾਨ ਮੰਤਵ ਵਾਲੀ ਹੋਰ ਪਾਰਟੀਆਂ ਦੇ ਗਠਜੋੜ ਦੇ ਨਾਲ ਅਕਾਲੀ ਦਲ ਵਲੋਂ ਇਕ ਅਲਗ ਸਾਂਸਦੀ ਪਾਰਟੀ ਬਣਾਈ ਜਾ ਸਕਦੀ ਹੈ ਜਿਸਦੇ

ਮੈਂਬਰ ਦੂਜੇ ਸਿੱਖ ਵੀ ਹੋ ਸਕਦੇ ਹਨ। ਇਸ ਉਦੇਸ਼ ਲਈ ਅਕਾਲੀ ਦਲ ਵਰਗੀ ਖ਼ਾਲਸ ਸਿੱਖ ਪਾਰਟੀ ਨੂੰ ਪੰਜਾਬ ਦੀ ਖ਼ੇਤਰੀ ਪਾਰਟੀ ਨਹੀਂ ਬਣਾਇਆ ਜਾ ਸਕਦਾ ਜਿਵੇਂ ਕਿ ਸੱਤਾ ਵਿਚ ਬੈਠੇ ਅਕਾਲੀ ਦਲ ਦੇ ਨੇਤਾ ਇਸਨੂੰ ਬਨਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜੇ ਅਜੇ ਵੀ ਅਜਿਹਾ ਕੀਤਾ ਗਿਆ ਤਾਂ ਇਹ ਨੇੜਲੇ ਭਵਿੱਖ ਵਿਚ ਸਿੱਖਾਂ ਦਾ ਸਮੱਰਥਣ ਗਵਾ ਬੈਠੇਗੀ। ਇਸ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਸਿੱਖਾਂ ਅਤੇ ਸਿੱਖ ਨੇਤਾਵਾਂ ਨੂੰ ਲਾਜ਼ਮੀ ਤੌਰ ’ਤੇ ਜੀਵਨ ਦੇ ਸਿੱਖੀ ਢੰਗ ਅਤੇ ਸਿੱਖੀ ਆਦਰਸ਼ ਜ਼ਾਬਤਾ ਵਿਚ ਜੀਵਨ ਬਤੀਤ ਕਰਨਾ ਚਾਹੀਦਾ ਹੈ ਅਤੇ ਆਪਣੀ ਯੁਵਾ ਸਿੱਖ ਪੀੜੀ ਲਈ ਇਸਨੂੰ ਪੱਕਾ ਕਰਨਾ ਚਾਹੀਦਾ ਹੈ ਜੋ ਕਿ ਸਿੱਖੀ ਜੀਵਨ ਢੰਗ ਅਤੇ ਸਿੱਖ ਕਾਰਕਾਂ ਨਾਲ ਉਨ੍ਹਾਂ ਦੇ ਆਪਣੇ ਢੋਂਗ ਅਤੇ ਅਨੁਸ਼ਾਸਨਹੀਨਤਾ ਕਰ ਕੇ ਸਿੱਖੀ ਜੀਵਨ ਢੰਗ ਤੋਂ ਦੂਰ ਹੁੰਦੀ ਜਾ ਰਹੀ ਹੈ। ਸਿਰਫ ਉਦੋਂ ਹੀ ਉਹ ਸਿੱਖ ਕਦਰਾਂ-ਕੀਮਤਾਂ ’ਤੇ ਵਿਵਹਾਰਕ ਤਰੀਕੇ ਨਾਲ ਕੰਮ ਕਰਕੇ ਅਤੇ ਸਿਰਫ ਸੱਤਾ ਵਿਚ ਬਣੇ ਰਹਿਣ ਲਈ ਸਿੱਖ ਮਸਲਿਆਂ ’ਤੇ ਸਮਝੌਤੇ ਨਾ ਕਰਦੇ ਹੋਏ ਸਿੱਖ ਰਾਜਨੀਤੀ ਵਿਚ ਯੋਗਦਾਨ ਦੇ ਸਕਣਗੇ। ਅਸਲ ਵਿਚ ਸੱਚਾਈ ਨਾਲ ਭਰਪੂਰ ਸਿੱਖੀ ਜੀਵਨ ਦਾ ਢੰਗ ਆਪਣੇ ਆਪ ਹੀ ਅਜਿਹੀਆਂ ਕਮੀਆਂ ਨੂੰ ਖ਼ਤਮ ਕਰ ਦਿੰਦਾ ਹੈ।

## ਅਧਿਆਇ 4-15

### ਸਿੱਖ ਧਰਮ ਉੱਚ ਨੈਤਿਕਤਾ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਗਿਆਨ ਦਿੰਦਾ ਹੈ-ਸਿੱਖਾਂ ਨੂੰ ਆਪਣੇ ਵਿਵਹਾਰਕ ਜੀਵਨ ਵਿਚ ਇਨ੍ਹਾਂ ਕੀਮਤਾਂ ਦਾ ਲਾਜ਼ਮੀ ਤੌਰ ’ਤੇ ਪਾਲਨ ਕਰਨਾ ਚਾਹੀਦਾ ਹੈ-

ਸਿੱਖ ਧਰਮ ਦੀ ਇਲਾਹੀ ਸਿੱਖਿਆਵਾਂ ਉੱਚ ਨੈਤਿਕਤਾ ਅਤੇ ਨੈਤਿਕ ਕਦਰਾਂ ਕੀਮਤਾਂ ’ਤੇ ਜ਼ੋਰ ਦਿੰਦੀਆਂ ਹਨ ਜੋ ਇਕ ਨੂੰ ਜੀਵਨ ਚ ਅਧਿਆਤਮਕ, ਨੈਤਿਕ ਅਤੇ ਸਮਾਜਕ ਤੌਰ ’ਤੇ ਉੱਪਰ ਚੁੱਕ ਦਿੰਦੀਆਂ ਹਨ। ਮੌਜੂਦਾ ਸਮੇਂ ਦਾ ਧਰਮ ਹਣ ਕਰਕੇ, ਜੋ ਕਿ ਆਧੁਨਿਕ ਮਾਨਵ ਦੀ ਸਮੱਸਿਆਵਾਂ ਨੂੰ ਸੁਲਝਾਉਣ ਦੇ ਕਾਬਲ ਹੈ ਅਤੇ ਸੱਚਾਈ ਨਾਲ ਭਰਿਆ ਹੋਇਆ ਹੈ, ਦੁਨੀਆ ਭਰ ਦੇ ਧਰਮਾਂ ਦੇ ਪ੍ਰਸਿੱਧ ਵਿਦਵਾਨ ਮੰਨਦੇ ਹਨ ਕਿ ਬਾਕੀ ਦੁਨੀਆ ਲਈ ਇਸ ਧਰਮ ਦੇ ਆਚਰਣ ਦੀ ਮਾਰਗਦਰਸ਼ਕ ਰੇਖਾਵਾਂ ਵਿਚ ਕੁਝ ਹੈ ਜੋ ਖ਼ਾਸ ਕਦਰਾਂ-ਕੀਮਤਾਂ ਵਾਲਾ ਹੈ।

ਸਿੱਖੀ ਵਿਚ ਦੁਨੀਆਵੀ ਇੱਛਾਵਾਂ ਦੇ ਅਸਥਾਈ ਮੋਹ ਅਤੇ ਜੰਜਾਲ ਨੂੰ ਵਰਜਿਤ ਕਰਨ ਲਈ ਸਪਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਜੋ ਕਿ ਮਨ ਵਿਚ ਰੱਬ ਦੇ ਨਾਂ ਦਾ ਲਗਾਤਾਰ ਜਾਪ ਕਰਕੇ ਅਤੇ ਆਮ ਅਤੇ ਮੂਲ ਜਰੂਰਤਾਂ ਦੇ ਨਾਲ ਸੱਚਾਈ ਭਰੇ ਜੀਵਨ ਦੀ ਅਗਵਾਈ ਕਰਕੇ ਸਿਰਜਣਹਾਰ ਨਾਲ ਜੁੜ ਜਾਣ ਦੇ ਮਨੁੱਖੀ ਜੀਵਨ ਦੇ ਅਸਲ ਉਦੇਸ਼ ਵਿਚ ਅੜਿੱਕੇ ਪੈਦਾ ਕਰਦੇ ਹਨ। ਹਾਲਾਂਕਿ ਜ਼ਿਆਦਾਤਰ ਸਿੱਖਾਂ ਵਿਚ ਇਸਦੀ ਕੀਮਤਾਂ ਦੀ ਸਹੀ ਸਮਝ ਨਹੀਂ ਹੈ ਅਤੇ ਆਪਣੇ ਵਿਵਹਾਰਕ ਜੀਵਨ ਵਿਚ ਇਨ੍ਹਾਂ ਦਾ ਪਾਲਨ ਕਰਨ ਦੀ ਕਮੀ ਹੈ। ਉਨ੍ਹਾਂ ਨੂੰ ਜ਼ਰੂਰ ਇਸਦੀ ਸਹੀ ਸਮਝ ਹੋਣੀ ਚਾਹੀਦੀ ਹੈ ਅਤੇ ਇਸ ਮੁਤਾਬਕ ਕੰਮ ਕਰਨਾ ਚਾਹੀਦਾ ਹੈ।

ਸਿੱਖ ਧਰਮ ਵਿਚ ਫ਼ੈਸ਼ਨ: ਸੁੰਦਰਤਾ ਦੇ ਪ੍ਰਸਾਧਨਾਂ, ਗਹਿਣਿਆਂ ਅਤੇ ਹੀਰੇ ਮੋਤੀਆਂ ਦੀ ਮਨਾਹੀ ਹੈ-

“ਜੇ ਇਕ ਗਹਿਣੇ ਹੀਰੇ ਅਤੇ ਮੋਤੀਆਂ ਨੂੰ ਇਕੱਠਾ ਕਰਨ ਅਤੇ ਧਾਰਣ ਕਰਨ ਵਿਚ ਰਿਝਿਆ ਹੋਇਆ ਹੈ ਅਤੇ ਹੋਰ ਅਤੇ ਹੋਰ ਪਾਉਣ ਦੀ ਲਾਲਸਾ ਰੱਖਦਾ ਹੈ ਜਾਂ ਉਸ ਲਈ ਅਲਾਪ ਕਰਦਾ ਹੈ ਤਾਂ ਸ਼ਾਂਤੀ ਅਤੇ ਅੰਦਰੂਨੀ ਸੁਖ ਬਾਰੇ ਕੀ ਕਹਿਣਾ।” ਗੁਰੂ ਗ੍ਰੰਥ ਸਾਹਿਬ 700.

“ਜੇ ਇਕ ਆਪ ਨੂੰ ਜਹਿਰ ਭਿੰਨੇ ਕਾਰਜਾਂ, ਬਨਾਉਟੀਪਣ ਅਤੇ ਅਸਥਾਈ ਖਹਿੜਿਆਂ ਵਿਚ ਰਿਝਾ ਕੇ ਰੱਖਦਾ ਹੈ ਤਾਂ ਉਹਦੇ ਮਨ ਨੂੰ ਕਦੇ ਵੀ ਸੰਤੋਖ ਅਤੇ ਅਨੰਦ ਨਹੀਂ ਮਿਲਦਾ ਅਤੇ ਬਲਕਿ ਉਹ ਨਿਰਾਸਤਾ ਅਤੇ ਉਦਾਸੀ ਵਿਚ ਮੁਰਝਾ ਜਾਂਦਾ ਹੈ।” ਗੁਰੂ ਗ੍ਰੰਥ ਸਾਹਿਬ 279.

“ਇਕ ਆਪਣੀ ਮੌਤ ਵੇਲੇ ਫ਼ੈਸ਼ਨ ਅਤੇ ਗਹਿਣੀਆਂ ਦੇ ਨਾਲ ਆਪਣੀ ਬੇਕਾਰ ਦੀ ਸ਼ਰੀਰਕ ਸੰਤੁਸ਼ਟੀ ਲਈ ਉਸ ਰੱਬ ਦੀ ਅਦਾਲਤ ਵਿਚ ਪਛਤਾਵਾ ਕਰਦਾ ਹੈ ਜਿਵੇਂ ਕਿ ਇਹ ਸਭ ਇੱਥੇ ਹੀ ਰਹਿ ਜਾਂਦਾ ਹੈ; ਉਹਦੇ ਕਰਮਾਂ, ਚੰਗੇ ਜਾਂ ਬੁਰੇ, ਜੋ ਵੀ ਇਹ ਹੋ ਸਕਦੇ ਹਨ, ਦੀ ਯੋਗਤਾ ਦੇ ਆਧਾਰ’ਤੇ ਹੀ ਉਹਦਾ ਨਿਆਂ ਕੀਤਾ ਜਾਂਦਾ ਹੈ।” ਗੁਰੂ ਗ੍ਰੰਥ ਸਾਹਿਬ 470.

“ਇਸ ਅਣ-ਮੁੱਲੇ ਮਨੁੱਖੀ ਜੀਵਨ ਵਿਚ, ਉਸ ਪਰਮਾਤਮਾ ਨਾਲ ਜੁੜ ਜਾਣਾ ਉਦੇਸ਼ ਹੈ। ਜੇ ਇਹ ਪ੍ਰਾਪਤ ਨਹੀਂ ਕੀਤਾ ਗਿਆ, ਤਾਂ ਭੋਜਨ, ਕਪੜੇ, ਨੀਂਦ ਅਤੇ ਇਹ ਸ਼ਰੀਰ ਵੀ ਸਰਾਪਿਆ ਹੈ। ਠਾਠ ਬਾਠ ਨਾਲ ਹੰਕਾਰੀ ਜੀਵਨ ਉਨ੍ਹਾਂ ਦੇ ਆਪ ਦੇ ਸੰਤੋਖ ਵਿਚ ਇਕ ਵੱਡਾ ਅੜਿੱਕਾ ਹੈ, ਜੋ ਮਨ ਨੂੰ ਪਰਮਾਤਮਾ ਦੇ ਸਿਮਰਣ ’ਤੇ ਧਿਆਨ ਦੇਣ ਦੀ ਬਜਾਏ ਭਟਕਾਉਂਦਾ ਰਹਿੰਦਾ ਹੈ।” ਗੁਰੂ ਗ੍ਰੰਥ 796.

ਕੋਈ ਨਸ਼ਾ ਨਹੀਂ

ਨਸ਼ੇ ਸਿੱਖੀ ਜੀਵਨ ਢੰਗ ਵਿਚ ਪੂਰੀ ਤਰ੍ਹਾਂ ਵਰਜਤ ਹਨ।

"ਸ਼ਰਾਬ ਜੇਕਰ ਗੰਗਾ ਜਲ (ਜਿਸ ਨੂੰ ਹਿੰਦੂ ਧਰਮ ਵਿਚ ਸ਼ੁਧ ਮੰਨਿਆ ਜਾਂਦਾ ਹੈ) ਨਾਲ ਵੀ ਬਣਾਈ ਜਾਵੇ ਤਾਂ ਵੀ ਪੀਣ ਲਈ ਬੁਰੀ ਚੀਜ਼ ਹੈ ਜੋ ਮਨੁੱਖੀ ਦਿਮਾਗ਼ ਨੂੰ ਆਪੇ ਤੋਂ ਬਾਹਰ ਕਰ ਦਿੰਦੀ ਹੈ ਅਤੇ ਉਦਾਸੀ ਦਾ ਕਾਰਣ ਬਣਦੀ ਹੈ।" ਗੁਰੂ ਗ੍ਰੰਥ 1293.

"ਇਕ ਨੂੰ ਰੱਬ ਦੇ ਨਾਂ ਦਾ ਅਮ੍ਰਿਤ ਪੀਣਾ ਚਾਹੀਦਾ ਹੈ ਅਤੇ ਬੇਕਾਰ ਸ਼ਰਾਬ ਨਹੀਂ।" ਗੁਰੂ ਗ੍ਰੰਥ 360.

"ਇਕ ਨੂੰ ਸਖ਼ਤੀ ਨਾਲ ਸ਼ਰਾਬ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਸਿਰਫ ਇਕ ਨੂੰ ਆਪੇ ਤੋਂ ਬਾਹਰ ਕਰਦੀ ਹੈ ਅਤੇ ਰੱਬ ਨੂੰ ਭੁਲਾਉਂਦੀ ਹੈ। ਸ਼ਰਾਬ ਦਾ ਸੇਵਨ ਕਰਨ ਵਾਲਿਆਂ ਨੂੰ ਰੱਬ ਦੀ ਅਦਾਲਤ ਵਿਚ ਸਜਾ ਮਿਲਦੀ ਹੈ।"

ਤੰਬਾਕੂ ਦਾ ਸੇਵਨ, ਇੱਕ ਉਲੰਘਣਾ-ਕੁਰਿਹਤ ਹੈ-

"ਲੋਕ ਮਜੇ ਲਈ ਸਿਗਰੇਟ ਪੀਂਦੇ ਹਨ ਅਤੇ ਸੁਪਾਰੀ ਚਬਾਉਂਦੇ ਹਨ ਅਤੇ ਇਸ ਤਰ੍ਹਾਂ ਆਪਣੀ ਜ਼ਿੰਦਗੀ ਨੂੰ ਬਰਬਾਦ ਕਰਦੇ ਹਨ। ਉਹ ਰੱਬ ਦੇ ਨਾਂ ਦਾ ਧਿਆਨ ਨਹੀਂ ਕਰਦੇ ਅਤੇ ਮੌਤ ਦਾ ਫਰਿਸ਼ਤਾ ਉਨ੍ਹਾਂ ਨੂੰ ਸਜਾ ਦਿੰਦਾ ਹੈ।" ਗੁਰੂ ਗ੍ਰੰਥ 726.

"ਕੱਥਾ ਮੀਟ (ਹਲਾਲ) ਤੰਬਾਕੂ, ਸ਼ਰਾਬ, ਚਰਸ, ਗਾਂਜਾ, ਤਾਰੀ, ਟੋਪੀ,--- ਦਾ ਸਿੱਖਾਂ ਵਲੋਂ ਕਦੇ ਵੀ ਸੇਵਨ ਨਹੀਂ ਕੀਤਾ ਜਾਣਾ ਚਾਹੀਦਾ ਹੈ।" (ਰਹਿਤਨਾਮਾ ਭਾਈ ਦਇਆ ਸਿੰਘ)

ਦੁਨਿਆਵੀ ਇੱਛਾਵਾਂ ਨਹੀਂ

ਸਿੱਖ ਧਰਮ ਦੁਨਿਆਵੀ ਇੱਛਾਵਾਂ ਦਾ ਖੰਡਨ ਕਰਦਾ ਹੈ ਅਤੇ ਬਲਕਿ ਆਪ ਜੀਵਨ ਵਿਚ ਮੌਤ ਦੀ ਵਕਾਲਤ ਕਰਦਾ ਹੈ।

"ਰੱਬ ਦੇ ਡਰ ਨਾਲ ਇੱਛਾਵਾਂ ਤੋਂ ਅਜ਼ਾਦ ਮਨ ਇਲਾਹੀ ਗਿਆਨ ਦਾ ਅਨੰਦ ਮਾਣਦਾ ਹੈ ਅਤੇ ਦੁਬਾਰਾ ਕਿਸੇ ਤਰ੍ਹਾਂ ਦੀ ਭੁੱਖ ਮਹਿਸੂਸ ਨਹੀਂ ਕਰਦਾ।" ਗੁਰੂ ਗ੍ਰੰਥ 21.

"ਮਨ ਦੀ ਜਿੱਤ ਦੁਨਿਆ ਦੀ ਜਿੱਤ ਹੈ।" ਗੁਰੂ ਗ੍ਰੰਥ 6.

ਜੋ ਕੋਈ ਵੀ ਆਪਣੇ ਮਨ ਵਿਚ ਡੁਬ ਜਾਂਦਾ ਹੈ, ਉਸਨੂੰ ਜੀਵਨ ਵਿਚ ਮੌਤ ਦਾ ਅਹਿਸਾਸ ਹੁੰਦਾ ਹੈ। ਉਸਦੀ ਕ੍ਰਿਪਾ ਨਾਲ ਕ੍ਰਿਪਾਲੂ ਪਰਮਾਤਮਾ ਦਾ ਅਹਿਸਾਸ ਹੁੰਦਾ ਹੈ। ਮਨ ਸਥਿਰ ਹੋ ਜਾਂਦਾ ਹੈ ਜੇਕਰ ਮਨੁੱਖ ਜੀਵਨ ਦੇ ਸੱਚੇ ਢੰਗ ਵਿਚ ਕੰਮ ਕਰਦਾ ਹੈ। ਭੁੱਖ, ਗੁੱਸਾ, ਭੌਤਿਕਵਾਦੀ ਝਮੇਲੇ ਅਤੇ ਦੁਨਿਆਵੀ ਮੋਹ ਹਾਰ, ਬਦਨਾਮੀ ਅਤੇ ਮਾਨਸਕ ਗੜਬੜੀ ਲਿਆਉਂਦੇ ਹਨ ਜੱਦਕਿ ਸੱਚ, ਸੰਤੋਖ, ਦਇਆ, ਰੱਬ ਵਿਚ ਵਿਸ਼ਵਾਸ ਅਤੇ ਹੋਰ ਸਾਰੀਆਂ ਚੰਗਿਆਈਆਂ ਸਫਲਤਾ, ਮਾਨਸਕ ਸ਼ਾਂਤੀ, ਖੁਸ਼ੀ ਅਤੇ ਸਤਿਕਾਰ ਦੀ ਅਗੁਆਈ ਕਰਦੀਆਂ ਹਨ। ਸਵੈ ਸੰਜਮ ਅਤੇ ਸਿੱਧੀ ਅਤੇ ਰੱਬ ਦੇ ਨਾਂ ਨਾਲ ਮਨ ਦੀ ਜਾਗਰੂਕਤਾ ਸਾਰੀਆਂ ਬੁਰਾਈਆਂ ਨੂੰ ਦੂਰ ਕਰ ਦਿੰਦੀ ਹੈ। ਮਨ ਸੱਚਾਈ ਨਾਲ ਭਰਪੂਰ ਜੀਵਨ ਦੀ ਅਗੁਆਈ ਕਰਨ ਲਈ ਚੰਗਿਆਈਆਂ ਪੈਦਾ ਕਰਦਿਆਂ ਇੱਛਾ-ਮੁਕਤ ਅਤੇ ਅਸਥਾਈ ਦੁਨਿਆਵੀ ਮੋਹ ਤੋਂ ਉਪਰ ਹੋ ਜਾਂਦਾ ਹੈ।

ਆਚਰਣ ਦੇ ਆਮ ਕਥਨ

ਸਿੱਖੀ ਜੀਵਨ ਢੰਗ ਵਿਚ ਸਿੱਖ ਧਰਮ ਦੀ ਸਿੱਖਿਆਵਾਂ ਮੁਤਾਬਕ ਆਚਰਣ ਦੇ ਆਮ ਕਥਨਾਂ ਦਾ ਪਾਲਨ ਕੀਤਾ ਜਾਣਾ ਚਾਹੀਦਾ ਹੈ ਜੋ ਕਿ ਉੱਚ ਨੈਤਿਕਤਾ ਅਤੇ ਨੈਤਿਕ ਕਦਰਾਂ ਨਾਲ ਭਰਪੂਰ ਹਨ।

ਦੌਲਤ ਇਕੱਠੀ ਨਾ ਕੀਤੀ ਜਾਵੇ

"ਪਾਪ ਕੀਤੇ ਬਗੈਰ ਦੌਲਤ ਨਹੀਂ ਕਮਾਈ ਜਾ ਸਕਦੀ ਅਤੇ ਇਹ ਮੌਤ ਦੇ ਸਮੇਂ ਨਾਲ ਨਹੀਂ ਜਾ ਸਕਦੀ।" ਗੁਰੂ ਗ੍ਰੰਥ ਸਾਹਿਬ 417.

"ਕਈ ਦੌਲਤ ਅਤੇ ਜਾਇਦਾਦ ਲਈ ਰੋਂਦਿਆਂ ਮਰ ਗਏ ਪਰ ਇਹ ਕਿਸੇ ਦੇ ਨਾਲ ਵੀ ਨਹੀਂ ਗਈ।" ਗੁਰੂ ਗ੍ਰੰਥ 935.

"ਇਕ ਨੂੰ ਹਮੇਸ਼ਾ ਪੈਸੇ ਪਿੱਛੇ ਨਹੀਂ ਦੌੜਨਾ ਚਾਹੀਦਾ ਜਿਵੇਂ ਕਿ ਇਹ ਇਕ ਨਾਗ ਹੈ ਜਿਸਨੇ ਦੁਨੀਆ ਨੂੰ ਆਪਣੇ ਸ਼ਿਕੰਜੇ ਵਿਚ ਕਸ ਲਿਆ ਹੈ, ਹਾਲਾਂਕਿ ਇਹ ਹਰ ਉਸ ਮਨੁੱਖ ਨੂੰ ਨਿਗਲ ਜਾਂਦਾ ਹੈ ਜੋ ਇਸਨੂੰ ਇਕੱਠਾ ਕਰਦਾ ਹੈ।"

ਹਿੰਸਾ ਨਹੀਂ

"ਦੂਜਿਆਂ ਦੇ ਅਧਿਕਾਰਾਂ 'ਤੇ ਹਮਲਾ ਇਕ ਧਾਰਮਕ ਉਲੰਘਣਾ, ਜਿਵੇਂ ਮੁਸਲਮਾਨਾਂ ਲਈ ਸੂਰ ਅਤੇ ਹਿਦੂਆਂ ਲਈ ਗਾਂ, ਬਣਾ ਦਿੱਤਾ ਗਿਆ ਹੈ।" ਗੁਰੂ ਗ੍ਰੰਥ 146.

ਭ੍ਰਿਸ਼ਟਾਚਾਰ ਨਹੀਂ

ਭ੍ਰਿਸ਼ਟਾਚਾਰ ਅਤੇ ਅਨਿਆਂ ਨੂੰ ਸਹਿਨ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਇਹ ਸਭ ਤੋਂ ਬੁਰੇ ਦੋਸ਼ ਹਨ।

"ਉਹ ਜੋ ਦੂਜਿਆਂ ਦਾ ਖ਼ੂਨ ਚੂਸਦੇ ਹਨ ਕਦੇ ਵੀ ਸ਼ੁਧ ਨਹੀਂ ਹੋ ਸਕਦੇ ਜਿਵੇਂ ਕਿ ਕਪੜਾ ਵੀ ਨਾਪਾਕ ਅਤੇ ਖ਼ੂਨ ਨਾਲ ਦਾਗ਼ਦਾਰ ਹੋ ਜਾਂਦਾ ਹੈ।" ਗੁਰੂ ਗ੍ਰੰਥ 140.

ਅਸੱਤ ਨਹੀਂ

"ਇੱਕ ਦੇ ਆਚਰਣ ਵਿਚ ਅਸੱਤ ਹਾਲਾਂਕਿ ਮਾਖਿਉ ਵਾਂਗ ਮਿੱਠਾ ਜਾਪਦਾ ਹੈ ਪਰ ਇਹ ਮਨੁੱਖ ਨੂੰ ਡੁਬੋ ਦਿੰਦਾ ਹੈ। ਇਕ ਜੋ ਅਸੱਤ ਵਿਚ ਰਿਝ ਜਾਂਦਾ ਹੈ ਝੂਠਾ ਹੋਣ ਦਾ ਅਹੁਦਾ ਪ੍ਰਾਪਤ ਕਰਦਾ ਹੈ। ਸਾਰੇ ਝੂਠੇ ਉਹੀ ਪ੍ਰਾਪਤ ਕਰਦੇ ਹਨ ਜੋ ਪੂਰੀ ਤਰ੍ਹਾਂ ਗ਼ਲਤ ਹੈ।"

ਮਾੜੇ ਬੋਲ ਨਹੀਂ

"ਮਾੜੇ ਬੋਲਾਂ ਦਾ ਦੋਸ਼ ਇਕ ਦੇ ਮਨ ਨੂੰ ਦੂਸ਼ਿਤ ਕਰਦਾ ਹੈ ਅਤੇ ਰੋਜ਼ਾਨਾ ਅਪਮਾਨ ਲਿਆਉਂਦਾ ਹੈ।"

ਵਹਿਸ਼ੀਪਨ ਅਤੇ ਅਨਾਦਰ ਭਾਓ ਨਹੀਂ

"ਕੌੜੇ ਸ਼ਬਦ ਬੋਲ ਕੇ ਮਨੁੱਖ ਦੁਖ ਪ੍ਰਾਪਤ ਕਰਦਾ ਹੈ। ਕਿਸੇ ਨਾਲ ਅਨਾਦਰ ਭਾਓ ਨਾਲ ਬੋਲਣਾ ਇਕ ਦੇ ਆਪਣੇ ਮਨ ਅਤੇ ਸ਼ਰੀਰ ਦਾ ਅਨਾਦਰ ਕਰਦਾ ਹੈ।" ਗੁਰੂ ਗ੍ਰੰਥ 473.

ਧੋਖਾ ਅਤੇ ਪਖੰਡ ਨਹੀਂ

"ਧੋਖੇਬਾਜ ਅਤੇ ਪਖੰਡੀ ਲੋੜੋਂ ਵੱਧ ਦੁਨਿਆਦਾਰੀ ਨਾਲ ਜੁੜਿਆ ਹੁੰਦਾ ਹੈ।"

ਬੇਸਮਝੀ ਨਹੀਂ

"ਜੋ ਵੀ ਮੂਰਖ ਹੈ ਆਪਣੀ ਅੱਖਾਂ ਨਾਲ ਨਹੀਂ ਵੇਖਦਾ ਹੈ। ਉਸਦੀ ਬੋਲੀ ਨਾਲ ਅਨੰਦ ਨਹੀਂ ਮਿਲਦਾ ਅਤੇ ਉਹ ਉਹ ਨਹੀਂ ਸਮਝਦਾ ਜੋ ਉਸਨੂੰ ਦੱਸਿਆ ਗਿਆ ਹੁੰਦਾ ਹੈ। ਅਧਰਮ ਦੇ ਨਸ਼ੇ ਵਿਚ ਉਹ ਦੁਨੀਆ ਨਾਲ ਲੜਦਾ ਹੈ।"

ਲ਼ਾਲਚ ਨਹੀਂ

"ਲਾਲਚੀ ਮਨੁੱਖ ਭਰੋਸੇ ਯੋਗ ਨਹੀਂ ਹੁੰਦਾ।"

ਅਸ਼ੁੱਧਤਾ ਨਹੀਂ

"ਜਦੋਂ ਮਨ ਅਸ਼ੁੱਧ ਹੁੰਦਾ ਹੈ ਉਦੋਂ ਸ਼ਰੀਰ ਅਸ਼ੁੱਧ ਹੋ ਜਾਂਦਾ ਹੈ ਅਤੇ ਜੀਭ ਵੀ ਅਸ਼ੁੱਧ ਹੋ ਜਾਂਦੀ ਹੈ। ਝੂਠੇ ਮੂੰਹ ਨਾਲ ਮਨੁੱਖ ਝੂਠ ਬੋਲਦਾ ਹੈ। ਉਹ ਸ਼ੁਧ ਕਿਵੇਂ ਹੋ ਸਕਦਾ ਹੈ?"

ਜੁਲਮ, ਦੁਨਿਆਵੀ ਮੋਹ, ਲਾਲਚ ਅਤੇ ਕ੍ਰੋਧ ਨਹੀਂ

"ਜੁਲਮ, ਦੁਨਿਆਵੀ ਮੋਹ, ਲਾਲਚ ਅਤੇ ਕ੍ਰੋਧ ਅੱਗ ਦੀ ਚਾਰ ਧਾਰਾਵਾਂ ਹਨ। ਇਨ੍ਹਾਂ ਵਿਚ ਗਿਰ ਕੇ ਆਤਮਾ ਜਲ ਜਾਂਦੀ ਹੈ।"

ਦੁਨਿਆਵੀ ਬੰਧਨ ਨਹੀਂ

"ਦੁਨਿਆਵੀ ਬੰਧਨ ਦਾ ਸਨੇਹ ਸਭ ਝਮੇਲਾ ਹੈ।"

ਕੁਬੇਰ ਪੂਜਾ ਨਾਲ ਦੋਸਤੀ ਨਹੀਂ

"ਕੁਬੇਰ ਪੂਜਾ ਦੀ ਦੋਸਤੀ ਝੂਠੀ ਹੈ ਅਤੇ ਉਨੀ ਹੀ ਝੂਠੀ ਇਸਦੀ ਬੁਨਿਆਦ ਹੈ।"

ਦੂਜੇ ਨੂੰ ਮਾੜਾ ਅਤੇ ਆਪ ਨੂੰ ਚੰਗਾ ਨਾ ਕਿਹਾ ਜਾਵੇ

"ਇਕ ਨੂੰ ਦੂਜੇ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ। ਇਕ ਨੂੰ ਆਪ ਨੂੰ ਚੰਗਾ ਅਤੇ ਦੂਜੇ ਨੂੰ ਮਾੜਾ ਨਹੀਂ ਮੰਨਣਾ ਚਾਹੀਦਾ।"

ਕੋਈ ਦੁਸ਼ਮਨ ਜਾਂ ਅਨਜਾਣ ਨਹੀਂ

"ਇਸ ਦੁਨੀਆ ਵਿਚ ਕੋਈ ਵੀ ਦੁਸ਼ਮਨ ਜਾਂ ਅਨਜਾਣ ਨਹੀਂ ਹੈ ਜਿਵੇਂ ਕਿ ਹਰ ਕੋਈ ਇਕੋ ਭਾਈਚਾਰੇ ਨਾਲ ਸੰਬੰਧਤ ਹੈ।"

ਕੋਈ ਬਰਤ ਜਾਂ ਬਹੁਤ ਜ਼ਿਆਦਾ ਭੋਜਨ ਨਹੀਂ

"ਬਰਤ ਰੱਖ ਕੇ ਇਕ ਆਪਣੇ ਹੀ ਸ਼ਰੀਰ ਨੂੰ ਦੁਖ ਦਿੰਦਾ ਹੈ। ਅਜਿਹੀ ਜ਼ਿੰਦਗੀ ਸ਼ਾਪਿਤ ਹੈ ਜਿਸ ਵਿਚ ਮਨੁੱਖ ਬਹੁਤ ਜ਼ਿਆਦਾ ਭੋਜਨ ਕਰਕੇ ਆਪਣਾ ਪੇਟ ਵਧਾਉਂਦਾ ਹੈ।"

## ਅਧਿਆਇ 4-16

### ਸਾਰੇ ਵਿਆਹ ਅਤੇ ਤਲਾਕ ਅਤੇ ਹੋਰ ਇਹੋ ਜਿਹੇ ਆਪਸੀ ਝਗੜੇ ਜ਼ਿੰਦਗੀ ਨੂੰ ਸੁੱਚੇ ਤੌਰ ਤਰੀਕਿਆਂ ਨਾਲ ਜੀਣ ਨਾਲ ਆਸਾਨੀ ਨਾਲ ਸੁਲਝਾਏ ਜਾ ਸਕਦੇ ਹਨ:-

ਤਕਰੀਬਨ ਸਾਰੇ ਹੀ ਝਗੜੇ ਹਉਮੈ ਅਤੇ ਹੋਰ ਬੁਰਾਈਆਂ ਜੋ ਇਸ ਤੋਂ ਉਪਜਦੀਆਂ ਹਨ ਵਿਚੋਂ ਹੀ ਪੈਦਾ ਹੁੰਦੇ ਹਨ। ਜਿਵੇਂ ਕਿ ਗੁੱਸਾ, ਲਾਲਚ, ਜੁੜਾਓ, ਇੱਛਾ, ਈਰਖਾ ਆਦਿ। ਸਿੱਖ ਧਰਮ ਇਨ੍ਹਾਂ ਬੁਰਾਈਆਂ ਨੂੰ ਖਤਮ ਕਰਨ ਦੇ ਅਸਰਦਾਰ ਤਰੀਕੇ ਨਾਲ ਦੱਸਦਾ ਹੈ ਕਿ ਕਿਵੇਂ ਇਕ ਮਨੁੱਖ ਆਪਣੇ ਦਿਮਾਗ ਅੰਦਰ ਉਸ ਰਚਨਾ ਕਰਣ ਵਾਲੇ ਨੂੰ ਲਗਾਤਾਰ ਧਿਆਉਂਦਾ ਰਹੇ ਤਾਂ ਜੋ ਉਹ ਜ਼ਿੰਦਗੀ ਨੂੰ ਸੁੱਚੇ ਰੂਪ ਵਿਚ ਜੀ ਸਕੇ ਜਿਸ ਵਿਚ ਹਰ ਇਕ ਮਨੁੱਖ ਉਸਦੀ ਨਜ਼ਰ ਵਿਚ ਸਮਾਨ ਹੋਵੇ ਅਤੇ ਮਨੁੱਖਾਂ ਵਿਚ ਆਪਸ ਵਿਚ ਪਿਆਰ ਹੋਵੇ। ਲਿੰਗ, ਧਰਮ ਅਤੇ ਜਾਤ ਦੇ ਆਧਾਰ ਤੇ ਵੱਖਵਾਦ ਸਿੱਖੀ ਵਿਚ ਪੂਰਨ ਰੂਪ ਵਿਚ ਵਰਜਿਤ ਹੈ, ਜੋ ਕਿ ਪਿਛਲੇ ਧਰਮਾਂ, ਵਿਸ਼ਵਾਸਾਂ ਅਤੇ ਪ੍ਰਣਾਲੀਆਂ ਵਿਚ ਇਕ ਜਾਂ ਦੂਜੇ ਰੂਪ ਵਿਚ ਵਿਖਾਈ ਦਿੰਦੀ ਹੈ, ਅਤੇ ਕਿਸੇ ਵੀ ਪ੍ਰਕਾਰ ਦੇ ਇਨ੍ਹਾਂ ਵਿਵਾਦਾਂ ਦੇ ਉੱਠਣ ਪ੍ਰਤੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਹੈ। ਬਲਕਿ ਸਿੱਖ ਧਰਮ ਮਨੁੱਖਤਾ ਨਾਲ ਭਾਈਚਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਦੂਜਿਆਂ ਪ੍ਰਤੀ ਸੇਵਾ ਭਾਵਨਾ ਰੱਖਣ ਦੀ ਵਕਾਲਤ ਕਰਦਾ ਹੈ। ਕੁਝ ਮਸਲੇ ਹਨ ਜੋ ਕਿ ਸਮਾਜਕ ਵਿਵਸਥਾ ਨਾਲ ਸੰਬੰਧ ਰੱਖਦੇ ਹਨ ਅਤੇ ਆਪਣੇ ਦੇਸ਼ਾਂ ਦੇ ਦਾਇਰੇ ਵਿਚਲੇ ਕਾਨੂੰਨਾਂ ਹੇਠ ਸੁਲਝਾਏ ਜਾਂਦੇ ਹਨ ਅਤੇ ਸਮਾਜ ਵਿਚ ਬਦਲਾਓ ਦੇ ਨਾਲ ਨਾਲ ਇਹ ਕਾਨੂੰਨ ਵੀ ਸਮੇਂ ਦੀ ਲੋੜ ਅਨੁਸਾਰ ਬਦਲ ਜਾਂਦੇ ਹਨ। ਇਹ ਬਹੁਤੀ ਵਾਰ ਭਰਮਾਂ ਦਾ ਕਾਰਣ ਬਣਦੇ ਹਨ ਜਦੋਂ ਇਹ ਕਾਨੂੰਨ ਧਾਰਮਿਕ ਮਾਨਤਾਵਾਂ, ਜੋ ਕਿ ਜਿਆਦਾਤਰ ਸਥਾਈ ਹੁੰਦੀਆਂ ਹਨ, ਨਾਲੋਂ ਵੱਖਰੇ ਹੁੰਦੇ ਹਨ।

ਇਹੋ ਜਿਹਾ ਹੀ ਇਕ ਮਸਲਾ ਵਿਆਹ ਅਤੇ ਤਲਾਕ ਦਾ ਹੈ। ਇਨ੍ਹਾਂ ਮਾਮਲਿਆਂ ਵਿਚ ਮੁਸੀਬਤ ਉਸ ਵੇਲੇ ਹੀ ਪੈਂਦੀ ਹੈ ਜਦੋਂ ਕਿ ਧਾਰਮਿਕ ਮਾਨਤਾਵਾਂ ਦੀ ਸਖਤੀ ਨਾਲ ਪਾਲਣਾ ਨਹੀਂ ਹੁੰਦੀ। ਸਿੱਖ ਧਰਮ ਵਿਚ ਇਕ ਵੱਡਾ ਮਹੱਤਵ ਵਿਆਹ ਦੀ ਸੰਸਥਾ ਦੇ ਬੇਹੱਦ ਪਵਿੱਤਰ ਹੋਣ ਨੂੰ ਦਿੱਤਾ ਗਿਆ ਹੈ। ਖਾਸਤੌਰ ਤੇ ਇਹ ਘਰ ਵਾਲਿਆਂ ਦੀ ਜ਼ਿੰਦਗੀ ਨੂੰ ਕੁਦਰਤੀ ਰੂਪ ਵਿਚ ਬਤੀਤ ਕਰਣ ਦੀ ਵਕਾਲਤ ਕਰਦਾ ਹੈ ਅਤੇ ਤਾਂ ਜੋ ਵਿਆਹ ਦੇ ਟੁੱਟਣ ਅਤੇ ਤਲਾਕ ਦੀ ਕੋਈ ਗੁੰਜਾਇਸ਼ ਨਾ ਰਹੇ। ਵਿਆਹ ਇਕ ਪਵਿੱਤਰ ਸਮਾਰੋਹ ਹੈ ਜਿਸ ਵਿਚ ਵਿਆਹ ਦੀਆਂ ਦੋਹਾਂ ਧਿਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖ ਬੈਠੇ ਹੁੰਦੇ ਹਨ ਅਤੇ ਜਿੱਥੇ ਕੀਤਾ ਗਿਆ ਹਰ ਵਾਅਦਾ ਬਿਨਾਂ ਇਸ ਤੋਂ ਮੁਕਰਿਆਂ ਨਿਭਾਉਣਾ ਪੈਂਦਾ ਹੈ। ਉਸ ਪਵਿਤਰ ਸਮਾਰੋਹ ਵਿਚ ਗੁਰਬਾਣੀ, ਸ਼ਬਦ - ਲਾਵਾਂ ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਦਾ ਕੀਰਤਨ ਕੀਤਾ ਜਾਂਦਾ ਹੈ, ਜੋ ਕਿ ਇਕ ਆਤਮਾ ਦੇ ਪਰਮਾਤਮਾ ਵਿਚ ਮਿਲਣ ਦੇ ਸਮੇਂ ਨਾਲ ਸੰਬੰਧਤ ਹੈ ਤਾਂ ਜੋ ਦੋਵੇਂ ਪਤੀ ਪਤਨੀ ਉਸ ਇਲਾਹੀ ਮਾਰਗ ਉਪਰ ਇਕ ਦੂਜੇ ਦੇ ਨਾਲ ਰਹਿਣ। ਸਿੱਖ ਰਹਿਤ ਮਰਿਆਦਾ ਵਿਚ ਇਹ ਕਿਹਾ ਗਿਆ ਹੈ ਕਿ ਉਨ੍ਹਾਂ ਦੋਹਾਂ ਨੂੰ ਇਕ ਮਿਕ ਹੋ ਜਾਣਾ ਚਾਹੀਦਾ ਹੈ। "ਉਹ ਪਤੀ ਅਤੇ ਪਤਨੀ ਨਹੀਂ ਹਨ ਜੋ ਸਿਰਫ ਇਕੱਠੇ ਬੈਠਣਗੇ, ਬਲਕਿ ਉਹ ਪਤੀ ਅਤੇ ਪਤਨੀ ਹਨ ਜੋ ਕਿ ਦੋ ਦੇਹਾਂ ਵਿਚ ਇੱਕ ਆਤਮਾ ਹਨ"।

(ਸੂਹੀ ਕੀ ਵਾਰ 111)

ਅਤੇ-

ਉਨ੍ਹਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਉਹ ਗੁਰੂ ਰਾਮ ਦਾਸ ਵਲੋਂ ਬਣਾਏ ਗਏ ਮਾਡਲ ਅਨੁਸਾਰ ਆਪਣੇ ਵਿਵਾਹਿਕ ਰਿਸ਼ਤਿਆਂ ਨੂੰ ਬਣਾਉਣ, ਜੋ ਕਿ ਵਿਆਹ ਦੀ ਰਸਮ ਦਾ ਇਕ ਹਿੱਸਾ ਹੈ। ਇਸ ਵਿਚ ਗੁਰੂ ਜ਼ਿੰਦਗੀ ਦੇ ਵਿਕਾਸ ਦੇ ਚਾਰ ਕਦਮਾਂ ਪਿਆਰ ਤੋਂ ਭੈਅ, ਪਿਆਰ, ਰਹਿਤ

ਸਿੱਖ ਧਰਮ ਰੱਬ ਦੇ ਪਿਤ੍ਰਭਾਵ, ਮਾਨਵਤਾ ਦੇ ਭਾਈਚਾਰੇ ਅਤੇ ਸੱਚ ਨਾਲ ਭਰਪੂਰ ਜ਼ਿੰਦਗੀ ਵਿਚ ਵਿਸ਼ਵਾਸ ਰੱਖਦਾ ਹੈ। ਰੱਬ ਦਾ ਸੰਕਲ ਹੈ, ਇੱਕ ਅਤੇ ਸਿਰਫ ਇੱਕ, ਸਾਰੀ ਸਿਰਜਨਾ ਦਾ ਸਿਰਜਣਹਾਰ, ਇਸਦਾ ਰਖਵਾਲਾ ਅਤੇ ਵਿਨਾਸ਼ਕ, ਬਿਨਾਂ ਕਿਸੇ ਅਵਤਾਰ ਦੇ, ਅਣਜੰਮਿਆ ਅਤੇ ਆਪ ਪ੍ਰਕਾਸ਼ਿਤ ਹੋਇਆ, ਜਿਸਦੀ ਰੌਸ਼ਨੀ ਸਾਰਿਆਂ ਵਿਚ ਚਮਕਦੀ ਹੈ।

ਸਿਰਫ ਉਸਦੇ ਨਾਂ ਨੂੰ ਮਨ ਵਿਚ ਵਸਾਉਣ ਲਈ ਉਸਦਾ ਜਾਪ ਕਰਨ ਦੀ ਲੋੜ ਹੈ, ਜੋ ਹੰਕਾਰ ਨੂੰ ਜਲਾਉਂਦਾ ਹੈ, ਬੁਰਾਈਆਂ ਨੂੰ ਖਤਮ ਕਰਦਾ ਹੈ ਅਤੇ ਰੱਬ, ਸਰਬ ਸ਼ਕਤੀਮਾਨ, ਦੀ ਮਰਜ਼ੀ ਨੂੰ ਮੰਨਦਿਆਂ ਉਸ ਨਾਲ ਜੁੜ ਜਾਣ ਦੀ ਉਸਦੀ ਮਿਹਰ ਦੀ ਉਡੀਕ ਕਰਦਿਆਂ ਸਿੱਖੀ ਜੀਵਨ ਢੰਗ ਵਿਚ ਸੱਚਾਈ ਭਰੀ ਜ਼ਿੰਦਗੀ ਦੀ ਅਗੁਵਾਈ ਲਈ ਚੰਗਿਆਈਆਂ ਭਰਦਾ ਹੈ। ਮਨੁੱਖੀ ਮਨ ਨੂੰ ਸਵੈ ਤੰਗਦਿਲ ਹੰਕਾਰੀ ਪ੍ਰਵ੍ਰਿਤੀਆਂ ਤੋਂ ਰੱਬੀ ਉੱਚ ਚੇਤਨਾ ਵਿਚ ਤਬਦੀਲ ਕਰਨ ਲਈ ਜਿਸਨੂੰ ਕਿ ਜੀਵਨ ਦੇ ਪੂਰੇ ਦੌਰ ਵਿਚ ਸਾਰੇ ਸਮਾਜਕ ਰਾਜਨੀਤਕ ਮਾਮਲਿਆਂ ਵਿਚ ਕਿਰਿਆਸ਼ੀਲ ਕੀਤਾ ਜਾਣਾ ਹੈ, ਸੱਚਾਈ, ਰੱਬ ਦਾ ਨਾਂ ਅਤੇ ਪਵਿੱਤਰ ਕਾਰਜ ਸਿੱਖ ਧਰਮ ਦਾ ਇਲਾਹੀ ਸੰਦੇਸ਼ ਹੈ। ਇਲਾਹੀ ਗਿਆਨ ਸਿੱਖੀ ਦੀ ਇਲਾਹੀ ਸਿੱਖਿਆਵਾਂ ਤੋਂ ਪ੍ਰਾਪਤ ਕਰਨ ਦੀ ਲੋੜ ਹੈ ਪਰ ਇਹ ਮਾਮਲੇ ਦਾ ਅੰਤ ਨਹੀਂ ਹੈ ਜਿਵੇਂ ਕਿ ਇਸ ’ਤੇ ਜੀਵਨ ਦੇ ਵਿਵਹਾਰਕ ਸਿੱਖੀ ਢੰਗ ਵਿਚ ਕਿਰਿਆਸ਼ੀਲ ਹੋਣ ਦੀ ਲੋੜ ਹੈ। ਇਹ ਆਪਣੇ ਆਪ ਸਿੱਖੀ ਜੀਵਨ ਢੰਗ ਵਿਚ ਸੱਚਾਈ ਨਾਲ ਭਰੀ ਜ਼ਿੰਦਗੀ ਦੀ ਅਗੁਵਾਈ ਕਰਦਾ ਹੈ, ਜੋ ਕਿ ਰੱਬ ਦਾ ਅਸਲ ਮਾਰਗ ਹੈ।

ਰੱਬ ਦਾ ਪਿਤ੍ਰਭਾਵ ਵੀ ਆਪਣੇ ਆਪ ਮਾਨਵਤਾ ਦੇ ਭਾਈਚਾਰੇ ਦੀ ਅਗੁਵਾਈ ਕਰਦਾ ਹੈ, ਜਿਵੇਂ ਕਿ ਸਾਰੀ ਸਿਰਜਨਾ ਦਾ ਇੱਕੋ ਸਿਰਜਣਹਾਰ ਹੈ, ਇੱਕੋ ਉਸਦੀ ਰੌਸ਼ਨੀ ਹੈ ਜੋ ਸਾਰਿਆਂ ਵਿਚ ਚਮਕਦੀ ਹੈ। ਸਿੱਖੀ ਦਾ ਇਲਾਹੀ ਸੰਦੇਸ਼ ਇਹ ਹੈ ਕਿ ਬਿਨਾਂ ਕਿਸੇ ਵਿਭਿੰਨਤਾ ਜਾਂ ਭੇਦਭਾਵ ਦੇ, ਭਾਵੇਂ ਉਹ ਕਿਸੇ ਵੀ ਆਧਾਰ ’ਤੇ ਹੋਣ, ਮਾਨਵ ਜਾਤੀ ਇੱਕ ਹੈ। ਧਰਮ, ਵਿਸ਼ਵਾਸ, ਪ੍ਰਣਾਲੀਆਂ, ਜਿਨ੍ਹਾਂ ਨੇ ਵੀ ਮਾਨਵ ਜਾਤੀ ਵਿਚਕਾਰ ਵਿਭਿੰਨਤਾਵਾਂ ਜਾਂ ਭੇਦਭਾਵ ਪੈਦਾ ਕੀਤੇ, ਉਨ੍ਹਾਂ ਨੂੰ ਸਿੱਖ ਧਰਮ ਵਿਚ ਪੂਰੀ ਤਰ੍ਹਾਂ ਨਾਮੰਜ਼ੂਰ ਕੀਤਾ ਗਿਆ ਹੈ ਅਤੇ ਮਾਨਵਤਾ ਵਿਚਕਾਰ ਸਮਾਨਤਾ ਲਿਆਉਣ ਲਈ ਪ੍ਰਭਾਵੀ ਕਦਮ ਚੁੱਕੇ ਗਏ ਹਨ। ਸਿੱਖ ਧਰਮ ਮਨੁੱਖ ਅਤੇ ਰੱਬ ਵਿਚਕਾਰ ਪਿਆਰ ਅਤੇ ਮਾਨਵਤਾ ਦੀ ਸੁਆਰਥਹੀਨ ਸੇਵਾ ਵਜੋਂ ਮਨੁੱਖ ਅਤੇ ਮਨੁੱਖ ਵਿਚਕਾਰ ਪਿਆਰ ਦੀ ਸਿੱਖਿਆ ਦਿੰਦਾ ਹੈ। ਦੁਨੀਆ ਦੇ ਧਰਮਾਂ ਅਤੇ ਇਤਿਹਾਸ ਦੇ ਪ੍ਰਸਿੱਧ ਵਿਦਵਾਨਾਂ ਨੇ ਇਸਦੀ ਪ੍ਰਸ਼ੰਸਾ ਕੀਤੀ ਹੈ।

ਹਵਾਲਾ ਦੇਣ ਲਈ ਕਾਫੀ ਹੈ,

ਸਿੱਖ ਧਰਮ, ਦੇ ਲੇਖਕ, ਬ੍ਰਿਟਿਸ਼ ਦੇ ਪ੍ਰਸਿੱਧ ਵਿਦਵਾਨ, ਮੈਕਸ ਆਰਥਰ ਮੈਕਾੱਲਿਫ, “ਸਿੱਖ ਧਰਮ ਤੋਂ ਇਲਾਵਾ ਮਹਾਨ ਹਕੀਕਤ ਜਾਂ ਵਿਆਪਕ ਨੈਤਿਕ ਪ੍ਰਣਾਲੀ ਵਾਲੇ ਧਰਮ ਨੂੰ ਲਭਣਾ ਔਖਾ ਹੋਵੇਗਾ। ਸਿੱਖ ਗ੍ਰੰਥਾਂ ਵਿਚ ਪਰਮ ਸੱਚ ਸ਼ਾਮਲ ਹਨ, ਜਿਨ੍ਹਾਂ ਦਾ ਗਿਆਨ ਪੜ੍ਹਣ ਵਾਲੇ ਨੂੰ ਆਤਮਕ, ਨੀਤੀ ਅਨੁਸਾਰ ਅਤੇ ਸਮਾਜਕ ਤੌਰ ਤੇ ਉੱਚਾ ਚੁੱਕ ਦਿੰਦਾ ਹੈ। ਉਨ੍ਹਾਂ ਵਿਚ ਸੰਪ੍ਰਦਾਇਵਾਦ ਦੀ ਝਲਕ ਨਹੀਂ ਹੈ। ਇਹ ਸਭ ਤੋਂ ਉੱਚੇ ਅਤੇ ਸਭ ਤੋਂ ਪਵਿੱਤਰ ਸਿਧਾਂਤਾਂ ਦਾ ਗਿਆਨ ਕਰਵਾਉਂਦੇ ਹਨ ਜੋ ਮਨੁੱਖ ਨੂੰ ਮਨੁੱਖ ਨਾਲ ਬੰਨ੍ਹਣ ਅਤੇ ਵਿਸ਼ਵਾਸ ਕਰਨ ਵਾਲੇ ਨੂੰ ਆਪਣੇ ਸਾਥੀ ਮਿੱਤਰ ਦੀ ਸੇਵਾ ਦੇ ਉਦੇਸ਼ ਦੇ ਨਾਲ, ਸਭ ਕੁੱਝ ਤਿਆਗ ਦੇਣ ਅਤੇ ਉਸ ਦੇ ਲਈ ਜਾਨ ਕੁਰਬਾਨ ਕਰਨ ਲਈ ਪ੍ਰੇਰਿਤ ਕਰਦਾ ਹੈ।”

ਜਾੱਨ ਕਲਾਰਕ ਆਰਕਰ, ਮਹਾਨ ਬ੍ਰਿਟਿਸ਼ ਵਿਦਵਾਨ, “ਸਿੱਖ ਧਰਮ, ਅਸਲ ਵਿਚ ਆਪ ਹੀ ਪਿਛਲੇ ਵਿਸ਼ਲੇਸ਼ਣ ਵਿਚ ਧਰਮ ਕੀ ਹੈ ਦਾ ਪ੍ਰਚਾਰ ਕਰਦਾ ਹੈ। ਇਹ ਆਪਣੀ ਹੀ ਇਕ ਸਪਸ਼ਟ ਅਤੇ ਆਜ਼ਾਦ ਵਿਵਸਥਾ ਹੈ। ਅੱਜ ਦੇ ਵਿਸ਼ਵ ਨੂੰ ਇਸਦੇ ਪਿਆਰ ਅਤੇ ਸ਼ਾਂਤੀ ਦੇ ਸੰਦੇਸ਼ ਦੀ ਲੋੜ ਹੈ।”

ਸਿੱਖ ਹੁਣ ਪੂਰੀ ਦੁਨੀਆ ਵਿਚ ਵਸੇ ਹੋਏ ਹਨ। ਇਹ ਉਮੀਦ ਹੈ ਕਿ ਉਹ ਇਕੀਵੀਂ ਸਦੀ ਵਿਚ ਸਿੱਖ ਧਰਮ ਦੀਆਂ ਉੱਚ ਕਦਰਾਂ ਕੀਮਤਾਂ ਨੂੰ ਦੁਨੀਆ ਦੇ ਧਿਆਨ ਵਿਚ ਲੈ ਕੇ ਆਉਣਗੇ। ਇਹੀ ਉਪਯੁਕਤ ਸਮਾਂ ਹੈ, ਜਿਵੇਂ ਕਿ ਦੁਨੀਆ ਵਿਚ ਅਸ਼ਾਂਤੀ ਫੈਲੀ ਹੋਈ ਹੈ ਅਤੇ ਨੈਤਿਕ ਕਦਰਾਂ ਕੀਮਤਾਂ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਸਿੱਖੀ ਦੀ ਨੈਤਿਕ ਉੱਚ ਕਦਰਾਂ ਕੀਮਤਾਂ ਦੀ ਇਲਾਹੀ ਸਿੱਖਿਆਵਾਂ ਅਤੇ ਸਹਿਵਰਤੀ ਰਹਿਣ, ਪਿਆਰ ਅਤੇ ਸ਼ਾਂਤੀ ਦਾ ਇਸਦਾ ਸੰਦੇਸ਼ ਇਸਨੂੰ ਸਹੀ ਕਰਨ ਦੇ ਕਾਬਲ ਹੈ। ਇਹ ਦੁਨੀਆ ਵਿਚ ਸਿੱਖਾਂ ਦਾ ਮਾਣ ਵਧਾਏਗਾ, ਜਿਵੇਂ ਕਿ ਪ੍ਰਸਿੱਧ ਬ੍ਰਿਟਿਸ਼ ਵਿਦਵਾਨ, ਮੈਕਸ ਆਰਥਰ ਮੈਕਾੱਲਿਫ ਨੇ ਬਿਆਨ ਕੀਤਾ ਸੀ, ਜਿਸਨੇ ਆੱਕਸਫਾੱਰਡ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਕੀਤੀ ਗਈ ਗੌਰਵਪੂਰਣ ਪੁਸਤਕ, ਸਿੱਖ ਧਰਮ, ਨੂੰ ਲਿਖਣ ਲਈ ਪੰਜਾਬ ਵਿਚ ਡਿਵੀਜ਼ਨਲ ਜੱਜ ਦੇ ਉੱਚੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

“ਸਿੱਖਾਂ ਨਾਲ ਜਾਣੂ ਹੋਏ ਭੇਦਭਾਵ ਵਾਲੇ ਸਾਰੇ ਮਨੁੱਖਾਂ ਨੇ ਉਨ੍ਹਾਂ ਦੀਆਂ ਉੱਚ ਕਦਰਾਂ ਨੂੰ ਨਿਰਧਾਰਿਤ ਕੀਤਾ, ਪਰ ਇੰਝ ਜਾਪਦਾ ਹੈ ਕਿ ਸਮੁੱਚੀ ਦੁਨੀਆ ਵਿਚ ਉਨ੍ਹਾਂ ਦੇ ਧਰਮ ਦੀ ਵਡਿਆਈ ਦਾ ਗਿਆਨ ਉਨ੍ਹਾਂ ਦੇ ਮੌਜੂਦਾ ਸਨਮਾਨ, ਜਿਸ ਨਾਲ ਉਨ੍ਹਾਂ ਦੀ ਆਉ-ਭਗਤ ਕੀਤੀ ਜਾਂਦੀ ਹੈ, ਨੂੰ ਹੋਰ ਵੀ ਵਧਾ ਦਵੇਗਾ। ਧਾਰਮਕ ਯੂਰੋਪ ਅਤੇ ਅਮਰੀਕਾ ਦੇ ਮਨ ’ਤੇ ਵੀ ਸਿੱਖ ਸਿੱਖਿਆਵਾਂ ਦੇ ਨਤੀਜੇ ਘੱਟ ਮਹੱਤਵਪੂਰਣ ਨਹੀਂ ਹੋਣਗੇ। ਦੁਨੀਆ ਭਰ ਵਿਚ ਪਹਿਲਾਂ ਹੀ ਖ਼ਾਲਸਾ ਨੇ ਬਹਾਦਰੀ ਦੇ ਖ਼ੇਤਰ ਵਿਚ ਨਾਂ ਸਥਾਪਿਤ ਕਰ ਲਿਆ ਹੈ। ਧਰਮ ਦੇ ਖ਼ੇਤਰ ਵਿਚ ਵੀ ਖ਼ਾਲਸਾ ਦਾ ਨਾਮ ਜਗਮਗ ਚਮਕੇਗਾ ਜਦੋਂ ਨੈਤਿਕ ਚੰਗਿਆਈ ਅਤੇ ਧਾਰਮਿਕ ਦੁਨੀਆ ਵਿਚ ਉਨ੍ਹਾਂ ਦੇ ਪੁਰਖਾਂ ਦੇ ਸ਼ਾਨਦਾਰ ਕਾਰਜਾਂ ਨੂੰ ਦੂਰ ਦੂਰ ਤੱਕ ਜਾਣੂ ਕਰਵਾਇਆ ਜਾਏਗਾ।”

ਸਿੱਖਾਂ ਨੂੰ ਪਿਛਲੇ ਸਮੇਂ ਵਿਚ ਆਪਣੀ ਗ਼ਲਤ ਪਛਾਣ ਕਰਕੇ ਝੱਲਣਾ ਪਿਆ ਸੀ, ਜਿਵੇਂ ਕਿ ਉਹ, ਉਨ੍ਹਾਂ ਦੇਸ਼ਾਂ ਵਿਚ, ਜਿੱਥੇ ਉਹ ਜਾ ਕੇ ਵਸ ਗਏ ਸਨ, ਸਿੱਖੀ ਜੀਵਨ ਢੰਗ ਅਤੇ ਆਦਰਸ਼ ਜ਼ਾਬਤਾ ਦਾ ਸਖਤੀ ਨਾਲ ਪਾਲਨ ਨਾ ਕਰਨ ਕਰਕੇ ਆਪਣੀ ਅਤੇ ਆਪਣੇ ਧਰਮ ਦੀ ਇੱਕ ਅਲਗ ਪਛਾਣ ਸਥਾਪਿਤ ਨਹੀਂ ਕਰ ਸਕੇ ਸਨ। ਸਿੱਖ ਧਰਮ ਨੂੰ ਸਾਰੇ ਪ੍ਰਸਿੱਧ ਵਿਦਵਾਨਾਂ ਵਲੋਂ ਨਿੱਘੀ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਹਨ, ਇਸ ਤੱਥ ਦੇ ਬਾਵਜੂਦ ਕਿ ਉਹ ਦੂਜੇ ਧਰਮਾਂ ਨਾਲ ਸੰਬੰਧ ਰੱਖਦੇ ਸਨ। ਪੱਛਮ ਦੇ ਪ੍ਰਸਿੱਧ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਇਸਨੂੰ ਮੌਜੂਦਾ ਸਮੇਂ ਦਾ ਧਰਮ ਬੁਲਾਇਆ ਹੈ ਜੋ ਕਿ ਸੱਚ ਨਾਲ ਭਰਪੂਰ ਅਤੇ ਵਿਆਪਕ ਨੈਤਿਕਤਾ ਵਾਲੀਆਂ ਕਦਰਾਂ ਕੀਮਤਾਂ ਵਾਲਾ ਹੋਣ ਕਰਕੇ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਕਾਬਲ ਹੈ ਅਤੇ ਮਨੁੱਖ ਵਿਚ ਮਾਨਵ ਜਾਤੀ ਦੀ ਨਿਸੁਆਰਥ ਸੇਵਾ ਕਰਨ ਦੀ ਭਾਵਨਾ ਪੈਦਾ ਕਰਦਿਆਂ ਮਨੁੱਖ ਨੂੰ ਰੱਬ ਅਤੇ ਮਨੁੱਖ ਨੂੰ ਮਨੁੱਖ ਨਾਲ ਬੰਨ੍ਹਦਾ ਹੈ। ਸਿੱਖਾਂ ਲਈ ਸਿੱਖੀ ਜੀਵਨ ਢੰਗ ਵਿਚ ਸਖਤੀ ਨਾਲ ਜੀਵਨ ਨਾ ਬਤੀਤ ਕਰਨ ਦਾ ਕੋਈ ਕਾਰਣ ਨਹੀਂ ਸੀ ਹੋ ਸਕਦਾ ਜਿਵੇਂ ਕਿ ਉਨ੍ਹਾਂ ਦੇ ਧਰਮ ਦੀ ਪਹਿਲਾਂ ਹੀ ਬਹੁਤ ਪ੍ਰਤਿਸ਼ਠਾ ਹੈ। ਇੱਕ ਧਰਮ ਅਤੇ ਇਸਦੇ ਅਨੁਯਾਈਆਂ ਦੀ ਵੱਖਰੀ ਪਛਾਣ ਉਦੋਂ ਤੱਕ ਸਥਾਪਿਤ ਨਹੀਂ ਕੀਤੀ ਜਾ ਸਕਦੀ ਜਦ ਤੱਕ ਉਸ ਧਰਮ ਦੇ ਅਨੁਯਾਯੀ ਆਪਣੇ ਧਰਮ ਦੇ ਆਦਰਸ਼ ਜ਼ਾਬਤਾ ਦਾ ਸਖਤੀ ਨਾਲ ਪਾਲਨ ਨਹੀਂ ਕਰਦੇ ਅਤੇ ਆਪਣੇ ਧਰਮ ਦੇ ਵਿਖਾਏ ਮਾਰਗ ਵਿਚ ਜੀਵਨ ਬਤੀਤ ਨਹੀਂ ਕਰਦੇ। ਸਿੱਖਾਂ ਨੂੰ ਹੁਣ ਪੱਕੇ ਤੌਰ ’ਤੇ ਆਪਣੀ ਅਤੇ ਆਪਣੇ ਧਰਮ ਦੀ ਅਲੱਗ ਪਛਾਣ ਨੂੰ ਦੁਨੀਆ ਕੋਲ ਜਾਣੂ ਕਰਵਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਬਾਰੇ ਹੁਣ ਹੋਰ ਜ਼ਿਆਦਾ ਗ਼ਲਤ ਪਛਾਣ ਨਾ ਹੋਵੇ।

## ਅਧਿਆਇ 4-19

### ਸਿੱਖ ਧਰਮ ਅਤੇ ਇਤਿਹਾਸ ਦੇ ਵਿਰੁੱਧ ਗ਼ਲਤ ਬਿਆਨੀ-ਦਰੁਸਤ ਕਰਨ ਦੀ ਲੋੜ

ਬ੍ਰਾਹਮਣ ਸੰਪ੍ਰਦਾਇ, ਜੋ ਕਿ ਸਿੱਖੀ ਵਿਚ ਨਿਰਦੋਸ਼ ਜਨਤਾ ਦੇ ਸ਼ੋਸ਼ਣ ਅਤੇ ਜਾਤ ਅਤੇ ਧਰਮ ਦੇ ਨਾਂ ’ਤੇ ਭੇਦਭਾਵ ਪੈਦਾ ਕਰਨ ਵਿਚ ਸਭ ਤੋਂ ਵੱਧ ਸਾਹਮਣੇ ਆਇਆ, ਦੀ ਅਗੁਵਾਈ ਹੇਠ ਸਿੱਖਾਂ ਦੇ ਵਿਰੋਧੀ ਤੱਤ, ਸ਼ੁਰੂ ਤੋਂ ਹੀ ਸਿੱਖ ਧਰਮ ਅਤੇ ਸਿੱਖ ਇਤਿਹਾਸਕ ਪਰੰਪਰਾਵਾਂ ਨੂੰ ਗ਼ਲਤ ਬਿਆਨਬਾਜੀ ਕਰ ਕੇ ਗ਼ਲਤ ਢੰਗ ਨਾਲ ਪੇਸ਼ ਕਰਦੇ ਰਹੇ ਹਨ। ਇਹ ਅਜੇ ਵੀ ਜਾਰੀ ਹੈ। ਕਾਲਪਨਿਕ ਕਹਾਨੀਆਂ ਘੜ੍ਹੀਆਂ ਜਾਂਦੀਆਂ ਸਨ ਅਤੇ ਸਥਾਪਿਤ ਸਿੱਖ ਪਰੰਪਰਾਵਾਂ ਦੇ ਵਿਰੋਧ ਵਿਚ ਕੁਝ ਭਟਕੇ ਹੋਏ ਲੇਖਕਾਂ ਵਲੋਂ ਇਹ ਕਈ ਕਿਤਾਬਾਂ ਵਿਚ ਲਿਖੀਆਂ ਗਈਆਂ।

ਸਿੱਖ ਮੁਗ਼ਲ ਸ਼ਾਸਕਾਂ ਨਾਲ ਗੁਰਿੱਲਾ ਯੁੱਧ ਵਿਚ ਉਲਝੇ ਹੋਏ ਸਨ ਅਤੇ ਇਸਲਈ ਅਜਿਹੀਆਂ ਗ਼ਲਤ ਧਾਰਣਾਵਾਂ ਅਤੇ ਰਲਾਵਟਾਂ ਪੈਦਾ ਕਰਨਾ ਆਸਾਨ ਹੋ ਗਿਆ। ਸ਼ੁਰੂ ਵਿਚ ਸਿੱਖ ਸਾਮਰਾਜ ਦੇ ਕਬਜ਼ੇ ਤੋਂ ਬਾਅਦ ਬ੍ਰਿਟਿਸ਼ ਪ੍ਰਸ਼ਾਸਨ ਨੇ ਵੀ ਸਿੱਖ ਪਰੰਪਰਾਵਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਝੂਠਾ ਸਿੱਧ ਕਰਨ ਲਈ ਆਪਣੇ ਗੁਪਤ ਸਮਰਥਨ ਨੂੰ ਵਧਾ ਦਿੱਤਾ ਸੀ। ਸ਼ੁਰੂ ਵਿਚ ਅਜਿਹੀਆਂ ਰਲਾ ਮਿਲਾ ਕੇ ਤਿਆਰ ਕੀਤੀਆਂ ਗਈਆਂ ਕਿਤਾਬਾਂ ਨੂੰ ਸਿੱਖਾਂ ਦੀ ਨਜ਼ਰਾਂ ਤੋਂ ਬਚਾਉਣ ਲਈ ਲੁਕਾ ਕੇ ਰੱਖਿਆ ਗਿਆ ਸੀ। ਪੂਰੀ ਤਰ੍ਹਾਂ ਗ਼ਲਤ ਬਿਆਨਬਾਜੀ ’ਤੇ ਇੱਕਮਿੱਕ ਕਰਨ ਲਈ ਸਿੱਖਾਂ ਦਾ ਹਿੰਦੂਆਂ ਦੇ ਸੰਪ੍ਰਦਾਇ ਵਜੋਂ ਅਤੇ ਸਿੱਖੀ ਦਾ ਹਿੰਦੂ ਧਰਮ ਦਾ ਹਿੱਸਾ ਹੋਣ ਵਜੋਂ ਪ੍ਰਚਾਰ ਕੀਤਾ ਗਿਆ। ਅਠ੍ਹਾਰਵੀਂ ਸਦੀ ਦੀ ਅਖੀਰਲੀ ਤਿਮਾਹੀ ਵਿਚ ਆਰਯ ਸਮਾਜ ਅਤੇ ਇਸਦਾ ਨੇਤਾ ਦਯਾ ਨੰਦ ਅਜਿਹੇ ਪ੍ਰਚਾਰ ਨਾਲ ਕਿਰਿਆਸ਼ੀਲ ਹੋ ਗਿਆ, ਪਰ ਸਿੱਖਾਂ ਨੇ ਮਿਲ ਕੇ ਉਸਨੂੰ ਫਟਕਾਰ ਦਿੱਤਾ।

ਦਯਾ ਨੰਦ ਕੁਝ ਮਹੀਨਿਆਂ ਬਾਅਦ ਪੰਜਾਬ ਛੱਡ ਕੇ ਚਲਾ ਗਿਆ। ਪਰ ਅਜੇ ਵੀ ਕੁਝ ਸਾਹਿੱਤ ਹੋਂਦ ਵਿਚ ਆਏ ਹਨ, ਹਾਲਾਂਕਿ ਗੁਪਤ ਰੱਖੇ ਗਏ ਹਨ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਪਹਿਲਾਂ ਕੁਝ ਨਾਬਾਲਿਗ਼ ਲੇਖਕਾਂ ਨੇ ਗਹਿਰਾਈ ਵਿਚ ਜਾ ਕੇ ਚਿੰਤਨ ਕੀਤੇ ਬਿਨਾਂ ਸਿੱਖ ਧਰਮ ਅਤੇ ਇਤਿਹਾਸ ਦੇ ਬਾਰੇ ਭਟਕਾਊ ਬਿਆਨ ਦਿੱਤੇ ਕਿ ਸਿੱਖ ਧਰਮ ਇਸਲਾਮ ਦੀ ਸ਼ਾਖ ਹੈ, ਕਈਆਂ ਨੇ ਕਿਹਾ ਕਿ ਸਿੱਖ ਧਰਮ ਹਿੰਦੂ ਧਰਮ ਦਾ ਹਿੱਸਾ ਹੈ, ਜੱਦਕਿ ਕਈਆਂ ਨੇ ਕਿਹਾ ਕਿ ਸਿੱਖ ਧਰਮ ਹਿੰਦੂ ਧਰਮ ਅਤੇ ਇਸਲਾਮ ਦਾ ਘੋਲ ਹੈ। ਪਰ ਮਹਾਨ ਵਿਦਵਾਨਾਂ, ਜਿਨ੍ਹਾਂ ਨੇ ਕਿ ਸਿੱਖ ਧਰਮ ਦਾ ਗਹਿਰਾ ਚਿੰਤਨ ਕੀਤਾ, ਨੇ ਇਹ ਕਹਿੰਦੇ ਹੋਏ ਇਨ੍ਹਾਂ ਸਾਰੇ ਬਿਆਨਾਂ ਨੂੰ ਖਾਰਿਜ ਕਰ ਦਿੱਤਾ ਕਿ ਦੁਨੀਆ ਦੇ ਹੋਰ ਧਰਮਾਂ ਦੇ ਵਾਂਗ ਸਿੱਖ ਧਰਮ ਵੀ ਇੱਕ ਅਲੱਗ ਅਤੇ ਆਜ਼ਾਦ ਧਰਮ ਹੈ। ਹੁਣ ਸਿੱਖ ਧਰਮ ਦੁਨੀਆ ਦੇ ਪੰਜ ਮੁੱਖ ਧਰਮਾਂ ਦੀ ਸੂਚੀ ਵਿਚ ਹੈ।

ਟ੍ਰੰਪ ਅਤੇ ਮੈਕੱਲਾਡ ਜਿਹੀਆਂ ਕੁਝ ਈਸਾਈ ਮਿਸ਼ਨਰੀਆਂ ਨੇ ਸਿੱਖ ਧਰਮ ਦੇ ਖਿਲਾਫ਼ ਨਿਰਣਾਇਕ ਅਤੇ ਮੰਨੇ ਹੋਏ ਇਤਿਹਾਸਕ ਦ੍ਰਿਸ਼ਟੀਕੋਣਾਂ ’ਤੇ ਝੂਠੀਆਂ ਅਤੇ ਬੇਈਮਾਨ ਬਿਆਨਬਾਜੀਆਂ ਕੀਤੀਆਂ ਸਨ। ਉਨ੍ਹਾਂ ਨੂੰ ਵੀ ਸਿੱਖ ਧਰਮ ਦੇ ਮਹਾਨ ਵਿਦਵਾਨਾਂ ਵਲੋਂ ਨਾਮੰਜ਼ੂਰ ਕਰ ਦਿੱਤਾ ਗਿਆ ਸੀ। ਬਾਅਦ ਵਿਚ ਮੈਕਲਾੱਡ ਨੇ ਆਪਣੇ ਜ਼ਿਆਦਾਤਰ ਵਿਵਾਦਪੂਰਨ ਅਤੇ ਬੇਲੋੜੇ ਬਿਆਨਾਂ ਨੂੰ ਵਾਪਿਸ ਲੈ ਲਿਆ, ਪਰ ਇਸਨੇ ਉਤਰੀ ਅਮਰੀਕਾ ਵਿਚ ਇੱਕ ਲੱਛਣ ਛੱਡ ਦਿੱਤਾ ਜਿੱਥੇ ਸਿੱਖ ਪਹਿਰਾਵੇ ਵਿਚ ਪੀਐਚਡੀ ਦੀ ਭਾਲ ਕਰ ਰਹੇ ਕੁਝ ਲੋਕਾਂ ਨੂੰ ਸ਼ਾਮਲ ਕਰਕੇ ਉਸਦਾ ਸਮੂਹ ਕੁਝ ਦਹਾਕਿਆਂ ਲਈ ਕਿਰਿਆਸ਼ੀਲ ਰਿਹਾ ਅਤੇ ਸਿੱਖ ਧਰਮ ਦੇ ਨਵੇਂ ਵਿਦਵਾਨਾਂ ਲਈ ਸਹੀ ਦ੍ਰਿਸ਼ਟੀਕੋਣ ਵਾਲੇ ਹੋਰ ਲੇਖ ਉਪਲੱਬਧ ਨਹੀਂ ਸਨ।

ਕੁਝ ਮੁਸਲਮ ਲੇਖਕਾਂ, ਜਿਨ੍ਹਾਂ ਨੂੰ ਆਪਣੇ ਸਾਥੀ ਧਰਮ ਵਾਲੇ ਮੁਗ਼ਲ ਸਾਮਰਾਜ ਦੇ ਜ਼ਾਲਮਾਂ ਨਾਲ ਹਮਦਰਦੀ ਸੀ, ਨੇ ਅਸਲ ਇਤਿਹਾਸਕ ਤੱਥਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਪਰ ਆਪਣੇ ਝੂਠ ਦੇ ਨਾਲ ਵੀ, ਉਹ ਸਿੱਖਾਂ ਦੇ ਮਹਾਨ ਧਰਮ ਨੂੰ ਤਬਾਹ ਕਰਨ ਵਿਚ ਸਫਲ ਨਾ ਹੋ ਸਕੇ। ਪਰ ਕੁਝ ਹੋਰ ਲੇਖਕਾਂ, ਜਿਨ੍ਹਾਂ ਵਿਚ ਯੂਰੋਪੀ ਅਤੇ ਦੱਖਣੀ ਵਿਦਵਾਨ ਸ਼ਾਮਲ ਸਨ, ਨੇ ਉਨ੍ਹਾਂ ਦਾ ਹਵਾਲਾ ਦਿੱਤਾ ਅਤੇ ਵਿਪਰੀਤ ਪ੍ਰਭਾਵਿਤ ਹੋਏ ਖ਼ਾਸ ਕਰਕੇ ਜਦੋਂ ਉਨ੍ਹਾਂ ਕੋਲ ਉਨ੍ਹਾਂ ਲੇਖਕਾਂ ਦਾ ਵਿਰੋਧ ਕਰਨ ਅਤੇ ਉਨ੍ਹਾਂ ਨੂੰ ਝੂਠਾ ਸਾਬਿਤ ਕਰਨ ਲਈ ਹੋਰ ਕਿਤਾਬਾਂ ਉਪਲੱਬਧ ਨਹੀਂ ਸਨ। ਸਿੱਖਾਂ ਦਾ ਸੰਖੇਪ ਇਤਿਹਾਸ ਦੇ ਬ੍ਰਿਟਿਸ਼ ਲੇਖਕ, ਮੈਲਕੋਮ, 1812 ਨੇ ਪੰਨਾ 54 ਤੇ ਬਿਆਨ ਕੀਤਾ ਹੈ:

ਇਹ (ਸਿੱਖਾਂ ਅਤੇ ਉਨ੍ਹਾਂ ਦੇ ਗੁਰੂਆਂ ਦੀ ਇਤਿਹਾਸਕ ਘਟਨਾਵਾਂ) ਮੁਹੱਮਦਨ ਲੇਖਕਾਂ ਨਾਲ ਸੰਬੰਧਤ ਹਨ ਜਿਨ੍ਹਾਂ ਸਾਰਿਆਂ ਤੋਂ ਉਨ੍ਹਾਂ ਦੇ ਵਿਸ਼ਵਾਸ ਅਤੇ ਨਾਂ ਦੇ ਇਸ ਦੁਸ਼ਮਣ ਦੇ ਦਾਵ੍ਹਿਆਂ ਨੂੰ ਘੱਟ ਕੀਤਾ।

ਪਰ ਫਿਰ ਵੀ ਮੈਲਕੋਮ ਨੇ ਕਈ ਪੱਖਾਂ 'ਤੇ ਸਿੱਖ ਇਤਿਹਾਸਕ ਦ੍ਰਿਸ਼ਟੀਕੋਣਾਂ ਦੇ ਵਿਰੁੱਧ ਗ਼ਲਤ ਬਿਆਨਬਾਜੀ ਕੀਤੀ, ਸ਼ਾਇਦ ਕੁਝ ਹੋਰ ਲੇਖਕਾਂ ਅਤੇ ਉਨ੍ਹਾਂ ਵਲੋਂ ਸਿੱਖਾਂ ਖਿਲਾਫ਼ ਦਿੱਤੇ ਝੂਠੇ ਤੱਥਾਂ ਤੋਂ ਪ੍ਰਭਾਵਿਤ ਹੋਇਆ ਸੀ। ਸਯਾਰ-ਅਲ਼ ਮੁਤਾਖ਼ਰਨੀ ਵਿਚ ਗ਼ੁਲਾਮ ਹੁਸੈਨ ਵਲੋਂ ਪੇਸ਼ ਕੀਤੇ ਗ਼ਲਤ ਬਿਆਨਾਂ ਦੇ ਸੰਬੰਧ ਵਿਚ, ਗੌਰਵਪੂਰਨ ਪੁਸਤਕ 'ਸਿੱਖ ਧਰਮ' ਦੇ ਲੇਖਕ, ਮੈਕਸ ਆਰਥਰ ਮੁਕਾੱਲਿਫ ਨੇ ਟਿੱਪਣੀ ਕੀਤੀ:

'ਸਯਾਰ-ਅਲ਼ ਮੁਤਾਖ਼ਰਨੀ' ਦੇ ਮੁਹੱਮਦਨ ਲੇਖਕ ਨੇ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਲੇਖਨਾਂ ਦੇ ਸਾਰੇ ਸਮੇਂਕਾਲ ਨਾਲ ਬਿਲਕੁਲ ਅਨੁਚਿਤ ਵੇਰਵਾ ਦਿੱਤਾ ਹੈ ਅਤੇ ਇਤਿਹਾਸ ਲਈ ਦ੍ਰਿਸ਼ਟੀਕੋਣ ਵਜੋਂ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। 'ਸਯਾਰ-ਅਲ਼ ਮੁਤਾਖ਼ਰਨੀ' ਵਿਚ ਹੋਰ ਗੁਰੂਆਂ ਨਾਲ ਸੰਬੰਧਤ ਵੀ ਕਈ ਸਪੱਸ਼ਟ ਰੂਪ ਵਿਚ ਗ਼ਲਤ ਬਿਆਨ ਹਨ।

ਮੋਹਸੀਨ ਫਾਨੀ ਦੇ 'ਦਬੀਸਤਾਨ' ਦੇ ਸੰਬੰਧ ਵਿਚ, ਖੁਸ਼ਵੰਤ ਸਿੰਘ ਨੇ 'ਸਿੱਖਾਂ ਦਾ ਇੱਕ ਇਤਿਹਾਸ' ਦੇ ਪੰਨਾ 63 ਵਿਚ ਦਰਜ ਕੀਤਾ:

ਕੁਝ ਮਹੱਤਵਪੂਰਣ ਤਾਰੀਖਾਂ ਅਤੇ ਘਟਨਾਵਾਂ ਦੇ ਅਨੁਕ੍ਰਮ ਦੇ ਬਾਰੇ ਵੀ ਇਹ ਬਦਕਿਸਮਤੀ ਨਾਲ ਗ਼ਲ਼ਤ ਹੈ।

ਇਸੇ ਤਰ੍ਹਾਂ ਅੱਲ-ਉਦ-ਦੀਨ ਦੇ 'ਇਬਰਤਨਾਮਾ', ਬੂਟਾ ਸ਼ਾਹ ਦੇ ਤਵਾਰੀਖ਼ ਪੰਜਾਬ ਅਤੇ ਹੋਰ ਕਈ ਲੇਖਨਾਂ ਵਿਚ ਸਿੱਖ ਇਤਿਹਾਸਕ ਘਟਨਾਵਾਂ ਨੂੰ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕੁਝ ਹਿੰਦੂ ਲੇਖਕ ਵੀ ਸਿੱਖ ਧਰਮ ਅਤੇ ਇਤਿਹਾਸ ਦੇ ਖਿਲਾਫ ਝੂਠੀਆਂ ਬਿਆਨਬਾਜੀਆਂ ਅਤੇ ਗ਼ਲਤ ਧਾਰਣਾਵਾਂ ਪੇਸ਼ ਕਰਨ ਤੋਂ ਪਿੱਛੇ ਨਹੀਂ ਰਹੇ, ਖਾਸ ਕਰਕੇ ਕੁਝ ਬ੍ਰਾਹਮਣ ਏਜੰਟਾਂ ਦੀ ਸ਼ਹ ਹੇਠ, ਇੱਥੇ ਤੱਕ ਕਿ ਦਸ਼ਮ ਗ੍ਰੰਥ ਵਿਚ ਦਸਵੀਂ ਪਾਤਸ਼ਾਹੀ ਦੇ ਇਲਾਹੀ ਲੇਖਨ ਵਿਚ ਹਿੰਦੂ ਰਵਾਇਤਾਂ ਦੀ ਪ੍ਰਸ਼ੰਸਾ ਵਿਚ ਵੀ ਰਲਾਵਟਾਂ ਕੀਤੀਆਂ ਗਈਆਂ ਜੋ ਕਿ ਸਪਸ਼ਟ ਰੂਪ ਵਿਚ ਸਿੱਖ ਧਰਮ ਦੇ ਉਨ੍ਹਾਂ ਦੇ ਇਲਾਹੀ ਵਿਚਾਰਾਂ ਦੇ ਵਿਰੋਧ ਵਿਚ ਸਨ।

ਆਪਣੀ ਪਛਾਣ ਦਿੱਤੇ ਬਿਨਾਂ ਕਿਸੇ 'ਸੋਹਣ' ਵਲੋਂ ਲਿਖੀ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਵੀ ਅੰਧਵਿਸ਼ਵਾਸ ਅਤੇ ਢਕੌਂਸਲੇ ਪੈਦਾ ਕਰਨ ਦੀ ਕੋਸ਼ਿਸ਼ ਵਿਚ, ਜਿਸਦਾ ਕਿ ਸਿੱਖ ਧਰਮ ਵਿਚ ਪੂਰੀ ਤਰ੍ਹਾਂ ਖੰਡਨ ਕੀਤਾ ਗਿਆ ਹੈ, ਸਿੱਖ ਸ਼ਹੀਦ ਮਨੀ ਸਿੰਘ ਦੇ ਪਖੰਡੀ ਨਾਮ ਦਾ ਸਹਾਰਾ ਲੈ ਕੇ ਗ਼ਲਤ ਧਾਰਣਾਵਾਂ ਪੇਸ਼ ਕੀਤੀਆਂ ਗਈਆਂ। ਕਈ ਲੇਖਕਾਂ ਨੂੰ ਇਸ ਨਾਲ ਗੁੰਮਰਾਹ ਕੀਤਾ ਗਿਆ ਹੈ।

ਆਰਯਾ ਸਮਾਜ ਦੇ ਨੇਤਾ ਦਯਾ ਨੰਦ ਨੇ ਵੇਦਾਂ ਦੀ ਸ਼੍ਰੇਸ਼ਠਤਾ ਨੂੰ ਬਣਾਏ ਰੱਖਣ ਲਈ ਆਪਣੀ ਕਿਤਾਬ ਸਤਿਯਾਰਥ ਪ੍ਰਕਾਸ਼ ਵਿਚ ਸਿੱਖ ਧਰਮ ਦੇ ਸੰਸਥਾਪਕ, ਗੁਰੂ ਨਾਨਕ ਜੀ ਦੇ ਖਿਲਾਫ ਵੀ ਗ਼ਲਤ ਧਾਰਣਾਵਾਂ ਅਤੇ ਝੂਠੀਆਂ ਬਿਆਨਬਾਜੀਆਂ ਨੂੰ ਪੇਸ਼ ਕੀਤਾ। ਉਸ ਵਲੋਂ ਅਤੇ ਉਸਦੇ ਸਾਥੀਆਂ ਵਲੋਂ ਅਤੇ ਦੂਜੇ ਹਿੰਦੂ ਮੂਲਭੂਤ ਨੇਤਾਵਾਂ ਵਲੋਂ ਯਤਨ ਕੀਤੇ ਗਏ ਕਿ ਸਿੱਖ ਧਰਮ ਹਿੰਦੂ ਧਰਮ ਦਾ ਹਿੱਸਾ ਹੈ। ਕਈ ਲੇਖਕਾਂ ਨੇ ਪੂਰੀ ਤਰ੍ਹਾਂ ਝੂਠੀਆਂ ਅਤੇ ਕਮਜ਼ੋਰ ਬਿਆਨ ਪੇਸ਼ ਕੀਤੇ।

ਉਸੇ ਚਿੰਤਾ ਵਿਚ ਕਈ ਹਿੰਦੂ ਅਵਤਾਰਾਂ ਦੇ ਨਾਂ ਦਾ ਗ਼ਲਤ ਢੰਗ ਨਾਲ ਹਵਾਲਾ ਦਿੱਤਾ ਗਿਆ ਕਿ ਸਿੱਖ ਗੁਰੂਆਂ ਨੇ ਉਨ੍ਹਾਂ ਦਾ ਅਨੁਸਰਣ ਕੀਤਾ ਸੀ ਜਿਵੇਂ ਕਿ ਇਲਾਹੀ ਸਿੱਖ ਭਜਨਾਂ ਵਿਚ ਇਨ੍ਹਾਂ ਦਾ ਉੱਲੇਖ ਕੀਤਾ ਗਿਆ ਹੈ, ਹਾਲਾਂਕਿ ਅਜਿਹੇ ਹਵਾਲੇ ਅਲ੍ਹਾ, ਰਹੀਮ ਦੇ ਰੂਪ ਵਿਚ ਮੁਸਲਮ ਨਾਮਾਂ ਨਾਲ ਵੀ ਸਨ। ਸਿੱਖ ਧਰਮ ਵਿਚ ਸਪਸ਼ਟ ਰੂਪ ਵਿਚ ਇਹ ਸਾਫ ਕੀਤਾ ਗਿਆ ਹੈ ਕਿ ਸਿਰਫ 'ਸੱਚ' ਹੀ ਰੱਬ ਦਾ ਨਾਂ ਹੈ ਹਾਲਾਂਕਿ ਮਨੁੱਖ ਉਸਨੂੰ ਅੱਡ ਅੱਡ ਨਾਮਾਂ ਨਾਲ ਬੁਲਾਉਂਦੇ ਹਨ। ਕਾਲਪਨਿਕ ਸਿਧਾਂਤਾਂ ਨਾਲ ਸਿੱਖ ਧਰਮ ਦੇ ਖਿਲਾਫ ਹੋਰ ਵੀ ਕਈ ਗ਼ਲਤ ਧਾਰਣਾਵਾਂ ਪੈਦਾ ਕੀਤੀਆਂ ਗਈਆਂ ਹਨ।

ਅਜਿਹੇ ਗ਼ੈਰ ਪ੍ਰਮਾਣਕ ਸਮਾਨ ਜਾਂ ਬਨਾਵਟੀ ਕਿਤਾਬਾਂ ਬਾਰੇ ਕੀ ਕਹੀਏ, ਅਜੇ ਵੀ ਸਰਕਾਰ ਦੇ ਅਧਿਕਾਰ ਖੇਤਰ ਹੇਠ ਸਕੂਲੀ ਵਿਦਿਆਰਥੀਆਂ ਲਈ ਪਾਠ ਪੁਸਤਕ ਵਜੋਂ ਕਿਤਾਬਾਂ ਪ੍ਰਕਾਸ਼ਿਤ ਕਰਨ ਵਾਲੀ ਐਨਸੀਈਆਰਟੀ ਦੀ ਪੁਸਤਕਾਂ ਵਿਚ ਕੁਝ ਸਿੱਖ ਪਰੰਪਰਾਵਾਂ ਅਤੇ ਇਤਿਹਾਸਕ ਤੱਥਾਂ ਦੇ ਝੂਠੇ ਅਤੇ ਬਨਾਵਟੀ ਲੇਖੇ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਇੱਥੇ ਤੱਕ ਕਿ ਸਿੱਖੀ ਦੇ ਇਲਾਹੀ ਗੁਰੂਆਂ ਨੂੰ ਵੀ ਇਨ੍ਹਾਂ ਝੂਠੀਆਂ ਬਨਾਵਟੀ ਧਾਰਣਾਵਾਂ ਤੋਂ ਅੱਡ ਨਹੀਂ ਕੀਤਾ ਗਿਆ ਹੈ।

'ਭਾਰਤ ਦੇ ਮੂਲ ਨਿਵਾਸੀਆਂ ਦਾ ਇਤਿਹਾਸ' ਨਾਮਕ ਪ੍ਰੋਜੈਕਟ 'ਤੇ ਰਿਸਰਚ ਕਰ ਰਹੇ ਇਕ ਪ੍ਰਸਿੱਧ ਇਤਿਹਾਸਕਾਰ ਅਤੇ ਵਿਦਵਾਨ, ਡਾ ਨਵਲ ਤਿਆਗੀ ਨੇ ਨਵੰਬਰ 3, 2003 ਨੂੰ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਪ੍ਰੈਸ ਨੂੰ ਦਿੱਤੇ ਆਪਣੇ ਬਿਆਨ ਵਿਚ ਦੱਸਿਆ:

ਆਧੁਨਿਕ ਇਤਿਹਾਸਕਾਰ ਬ੍ਰਾਹਮਣ ਸੰਬੰਧੀ ਵਿਚਾਰਾਂ ਦੇ ਮੁਤਾਬਕ ਇਤਿਹਾਸ ਦਾ ਰੂਪ ਵਿਗਾੜ ਰਹੇ ਹਨ। ਇਸ ਸੰਬੰਧ ਵਿਚ ਸਭ ਤੋਂ ਬੁਰੀ ਤਰ੍ਹਾਂ ਸਿੱਖ ਪ੍ਰਭਾਵਿਤ ਹੋਏ ਹਨ।

ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਸਿੱਖ ਧਰਮ ਅਤੇ ਇਤਿਹਾਸ ਦੇ ਖਿਲਾਫ ਅਜਿਹੀਆਂ ਬਨਾਵਟੀ ਸਾਜਿਸ਼ਾਂ ਦੇ ਬਾਵਜੂਦ ਵੀ, ਸਿੱਖਾਂ ਨੇ ਸਮੁੱਚੇ ਰਾਸ਼ਟਰ ਵਜੋਂ, ਇਨ੍ਹਾਂ ਪਰਤੱਖ ਝੂਠੀਆਂ ਅਤੇ ਗ਼ਲਤ ਧਾਰਣਾਵਾਂ ਵੱਲ ਅਜੇ ਤੱਕ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ ਹੈ, ਉਨ੍ਹਾਂ ਨੂੰ ਨੰਗਾ ਕਰਨ ਅਤੇ ਝੂਠਾ ਸਾਬਿਤ ਕਰਨ ਅਤੇ ਉਨ੍ਹਾਂ ਦੇ ਆਪਣੇ ਧਰਮ ਅਤੇ ਇਤਿਹਾਸ ਦੇ ਖਿਲਾਫ ਅਜਿਹੇ ਸਾਜਿਸ਼ਾਂ ਨਾਲ ਭਰੇ ਯਤਨਾਂ ਨੂੰ ਰੋਕਣ ਬਾਰੇ ਤਾਂ ਕੀ ਕਹੀਏ। ਇਹ ਬਲਕਿ ਹੈਰਾਨੀ ਦੀ ਗ਼ੱਲ ਹੈ ਕਿ ਸਿੱਖਾਂ ਨੇ ਦੂਜਿਆਂ ਉੱਤੇ ਹੋਈ ਨਾਇਨਸਾਫੀ ਨੂੰ ਹੀ ਨਹੀਂ ਸਹਿਣ ਕੀਤਾ ਹੈ ਪਰ ਆਪਣੇ ਧਰਮ ਅਤੇ ਇਤਿਹਾਸ ਨਾਲ ਹੋਏ ਅਨਿਆਂ ਦੇ ਖਿਲਾਫ ਵੀ ਕੋਈ ਕਾਰਵਾਈ ਨਹੀਂ ਕੀਤੀ ਹੈ। ਸਿਰਫ ਕੁਝਾਂ ਵਲੋਂ ਕੀਤੇ ਜਾਣ ਵਾਲੇ ਯਤਨ ਬਹੁਤੇਰੇ ਨਹੀਂ ਹੋ ਸਕਦੇ।

ਸਿੱਖਾਂ ਨੂੰ ਇੱਕ ਹੋ ਕੇ ਲਾਜ਼ਮੀ ਤੌਰ 'ਤੇ ਆਪ ਨੂੰ ਅਤੇ ਆਪਣੇ ਧਰਮ ਨੂੰ ਇਨ੍ਹਾਂ ਹਮਲਿਆਂ ਤੋਂ ਬਚਾਉਣ ਲਈ ਗੰਭੀਰਤਾ ਨਾਲ ਸੋਚ ਵਿਚਾਰ ਕਰਨਾ ਚਾਹੀਦਾ ਹੈ ਅਤੇ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਨੂੰ ਅਜਿਹੇ ਮਾਮਲਿਆਂ ਵਿਚ ਜਾਣਕਾਰੀ ਰੱਖਣੀ ਚਾਹੀਦੀ ਹੈ। ਉਨ੍ਹਾਂ ਦੇ ਨੇਤਾ (ਰਾਜਨੀਤਕ

ਅਤੇ ਧਾਰਮਿਕ) ਅਜਿਹੀਆਂ ਸਾਜਿਸ਼ਾਂ ਨੂੰ ਸਮਝਣ ਲਈ ਕਾਬਿਲ ਹੋਣੇ ਚਾਹੀਦੇ ਹਨ ਅਤੇ ਅਜਿਹੀਆਂ ਸਾਰੀਆਂ ਝੂਠੀਆਂ ਧਾਰਨਾਵਾਂ ਨੂੰ ਝੂਠਾ ਸਾਬਿਤ ਕਰਨ ਲਈ ਉਨ੍ਹਾਂ ਨੂੰ ਉਦੇਸ਼ ਦੀ ਈਮਾਨਦਾਰੀ ਨਾਲ ਤਤਕਾਲ ਕਦਮ ਚੁੱਕਣੇ ਚਾਹੀਦੇ ਹਨ, ਹਾਲਾਂਕਿ ਕਦਮ ਬਰਾਈਆਂ ਨੂੰ ਜੜ੍ਹੋਂ ਖਤਮ ਕਰਨ ਲਈ ਚੁੱਕੇ ਜਾਣੇ ਚਾਹੀਦੇ ਹਨ।

ਸਿੱਖਾਂ ਨੂੰ ਸਭ ਤੋਂ ਪਹਿਲਾਂ ਹੁਣ ਤੱਕ ਬਣਾਈਆਂ ਗਈਆਂ ਗ਼ਲਤ ਧਾਰਣਾਵਾਂ ਅਤੇ ਬਨਾਵਟੀਪਨਾਂ ਅਤੇ ਝੂਠੇ ਬਿਆਨਾਂ ਨੂੰ ਪਛਾਨਣਾ ਚਾਹੀਦਾ ਹੈ ਜਿਵੇਂ ਕਿ ਉਨ੍ਹਾਂ ਵਿਚੋਂ ਕਈ ਅਜੇ ਤੱਕ ਬਾਹਰ ਨਹੀਂ ਆਏ ਹਨ ਹਾਲਾਂਕਿ ਉਹ ਸ਼ੁਰੂ ਤੋਂ ਹੀ ਉਨ੍ਹਾਂ ਦੇ ਧਰਮ, ਇਤਿਹਾਸ ਅਤੇ ਸਥਾਪਿਤ ਪਰੰਪਰਾਵਾਂ ਦੇ ਖਿਲਾਫ ਬਣਾਏ ਜਾ ਰਹੇ ਹਨ। ਯੋਗਤਾ ਅਤੇ ਅਖੰਡਤਾ ਵਾਲੇ ਸਿੱਖ ਵਿਦਵਾਨਾਂ ਨੂੰ ਇਹ ਕੰਮ ਸੌਂਪਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਸਾਰੀਆਂ ਗ਼ਲਤ ਧਾਰਣਾਵਾਂ ਦੀ ਪਛਾਣ ਕਰ ਲੈਣ ਤੋਂ ਬਾਅਦ ਇਨ੍ਹਾਂ ਨੂੰ ਤੱਥਾਂ ਅਤੇ ਹਕੀਕਤ ਦੇ ਨਾਲ ਇੱਕ ਇੱਕ ਕਰਕੇ ਝੂਠਾ ਸਾਬਿਤ ਕਰਨਾ ਚਾਹੀਦਾ ਹੈ। ਇਹ ਸਿੱਖ ਧਰਮ ਦੇ ਉਨ੍ਹਾਂ ਵਿਦਵਾਨਾਂ ਵਲੋਂ ਕੀਤਾ ਜਾ ਸਕਦਾ ਹੈ। ਸਿੱਖ ਧਰਮ, ਇਤਿਹਾਸ ਅਤੇ ਪਰੰਪਰਾਵਾਂ ਨਾਲ ਪਿਛਲੇ ਸਮੇਂ ਵਿਚ ਹੋਏ ਗ਼ਲਤ ਦੇ ਇਕਮਤ ਹੋ ਕੇ ਸੁਧਾਰ ਕਰਨ ਨੂੰ ਪੱਕਾ ਕਰਨ ਚਾਹੀਦਾ ਹੈ ਅਤੇ ਅੱਗੇ ਚਲ ਕੇ ਕਿਸੇ ਤਰ੍ਹਾਂ ਦੀ ਸਾਜਿਸ਼ ਲਈ ਕੋਈ ਸੰਭਾਵਨਾ ਨਹੀਂ ਛੱਡਣੀ ਚਾਹੀਦੀ।

ਅਜਿਹਾ ਹੋਣ ਤੋਂ ਬਾਅਦ, ਪ੍ਰਕਾਸ਼ਨਾਂ ਦੇ ਰਾਹੀਂ ਸਾਰੇ ਸਿੱਖਾਂ ਅਤੇ ਹੋਰਨਾਂ ਨੂੰ ਪਹਿਲੀਆਂ ਗ਼ਲਤ ਧਾਰਣਾਵਾਂ ਅਤੇ ਬਨਾਵਟਾਂ ਦਾ ਪੂਰੀ ਤਰ੍ਹਾਂ ਖੰਡਨ ਕਰਨ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਇਹ ਭਵਿੱਖ ਵਿਚ ਉਨ੍ਹਾਂ ਲਈ ਇੱਕ ਚੇਤਾਵਨੀ ਵਜੋਂ ਹੋਵੇਗੀ ਜੋ ਸਿੱਖ ਇਤਿਹਾਸ ਦੀ ਜਾਲਸਾਜ਼ੀ ਵਿਚ ਸ਼ਾਮਲ ਸਨ।

ਅਧਰਮੀਆਂ ਖਿਲਾਫ ਉਪਲੱਬਧ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਐਸ ਜੀ ਪੀ ਸੀ ਨੂੰ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖਾਂ ਅਤੇ ਸਿੱਖ ਸੰਗਠਨਾਂ ਦੇ ਨਾਲ ਤਾਲਮੇਲ ਕਰਕੇ ਅਜਿਹੇ ਕਦਮ ਚੁੱਕਣ ਦੀ ਜਿੰਮੇਵਾਰੀ ਲੈਣੀ ਚਾਹੀਦੀ ਹੈ। ਇਹ ਦੋ ਸੰਵਿਧਾਨਕ ਮੰਡਲ ਇਸ ਸੰਦਰਭ ਵਿਚ ਵਚਨਬੱਧ ਹਨ ਜਿਨ੍ਹਾਂ ਕੋਲ ਆਪਣੇ ਅਧਿਕਾਰ ਖ਼ੇਤਰ ਵਿਚ ਵੱਡੇ ਵਿੱਤੀ ਅਤੇ ਹੋਰ ਸ੍ਰੋਤ ਹਨ। ਉਨ੍ਹਾਂ ਵਲੋਂ ਦੂਜੇ ਨੇਤਾਵਾਂ ਦੇ ਨਾਲ, ਜੋ ਕਿ ਧਾਰਮਕ ਅਤੇ ਰਾਜਨੀਤਕ ਖੇਤਰ ਵਿਚ ਸਿੱਖਾਂ ਦਾ ਪ੍ਰਤੀਨਿਧਿਤਵ ਕਰਨ ਦਾ ਦਾਅਵਾ ਕਰਦੇ ਹਨ, ਇਸ ਮਾਮਲੇ ਵਿਚ ਅਜੇ ਤੱਕ ਕੋਈ ਕਾਰਵਾਈ ਨਾ ਕੀਤੀ ਜਾਣ ਨੂੰ ਸਰਾਹਿਆ ਨਹੀਂ ਜਾ ਸਕਦਾ। ਸਿੱਖਾਂ ਅਤੇ ਸਿੱਖ ਧਰਮ ਨੂੰ ਲੈ ਕੇ ਦੂਰ ਪਹੁੰਚਦੇ ਨਤੀਜਿਆਂ ਦੇ ਅਜਿਹੇ ਮਾਮਲੇ ਵਿਚ ਹੁਣ ਹੋਰ ਜ਼ਿਆਦਾ ਲਾਪਰਵਾਹੀ ਇੱਛਾਯੋਗ ਨਹੀਂ ਹੈ।

ਦਸਮ ਗ੍ਰੰਥ ਅੰਤਰਵੇਸ਼ਣ

ਸ਼ੁਰੂ ਤੋਂ ਹੀ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਲੈ ਕੇ ਕਈ ਵਿਵਾਦ ਹਨ, ਜਿਸ ਉੱਤੇ ਸਿੱਖਾਂ ਨੂੰ ਸਹੀ ਪੱਖਾਂ ਨਾਲ ਜਾਗਰੂਕ ਕਰਾਉਂਦੇ ਹੋਏ ਅਤੇ ਸਿੱਖ ਏਕਤਾ ਨੂੰ ਭੰਗ ਕੀਤੇ ਬਿਨਾਂ ਫੈਸਲਾ ਲੈਣਾ ਚਾਹੀਦਾ ਹੈ ।

ਸੰਪਾਦਿਤ – ਦਸਮ ਗ੍ਰੰਥ ਦੀ ਗ੍ਰੰਥਕਾਰਤਾ ਉੱਤੇ ਵਿਵਾਦ॥

ਸਿੱਖਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਅਤੇ ਇਸਨੂੰ ਦੁਨੀਆ ਦੇ ਧਿਆਨ ਵਿਚ ਲਿਆਉਣ ਲਈ ਆਪਣੇ ਫਰਜ਼ ਨਿਭਾਉਣ ਦੀ ਲੋੜ।

ਸਿੱਖ ਧਰਮ ਦੇ ਜ਼ਿਆਦਾਤਰ ਵਿਦਵਾਨਾਂ, ਖ਼ਾਸ ਕਰਕੇ ਪੱਛਮੀ ਵਿਦਵਾਨਾਂ ਨੇ, ਸਿੱਖਾਂ ਖਿਲਾਫ ਠੇਠ ਸ਼ਿਕਾਇਤਾਂ ਜ਼ਾਹਰ ਕੀਤੀਆਂ ਕਿ ਉਨ੍ਹਾਂ ਨੇ ਸਿੱਖ ਲੇਖਾਂ ਅਤੇ ਇਤਿਹਾਸ ਨੂੰ ਦੁਨਿਆ ਦੀ ਮੁੱਖ ਭਾਸ਼ਾਵਾਂ ਵਿਚ ਉਪਲੱਬਧ ਨਹੀਂ ਕਰਵਾਇਆ ਅਤੇ ਅੰਗਰੇਜੀ ਅਤੇ ਹਿੰਦੀ ਭਾਸ਼ਾਵਾਂ ਵਿਚਲੇ ਪ੍ਰਕਾਸ਼ਨ ਵੀ ਬਹੁਤ ਘੱਟ ਹਨ। ਉਨ੍ਹਾਂ ਸਿੱਖਾਂ 'ਤੇ ਇਲਜ਼ਾਮ ਲਾਇਆ ਕਿ ਉਨ੍ਹਾਂ ਨੇ ਸਿੱਖ ਧਰਮ ਨੂੰ ਸਮੁੱਚੀ ਮਾਨਵ ਜਾਤੀ ਦੇ ਧਿਆਨ ਵਿਚ ਲਿਆਉਣ ਦੇ ਆਪਣੇ ਫਰਜ਼ ਨੂੰ ਨਹੀਂ ਨਿਭਾਇਆ ਜੋ ਕਿ ਮੌਜੂਦਾ ਯੁੱਗ ਦਾ ਧਰਮ ਹੈ।

ਅਸਲ ਵਿਚ ਸਿੱਖਾਂ ਦੇ ਖਿਲਾਫ ਅਰੋਪ ਉਚਿਤ ਹਨ। ਹਾਲਾਂਕਿ ਪਹਿਲਾਂ ਸਿੱਖ ਧਰਮ ਦੀ ਅਜ਼ਾਦੀ ਅਤੇ ਹੋਰ ਮੂਲ ਮਾਨਵ ਅਧਿਕਾਰਾਂ ਲਈ ਮੁਗ਼ਲ ਸ਼ਾਸਕਾਂ ਵਿਰੁੱਧ ਸੰਘਰਸ਼ ਵਿਚ ਜੁੱਝਦੇ ਰਹੇ ਜਿਹਨਾਂ ਮੁਗ਼ਲ ਸ਼ਾਸਕਾਂ ਨੇ ਹਰ ਜ਼ੁਲਮ ਕਰਦੇ ਹੋਏ ਇਨ੍ਹਾਂ ਮਾਨਵ ਅਧਿਕਾਰਾਂ ਅਤੇ ਕਦਰਾਂ ਕੀਮਤਾਂ ਨੂੰ ਬੰਦੂਕ ਦੀ ਤਾਕਤ ਹੇਠ ਕੁਚਲ ਦਿੱਤਾ ਸੀ। ਇਹ ਸੰਘਰਸ਼ ਲਗਭਗ ਇਕ ਸਦੀ ਦੇ ਲੰਮੇ ਸਮੇਂ ਤੱਕ ਜਾਰੀ ਰਿਹਾ ਜਦੋਂ ਦੁਨੀਆਂ ਦੇ ਧਿਆਨ ਵਿਚ ਲਿਆਉਂਦੇ ਹੋਏ ਸਿੱਖਾਂ ਨੇ ਮੁਗ਼ਲ ਅਤੇ ਅਫਗਾਨੀ ਘੁਸਪੈਠੀਆਂ ਨੂੰ ਬਾਹਰ ਖਦੇੜ ਦਿੱਤਾ ਅਤੇ ਆਪਣਾ ਸਿੱਖ ਸਾਮਰਾਜ ਸਥਾਪਿਤ ਕੀਤਾ।

ਉਸ ਰਾਜ ਵਿਚ ਵੀ ਸਿੱਖ ਆਪਣੇ ਸਮੁੱਚੇ ਵਤਨ ਪੰਜਾਬ ਨੂੰ ਅਜ਼ਾਦ ਕਰਵਾਉਣ ਲਈ, ਅਫਗਾਨਾਂ ਨਾਲ ਵਫ਼ਾਦਾਰ ਰਿਆਸਤਾਂ ਵਿਰੁੱਧ ਸੰਘਰਸ਼ ਵਿਚ ਜੂਝਦੇ ਰਹੇ। ਉਸ ਤੋਂ ਬਾਅਦ ਸਿੱਖ ਅੰਗ੍ਰੇਜ਼ਾਂ ਨਾਲ ਸੰਘਰਸ਼ ਵਿਚ ਲਗ ਗਏ ਜਦੋਂ ਬਾਕੀ ਦੇ ਭਾਰਤ ਤੇ ਕਬਜ਼ਾ ਕਰਨ ਤੋਂ ਬਾਅਦ ਸਿੱਖ ਰਾਜ ਉੱਤੇ ਨਾਜਾਇਜ਼ ਕਬਜ਼ਾ ਕਰਨ ਲਈ ਅੰਗਰੇਜ ਸਿੱਖਾਂ ਵਿਰੁੱਧ ਸਾਜਸ਼ਾਂ ਰਚ ਰਹੇ ਸਨ। ਉਸਤੋਂ ਬਾਅਦ ਸਿੱਖਾਂ ਨੇ ਮਹੰਤਾਂ ਨੂੰ ਖਦੇੜਨਾ ਸੀ ਜਿਨ੍ਹਾਂ ਨੇ ਸਿੱਖ ਧਾਰਮਕ ਥਾਵਾਂ ਨੂੰ ਆਪਣਾ ਅਨੁਕ੍ਰਮ ਬਣਾ ਲਿਆ ਸੀ ਅਤੇ ਜੋ ਬ੍ਰਿਟਿਸ਼ ਪ੍ਰਸ਼ਾਸਨ ਅਤੇ ਬ੍ਰਾਹਮਣੀ ਏਜੰਟਾਂ ਦੀ ਸ਼ਹਿ ਹੇਠ ਉਨ੍ਹਾਂ ਪਵਿੱਤਰ ਥਾਵਾਂ 'ਤੇ ਗ਼ੈਰ ਸਿੱਖੀ ਕਿਰਿਆਵਾਂ ਕਰ ਰਹੇ ਸਨ। ਉਸਤੋਂ ਬਾਅਦ ਸਿੱਖ ਮੁੱਖ ਹਿੱਸਾ ਬਣਦੇ ਹੋਏ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਜੁਝ ਗਏ। ਬਦਕਿਸਮਤੀ ਨਾਲ ਸਿੱਖਾਂ ਨੂੰ ਆਪਣੇ ਅਧਿਕਾਰਾਂ ਲਈ ਭਾਰਤ ਦੇ ਗਣਤੰਤਰ ਵਿਚ ਵੀ ਆਪਣਾ ਸੰਘਰਸ਼ ਜਾਰੀ ਰੱਖਣਾ ਪਿਆ ਜਦੋਂ ਭਾਰਤੀ ਸਰਕਾਰ ਨੇ ਉਨ੍ਹਾਂ ਨੂੰ ਛਲਬਾਜ਼ੀ, ਭੇਦਭਾਵ ਅਤੇ ਤਸੀਹੇ ਦਾ ਸ਼ਿਕਾਰ ਬਣਾ ਦਿੱਤਾ।

ਪਰ, ਇਹ ਸਿੱਖਾਂ ਨੂੰ ਵਿਸ਼ਵ ਦੇ ਸਿੱਖ ਧਰਮ ਨੂੰ ਦੁਨੀਆ ਦੇ ਧਿਆਨ ਵਿਚ ਲਿਆਉਣ ਦੇ ਉਨ੍ਹਾਂ ਦੇ ਕਾਰਜਭਾਰ ਅਤੇ ਫਰਜ਼ ਤੋਂ ਮੁਕਤ ਨਹੀਂ ਕਰਦਾ। ਸਿੱਖ ਧਰਮ ਹੁਣ ਸਾਰੀ ਦੁਨੀਆ ਵਿਚ ਫੈਲਿਆ ਹੋਇਆ ਹੈ। ਅਜਿਹਾ ਮੁਸ਼ਕਲ ਹੀ ਕੋਈ ਵੱਡਾ ਸ਼ਹਿਰ ਜਾਂ ਸ਼ਹਿਰ ਹੋਵੇਗਾ ਜਿੱਥੇ ਸਿੱਖ ਨਾ ਰਹਿ ਰਹੇ ਹੋਣ ਅਤੇ

ਜਿੱਥੇ ਉਨ੍ਹਾਂ ਨੇ ਗੁਰੂਦੁਆਰੇ ਦਾ ਨਿਰਮਾਣ ਨਾ ਕੀਤਾ ਹੋਵੇ। ਇੱਕੀਵੀਂ ਸਦੀ ਵਿਚ ਸਿੱਖਾਂ ਨੂੰ ਲਾਜ਼ਮੀ ਤੌਰ ’ਤੇ ਆਪਣੇ ਫਰਜ਼ ਨੂੰ ਨਿਭਾਉਣਾ ਚਾਹੀਦਾ ਹੈ ਜੋ ਉਹ ਨਿਸ਼ਚਿਤ ਰੂਪ ਨਾਲ ਦੁਨੀਆ ਵਿਚ ਮਾਨਵ ਜਾਤੀ ਨੂੰ ਦੇਣ।

ਸਿੱਖਾਂ ਨੂੰ ਪਹਿਲਾਂ ਆਪ ਆਪਣੇ ਧਰਮ ਨੂੰ ਈਮਾਨਦਾਰੀ ਨਾਲ ਸਮਝਣਾ ਚਾਹੀਦਾ ਹੈ ਅਤੇ ਸਿੱਖ ਬਣਨ ਅਤੇ ਸੱਚੇ ਸਿੱਖ ਵਜੋਂ ਕਿਰਿਆਵਾਂ ਕਰਨ ਲਈ ਸਖ਼ਤੀ ਨਾਲ ਸਿੱਖ ਧਰਮ ਦੇ ਆਦਰਸ਼ ਜ਼ਾਬਤਾ ਦਾ ਪਾਲਨ ਕਰਨਾ ਚਾਹੀਦਾ ਹੈ। ਉਦੋਂ ਉਨ੍ਹਾਂ ਨੂੰ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ, ਸਿੱਖ ਇਤਿਹਾਸ ਅਤੇ ਪੰਜਾਬੀ ਭਾਸ਼ਾ ਵਿਚ ਲਿਖੇ ਸਿੱਖ ਧਾਰਮਕ ਲੇਖਾਂ ਦਾ ਗਿਆਨ ਦਿੰਦੇ ਹੋਏ ਉਸ ਪੀੜ੍ਹੀ ਵਲੋਂ ਅਜਿਹੇ ਅਨੁਪਾਲਨ ਨੂੰ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਸਿੱਖੀ ਢੰਗ ਵਿਚ ਜੀਵਨ ਬਤੀਤ ਕਰਨ ਦੇ ਯੋਗ ਬਣਾਇਆ ਜਾ ਸਕੇ। ਸਿਰਫ ਉਦੋਂ ਹੀ ਰੱਬ, ਸਰਬ ਸ਼ਕਤੀਮਾਨ ਦੇ ਅਸ਼ੀਰਵਾਦ ਹੇਠ ਮਾਨਵ ਜਾਤੀ ਲਈ ਆਪਣੇ ਕਰਤੱਵ ਨੂੰ ਨਿਭਾਉਣ ਲਈ ਉਹ ਦੁਨਿਆ ਦੀ ਭਾਸ਼ਾਵਾਂ ਵਿਚ ਸਿੱਖ ਧਾਰਮਕ ਲੇਖਾਂ ਦਾ ਪ੍ਰਕਾਸ਼ਨ ਕਰਕੇ ਦੁਨੀਆ ਵਿਚ ਸਿੱਖ ਧਰਮ ਦੇ ਸੰਦੇਸ਼ ਨੂੰ ਫੈਲਾ ਸਕਦੇ ਹਨ।

ਇਸ ਉਦੇਸ਼ ਲਈ ਇਹੀ ਸਹੀ ਸਮਾਂ ਹੈ ਜਿਵੇਂ ਕਿ ਵਿਸ਼ਵ ਸ਼ਾਂਤੀ ਭੰਗ ਹੋਈ ਪਈ ਹੈ; ਨੈਤਿਕ ਅਤੇ ਗੁਣੀ ਕਦਰਾਂ ਕੀਮਤਾਂ ਨੂੰ ਬੇਧਿਆਨਾ ਕੀਤਾ ਜਾ ਰਿਹਾ ਹੈ; ਧਾਰਮਕ ਵਿਵਾਦ ਵਧੇ ਹੋਏ ਹਨ; ਭੌਤਿਕਵਾਦੀ ਝਮੇਲੇ ਵਧੇ ਹੋਏ ਹਨ; ਅਤੇ ਨਿਸੁਆਰਥਤਾ ਉੱਤੇ ਸੁਆਰਥ ਦਾ ਜਬਰਨ ਕਬਜਾ ਹੈ। ਸਿੱਖ ਧਰਮ ਦੀ ਇਲਾਹੀ ਰੌਸ਼ਨੀ ਵਿਚ ਇਨ੍ਹਾਂ ਖਾਮਿਆਂ ਨੂੰ ਸਹੀ ਕਰਨ ਦੀ ਕਾਬਲੀਅਤ ਹੈ। ਦੁਨੀਆਂ ਵਿਚ ਸ਼ਾਂਤੀ ਕਾਇਮ ਕਰਨ ਲਈ ਸਿੱਖ ਧਰਮ ਦੀ ਸਿੱਖਿਆਵਾਂ ਮੌਜੂਦਾ ਅਸ਼ਾਂਤ ਯੁੱਗ ਲਈ ਬਹੁਤ ਢੁਕਵੀਆਂ ਹਨ।

ਅੱਜ ਦੀਆਂ ਬੁਰਾਈਆਂ ਦਾ ਨਾਸ਼ ਕਰਨ ਲਈ ਅਤੇ ਇੱਕ ਸੱਚੇ ਜੀਵਨ ਦੀ ਅਗੁਵਾਈ ਲਈ ਸਿੱਖ ਧਰਮ ਜੀਵਨ ਦਾ ਵਿਵਹਾਰਕ ਢੰਗ ਹੈ। ਸਾਰੀ ਸਿਰਜਨਾ ਦੇ ਸਿਰਜਣਹਾਰ ਰੱਬ (ਇੱਕ ਅਤੇ ਸਿਰਫ ਇੱਕ) ਦੇ ਨਾਂ ਦੀ ਸਾਧਨਾ ਜਿਵੇਂ ਕਿ ਇੱਕ ਦੇ ਮਨ ਵਿਚ ਭਿਉਣ ਦੀ ਲੋੜ ਹੈ ਅਤੇ ਪਵਿੱਤਰ ਕਾਰਜ ਕਰਦਿਆਂ ਉਸਦੀ ਰਜ਼ਾ ਅਤੇ ਆਦੇਸ਼ਾਂ ਵਿਚ ਰਾਜੀ ਰਹਿਣਾ ਸਿੱਖੀ ਦਾ ਜੀਵਨ ਢੰਗ ਹੈ। ਸਿੱਖ ਧਰਮ ਵਿਚ ਚਮਤਕਾਰਾਂ ਅਤੇ ਰਹੱਸਾਂ ਲਈ ਕੋਈ ਥਾਂ ਨਹੀਂ ਹੈ। ਇਹ ਬਾਤੂਨੀ ਸਿਧਾਂਤ ਬਨਾਉਣ ਦੀ ਕਿਰਿਆ ਅਤੇ ਬੇਕਾਰ ਦੇ ਰੀਤਿ ਰਿਵਾਜਾਂ ਵਿਚ ਸ਼ਾਮਲ ਕੀਤੇ ਬਿਨਾਂ ਮਨੁੱਖ ਨੂੰ ਸਿੱਧੇ ਉਦੇਸ਼ ਵੱਲ ਲੈ ਕੇ ਜਾਣ ਦੀ ਅਗਵਾਈ ਕਰਦਾ ਹੈ। ਇਹ ਇੱਕ ਨੂੰ ਉਸਦੇ ਸਵੈ ਦਾ ਅਤੇ ਸਿਰਜਣਹਾਰ ਅਤੇ ਉਸਦੀ ਸਿਰਜਨਾ ਦਾ ਇਲਾਹੀ ਗਿਆਨ ਪ੍ਰਦਾਨ ਕਰਦਾ ਹੈ।

ਸਿੱਖ ਧਰਮ, ਮਨੁੱਖ ਅਤੇ ਰੱਬ ਵਿਚਕਾਰ ਪਿਆਰ, ਮਨੁੱਖ ਅਤੇ ਮਨੁੱਖ ਵਿਚਕਾਰ ਪਿਆਰ, ਈਮਾਨਦਾਰੀ ਨਾਲ ਸਖ਼ਤ ਮਿਹਨਤ ਕਰਕੇ ਕਮਾਈ ਕਰਨ ਅਤੇ ਜ਼ਰੂਰਤਮੰਦਾਂ ਨਾਲ ਵੰਡਣ, ਮਾਨਵਤਾ ਦੀ ਨਿਸੁਆਰਥ ਸੇਵਾ, ਹਰ ਮਨੁੱਖ ਦੀ ਸਮਾਨਤਾ ਅਤੇ ਗੌਰਵ, ਦੀ ਸਿੱਖਿਆ ਪ੍ਰਦਾਨ ਕਰਦਾ ਹੈ।

ਸਿੱਖ ਧਰਮ ਸਾਰਿਆਂ ਵਿਚ ਚਮਕਣ ਵਾਲੀ ਇਕੋ ਇਲਾਹੀ ਰੌਸ਼ਨੀ, ਸਰੀਆਂ ਨੂੰ ਆਕਾਰ ਦੇਣ ਵਾਲੀ ਇਕੋ ਗ਼ਲ ਅਤੇ ਸਾਰੀਆਂ ਵਿਚ ਵਿਰਾਜਮਾਨ ਇਕੋ ਰੂਹ ਅਤੇ ਸਿਰਜਣਹਾਰ ਨਾਲ ਜੁੜਣ ਅਤੇ ਉਸ ਉਦੇਸ਼ ਦੀ ਪ੍ਰਾਪਤੀ ਲਈ ਦੂਜਿਆਂ ਦੀ ਮਦਦ ਕਰਨ ਦਾ ਇਲਾਹੀ ਗਿਆਨ ਪ੍ਰਦਾਨ ਕਰਦਾ ਹੈ।

ਸਿੱਖ ਧਰਮ ਆਪਣੀ ਵਿਆਪਕ ਨੈਤਿਕ ਪ੍ਰਣਾਲੀ ਨਾਲ ਮਾਨਵ ਜਾਤੀ ਨੂੰ ਅਧਿਆਤਮਕ, ਨੈਤਿਕ ਅਤੇ ਸਮਾਜਕ ਤੌਰ ’ਤੇ ਉੱਚਾ ਚੁੱਕ ਦਿੰਦਾ ਹੈ। ਸਿੱਖ ਧਰਮ ਅਸਲ ਵਿਚ ਮਾਨਵ ਜਾਤੀ ਦੇ ਕਲਿਆਣ ਲਈ, ਜਿਵੇਂ ਕਿ ਸੱਚਾਈ, ਰੱਬ ਦੇ ਨਾਂ ਅਤੇ ਪਵਿੱਤਰ ਕਾਰਜਾਂ ਦੇ ਆਪਣੇ ਸੰਦੇਸ਼ ਨਾਲ ਮੌਜੂਦਾ ਸਮੇਂ ਦੀ ਬੁਰਾਈਆਂ ਨੂੰ ਖ਼ਤਮ ਕਰਨ ਅਤੇ ਦੁਨੀਆਂ ਵਿਚ ਸ਼ਾਂਤੀ ਸਥਾਪਿਤ ਕਰਨ ਲਈ ਯਕੀਨੀ ਹੈ। ਸਿੱਖ ਧਰਮ ਦੇ ਪਿਆਰ ਅਤੇ ਸ਼ਾਂਤੀ ਦੇ ਸੰਦੇਸ਼ ਨੂੰ ਸਿਰਫ ਸਿੱਖਾਂ ਵਲੋਂ ਹੀ ਦੁਨੀਆਂ ਤੱਕ ਪਹੁੰਚਾਇਆ ਜਾਣਾ ਹੈ। ਸਿੱਖ ਧਰਮ ਹੁਣ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਸਿੱਖਾਂ ਦੀ, ਆਪਣੀ ਏਕਤਾ ਅਤੇ ਭਲਾਈ ਲਈ, ਵਿਸ਼ਵ ਪੱਧਰ ’ਤੇ ਇਕੋ ਪ੍ਰਧਾਨਗੀ ਹੋਣੀ ਚਾਹੀਦੀ ਹੈ ਜਿਵੇਂ ਕਿ ਹਰ ਪਾਸੇ ਇਕੋ ਜਿਹੀਆਂ ਸਮੱਸਿਆਵਾਂ ਹਨ। ਉਨਾਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਆਪਣੀ ਨੌਜਵਾਨ ਪੀੜ੍ਹੀ ਲਈ ਪੱਕਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਵਲੋਂ ਸਿੱਖ ਆਦਰਸ਼ ਜ਼ਾਬਤਾ ਦਾ ਪਾਲਨ ਕਰਨ ਅਤੇ ਸਿੱਖੀ ਜੀਵਨ ਢੰਗ ਵਿਚ ਜ਼ਿੰਦਗੀ ਬਤੀਤ ਕਰਨ ਨੂੰ ਪੱਕਾ ਕਰਨਾ ਚਾਹੀਦਾ ਹੈ। ਸਿੱਖਾਂ ਨੂੰ ਸਿੱਖ ਧਰਮ ਨੂੰ ਦੁਨੀਆਂ ਦੇ ਧਿਆਨ ਵਿਚ ਲਿਆਉਣਾ ਚਾਹੀਦਾ ਹੈ ਅਤੇ ਇਸ ਸੰਬੰਧ ਵਿਚ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ ਜਿਵੇਂ ਕਿ ਸਿੱਖ ਧਰਮ ਦੇ ਕਈ ਪ੍ਰਸਿੱਧ ਵਿਦਵਾਨਾਂ, ਖ਼ਾਸ ਕਰਕੇ ਪੱਛਮ ਦੇ ਵਿਦਵਾਨਾਂ ਨੇ ਉਨ੍ਹਾਂ ਉੱਤੇ ਆਪਣਾ ਫਰਜ਼ ਨਾ ਨਿਭਾਉਣ ਦਾ ਦੋਸ਼ ਲਾਇਆ ਹੈ। ਪਿਆਰ ਅਤੇ ਸ਼ਾਂਤੀ ਦੀ ਅਗੁਵਾਈ ਕਰਦੇ ਸੱਚਾਈ, ਰੱਬ ਦੇ ਨਾਂ ਅਤੇ ਪਵਿੱਤਰ ਕਾਰਜਾਂ ਦੇ ਸਿੱਖੀ ਧਰਮ ਦੇ ਇਲਾਹੀ ਸੰਦੇਸ਼ ਨੂੰ ਦੁਨੀਆਂ ਤੱਕ ਪਹੁੰਚਾਉਣਾ ਅੱਜ ਦੀ ਲੋੜ ਹੈ ਜਿਵੇਂ ਕਿ ਪ੍ਰਸਿੱਧ ਬ੍ਰਿਟਿਸ਼ ਵਿਦਵਾਨ, ਜਾੱਹਨ ਆਰਕ ਕਲਾਰਕ ਵਲੋਂ ਬਿਆਨ ਕੀਤਾ ਗਿਆ ਹੈ ਜੋ ਕਿ ਸਿੱਖਾਂ ਵਲੋਂ ਇਵੇਂ ਵੀ ਕੀਤਾ ਜਾ ਸਕਦਾ ਹੈ।ਦੁਨੀਆਂ ਵਿਚਲੀਆਂ ਸਾਰੀਆਂ ਸਮਾਜਕ-ਰਾਜਨੀਤਕ ਕਿਰਿਆਵਾਂ ਨੂੰ ਸਹੀ ਦਿਸ਼ਾ ਦੇਣ ਲਈ, ਉੱਚ ਨੈਤਿਕ ਕਦਰਾਂ ਕੀਮਤਾਂ ਅਤੇ ਮਨੁੱਖੀ ਮਨ ਨੂੰ ਤੰਗਦਿਲ ਹੰਕਾਰੀ ਪ੍ਰਵ੍ਰਿਤੀਆਂ ਤੋਂ ਰੱਬੀ ਉੱਚ ਚੇਤਨਾ ਵਿਚ ਬਦਲਣਾ, ਜਿਵੇਂ ਕਿ ਸਿੱਖ ਧਰਮ ਵਿਚ ਸਿਖਾਇਆ ਗਿਆ ਹੈ, ਵੀ ਅੱਜ ਦੀ ਲੋੜ ਹੈ।

ਐਸ ਜੀ ਪੀ ਸੀ ਅਮ੍ਰਿਤਸਰ ਅਤੇ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਜ਼ਿਆਦਾਤਰ ਸਿੱਖ ਇਤਿਹਾਸਕ ਗੁਰੂਦੁਆਰਿਆਂ ਦਾ ਸੰਚਾਲਨ ਕਰਦੀਆਂ ਹਨ ਅਤੇ ਜਿਨ੍ਹਾਂ ਕੋਲ ਵੱਡੇ ਵਿੱਤੀ ਅਤੇ ਹੋਰ ਸ੍ਰੋਤ ਹਨ, ਨੂੰ ਲਾਜ਼ਮੀ ਤੌਰ ’ਤੇ ਇਨ੍ਹਾਂ ਸਿੱਖ ਸਮੱਸਿਆਵਾਂ ਅਤੇ ਉਦੇਸ਼ ਦੀ ਈਮਾਨਦਾਰੀ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਅਤੇ ਛੋਟੀਆਂ ਪਾਰਟੀ ਦੀਆਂ ਗੁੱਟਬਾਜੀਆਂ ਤੋਂ ਉੱਪਰ ਉੱਠਦੇ ਹੋਏ ਹੋਰ ਸਿੱਖ ਗੁਰੂਦੁਆਰਿਆਂ ਅਤੇ ਸਿੱਖ ਸੰਗਠਨਾਂ ਦੇ ਪ੍ਰਬੰਧਕਾਂ ਨੂੰ ਇਸ ਕੰਮ ਲਈ ਨਾਲ ਲਾਉਣਾ ਚਾਹੀਦਾ ਹੈ।

ਹਰ ਪਾਸੇ ਫੈਲੇ ਸਿੱਖ ਸੰਤਾਂ ਅਤੇ ਹੋਰ ਸਿੱਖ ਪ੍ਰਚਾਰਕਾਂ ਨੂੰ ਧਰਮ ਪ੍ਰਚਾਰਕ ਭਾਵਨਾ ਵਿਚ ਗੰਭੀਰਤਾ ਨਾਲ ਸ਼ਾਮਲ ਹੋ ਕੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਧਨ ਸੰਬੰਧੀ ਮੰਤਵਾਂ ਤੋਂ ਉੱਪਰ ਉੱਠਦੇ ਹੋਏ ਸਾਰੇ ਸਿੱਖਾਂ ਨੂੰ ਸਿੱਖੀ ਆਦਰਸ਼ ਜ਼ਾਬਤਾ ਵਿਚ ਲਿਆਉਣਾ ਚਾਹੀਦਾ ਹੈ। ਸਿੱਖ ਨੇਤਾ, ਜੋ ਰਾਜਨੀਤਕ ਪੱਖ ’ਤੇ ਸਿੱਖਾਂ ਦਾ ਪ੍ਰਤੀਨਿਧ ਕਰਨ ਦਾ ਦਾਅਵਾ ਕਰਦੇ ਹਨ, ਨੂੰ ਵੀ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ ਅਤੇ

ਆਪਣੇ ਈਮਾਨਦਾਰ ਅਤੇ ਸਿੱਖ ਪੰਥ ਅਤੇ ਸਮੁੱਚੀ ਮਾਨਵ ਜਾਤੀ ਦੀ ਸੁਆਰਥਹੀਣ ਸੇਵਾ ਦੇ ਨਾਲ ਸਿੱਖੀ ਜੀਵਨ ਢੰਗ ਨੂੰ ਲੈ ਕੇ ਸਿੱਖਾਂ ਲਈ ਆਦਰਸ਼ ਬਣਨਾ ਚਾਹੀਦਾ ਹੈ।

ਜੇਕਰ ਸਾਰੇ ਸਿੱਖਾਂ ਨੂੰ ਸਿੱਖ ਆਦਰਸ਼ ਜ਼ਾਬਤੇ ਵਿਚ ਲਿਆਇਆ ਜਾਵੇ, ਸਿਰਫ ਉਦੋਂ ਹੀ ਯੁਵਾ ਸਿੱਖ ਪੀੜ੍ਹੀ ਨੂੰ ਸਿੱਖਾਂ ਵਜੋਂ ਗੌਰਵ ਕਰਾ ਕੇ ਅਤੇ ਸਿੱਖ ਧਰਮ ਅਤੇ ਇਤਿਹਾਸ ਦਾ ਗਿਆਨ ਪ੍ਰਦਾਨ ਕਰਕੇ ਸਿੱਖੀ ਆਦਰਸ਼ ਜ਼ਾਬਤਾ ਦੇ ਅਧੀਨ ਆਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਉਦੇਸ਼ ਨੂੰ ਪੂਰਾ ਕਰਨ ਲਈ ਸਿੱਖ ਵਿਦਵਾਨਾਂ ਨੂੰ ਵਚਨਬੱਧ ਸਿੱਖ ਅਧਿਆਪਕਾਂ ਅਤੇ ਪ੍ਰਬੰਧਕਾਂ ਦੇ ਨਾਲ ਸਿੱਖੀ ਰੁਝਾਨ ਵਾਲੇ ਬਣਾਇਆ ਜਾਣਾ ਚਾਹੀਦਾ ਹੈ ਜਿਸ ਲਈ ਕਿ ਇਨ੍ਹਾਂ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਸੀ।

ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ, ਗੁਰੂਦੁਆਰਿਆਂ ਦਾ ਉਪਯੋਗ ਸਿੱਖ ਯੁਵਾ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਪੰਜਾਬੀ ਭਾਸ਼ਾ ਜਿਸ ਵਿਚ ਕਿ ਸਿੱਖ ਧਾਰਮਕ ਲੇਖ ਲਿਖੇ ਗਏ ਹਨ ਦਾ ਗਿਆਨ ਪ੍ਰਦਾਨ ਕਰਨ ਲਈ ਐਤਵਾਰ ਦੇ ਗੁਰੂਦੁਆਰਾ ਸਕੂਲਾਂ ਵਜੋਂ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਉਨ੍ਹਾਂ ਦੇ ਨਿਯਤ ਸਕੂਲਾਂ ਵਿਚ ਅਜਿਹੀ ਪੜ੍ਹਾਈ ਉਪਲੱਬਧ ਨਹੀਂ ਹੈ। ਸਿੱਖ ਗੁਰੂਦੁਆਰਿਆਂ ਵਿਚ ਪ੍ਰਬੰਧਕਾਂ ਨੂੰ ਲੈ ਕੇ ਵਿਵਾਦਾਂ ਤੋਂ ਪੂਰੀ ਤਰ੍ਹਾਂ ਦੂਰ ਰਹਿਣਾ ਚਾਹੀਦਾ ਹੈ, ਜੋ ਕਿ ਯੁਵਾ ਸਿੱਖਾਂ ਨੂੰ ਗ਼ਲਤ ਸੰਕੇਤ ਦਿੰਦਾ ਹੈ ਜਿਵੇਂ ਕਿ ਸਿੱਖਾਂ ਵਿਚ ਭੈੜੀ ਪਾਰਟੀ ਗੁੱਟਬਾਜੀ ਪੈਦਾ ਕਰਨਾ ਅਤੇ ਨਾਲ ਹੀ ਝੂਠੇ ਪਖੰਡ ਕਰਨੇ। ਆਪਣੇ ਧਰਮ ਦੇ ਉਦੇਸ਼ ਦੀ ਈਮਾਨਦਾਰੀ ਨਾਲ ਸ਼ਾਂਤੀਪੂਰਵਕ ਪ੍ਰਚਾਰ ਸਿੱਖਾਂ ਦਾ ਫਰਜ਼ ਹੈ।

ਸਾਰੇ ਪੰਥਕ ਮਸਲਿਆਂ ’ਤੇ ਵਿਚਾਰ-ਵਟਾਂਦਰਾ ਕਰਨ ਅਤੇ ਫੈਸਲੇ ਲੈਣ ਲਈ, ਸਿੱਖ ਇਤਿਹਾਸ ਵਿਚ ਸਰਬਤ ਖ਼ਾਲਸਾ ਵਜੋਂ ’ਗੁਰੂ ਗ੍ਰੰਥ ਅਤੇ ਗੁਰੂ ਪੰਥ’ ਦੇ ਸਿੱਖ ਸੰਕਲਪ ਦੇ ਨਾਲ ਅੱਜ ਦੀ ਲੋੜ ਹੁੰਦੇ ਹੋਏ ਸਿੱਖਾਂ ਦਾ ਵਿਸ਼ਵ ਪੱਧਰੀ ਸਿੱਖ ਪ੍ਰਤੀਨਿਧੀ ਮੰਡਲ ਹੋਣਾ ਚਾਹੀਦਾ ਹੈ। ਕੁਝ ਸਮੇਂ ਲਈ ਅਕਾਲੀ ਦਲ ਸਿੱਖਾਂ ਦੀ ਪ੍ਰਤੀਨਿਧੀ ਪਾਰਟੀ ਰਹੀ ਪਰ ਹਾਲ ਦੇ ਦਿਨਾਂ ਵਿਚ ਇਹ ਸੰਸਦੀ ਅਤੇ ਵਿਧਾਨ ਸਭਾ ਚੋਣਾਂ ਲੜਣ ਲਈ, ਆਪ ਨੂੰ ਅਸੰਪ੍ਰਦਾਈ ਤਸਵੀਰ ਦੇਣ ਲਈ, ਜੋ ਕਿ ਭਾਰਤੀ ਸੰਵਿਧਾਨ ਦੇ ਚੋਣ ਕਾਨੂੰਨ ਦੀ ਕਾਨੂੰਨੀ ਸ਼ਰਤ ਹੈ, ਹਿੰਦੂ ਅਤੇ ਮੁਸਲਮ ਮੈਂਬਰਾਂ ਦੇ ਨਾਲ ਪੰਜਾਬ ਦੀ ਖੇਤਰੀ ਪਾਰਟੀ ਬਣ ਗਈ ਹੈ। ਸਿੱਖ ਦੁਨੀਆਂ ਭਰ ਵਿਚ ਵੀ ਵਸੇ ਹੋਏ ਹਨ ਅਤੇ ਉਹ ਸਿੱਖ ਮਾਮਲਿਆਂ ’ਤੇ ਫੈਸਲੇ ਲੈਣ ਦੀ ਵਿਧੀ ਵਿਚ ਆਪਣੀ ਭਾਗੀਦਾਰੀ ਦੀ ਮੰਗ ਕਰਦੇ ਹਨ। ਉੱਤਮ ਪੰਥਕ ਮੰਡਲ ਵਿਚ ਸਿੱਖਾਂ ਨੂੰ ਦੁਨੀਆਂ ਭਰ ਵਿਚ ਆਪਣੇ ਪ੍ਰਤੀਨਿਧਿਆਂ ਦੀ ਚੋਣ ਕਰਨੀ ਚਾਹੀਦੀ ਹੈ।

ਐਸਜੀਪੀਸੀ, ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਦੀ ਪ੍ਰਬੰਧਕ ਕਮੇਟੀਆਂ ਸਿੱਖਾਂ ਵਲੋਂ ਚੁਣੇ ਜਾਣ ਵਾਲੇ ਕਾਨੂੰਨੀ ਮੰਡਲ ਹਨ ਅਤੇ ਸਿੱਖਾਂ ਵਲੋਂ ਚੁਣੇ ਜਾਣ ਵਾਲੇ ਹੋਰ ਸਿੱਖ ਮੰਡਲ ਇਸ ਮੰਡਲ ’ਤੇ ਆਪਣੇ ਪ੍ਰਤੀਨਿਧੀ ਨਾਮਜ਼ਦ ਕਰ ਸਕਦੇ ਹਨ। ਆਪਣੇ ਪ੍ਰਤੀਨਿਧੀ ਨਾਮਜ਼ਦ ਕਰਨ ਲਈ ਸਿੱਖ ਜਨਸੰਖਿਆ ਦੇ ਆਧਾਰ ’ਤੇ ਭਾਰਤ ਤੋਂ ਬਾਹਰਲੇ ਦੇਸ਼ਾਂ ਨੂੰ 6-7 ਖੇਤਰਾਂ ਵਿਚ ਵੰਡਿਆ ਜਾ ਸਕਦਾ ਹੈ। ਗੁਰੂਦੁਆਰਿਆਂ ਦੇ ਪ੍ਰਬੰਧਕ ਮੰਡਲ ਉਨ੍ਹਾਂ ਖੇਤਰਾਂ ਵਿਚ ਹੋਰ ਅਜਿਹੇ ਸਿੱਖ ਸੰਗਠਨਾਂ ਦੇ ਨਾਲ ਸਿੱਖਾਂ ਵਲੋਂ ਚੁਣੇ ਗਏ ਮਤਦਾਤਾ ਹੋ ਸਕਦੇ ਹਨ। ਦੁਨੀਆਂ ਭਰ ਦੇ ਸਿੱਖਾਂ ਦੀ ਸਲਾਹ ਲੈਣ ਤੋਂ ਬਾਅਦ ਇਸ ਉਦੇਸ਼ ਲਈ ਵਿਧੀ ਸੰਬੰਧੀ ਮਾਮਲਿਆਂ ਨੂੰ ਅੰਤਿਮ ਰੂਪ ਦੇਣ ਲਈ ਇੱਕ ਕਮਿਸ਼ਨ ਬਣਾਇਆ ਜਾ ਸਕਦਾ ਹੈ।

ਅਜਿਹੇ ਵਿਸ਼ਵ ਸਿੱਖ ਪ੍ਰਤੀਨਿਧੀ ਮੰਡਲ ਵਿਚ ਸਿੱਖਾਂ ਅਤੇ ਸਿੱਖ ਧਰਮ ਦੀ ਸੇਵਾਵਾਂ ਲਈ ਜਾਣ ਵਾਲੇ ਕੁਝ ਪ੍ਰਸਿੱਧ ਸਿੱਖਾਂ ਦੇ ਨਾਲ ਸਿੱਖ ਕਾਰਕਾਂ ਲਈ ਆਪਣੀ ਈਮਾਨਦਾਰੀ, ਅਖੰਡਤਾ, ਯੋਗਤਾ ਅਤੇ ਨਿਮਰਤਾ ਲਈ ਜਾਣੂੰ 100 ਲੋਕ ਹੋ ਸਕਦੇ ਹਨ। ਸਿੱਖ ਮਸਲਿਆਂ ’ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਤੇ ਗੁਰਮਤਿ ਪਾਸ ਕਰਨ ਲਈ ਇਹ ਆਪਣੀਆਂ ਬੈਠਕਾਂ ਅਕਾਲ ਤਖ਼ਤ ਅਮ੍ਰਿਤਸਰ ਵਿਖੇ ਕਰ ਸਕਦਾ ਹੈ, ਜੋ ਕਿ ਸਾਰੇ ਸਿੱਖਾਂ ਲਈ ਸਵੀਕਾਰਯੋਗ ਹੋਵੇ। ਲਏ ਗਏ ਫੈਸਲੇ ਦੀ ਮਨਜ਼ੂਰੀ ਨੂੰ ਪੱਕਾ ਕਰਨ ਲਈ ਇਹ ਅਕਾਲ ਤਖ਼ਤ ਦੇ ਜੱਥੇਦਾਰ ਨੂੰ ਇਹਦਾ ਪ੍ਰਵਕਤਾ ਨਿਯੁਕਤ ਕਰ ਸਕਦਾ ਹੈ। ਇਹ ਅਕਾਲ ਤਖ਼ਤ ਅਤੇ ਹੋਰ ਤਖ਼ਤਾਂ ਦੇ ਜੱਥੇਦਾਰ ਦੀ ਯੋਗਤਾ ਅਤੇ ਸੇਵਾ ਸੰਬੰਧੀ ਸ਼ਰਤਾਂ ਲਈ ਨਿਯਮ ਅਤੇ ਸ਼ਰਤਾਂ ਲਾਗੂ ਕਰ ਸਕਦਾ ਹੈ। ਇਸ ਵਿਧੀ ਵਿਚ ਅਕਾਲ ਤਖ਼ਤ ਦੀ ਸਰਵ-ਪ੍ਰਧਾਨਗੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ।

ਅਕਾਲ ਤਖ਼ਤ ਦੇ ਜੱਥੇਦਾਰ ਦਾ ਨਿਯੰਤਰਣ ਐਸਜੀਪੀਸੀ ਵਲੋਂ ਅਤੇ ਦੂਜੇ ਤਖ਼ਤਾਂ ਦਾ ਉਨ੍ਹਾਂ ਦੀ ਪ੍ਰਬੰਧਕ ਕਮੇਟੀਆਂ ਵਲੋਂ, ਪਹਿਲਾਂ ਹੀ ਇਨ੍ਹਾਂ ਸਿੱਖ ਸੰਸਥਾਵਾਂ ਨੂੰ ਵਿਵਾਦਾਂ ਦੇ ਘੇਰੇ ਵਿਚ ਲੈ ਆਇਆ ਹੈ ਅਤੇ ਉਨ੍ਹਾਂ ਦੀ ਸਰਵ-ਪ੍ਰਧਾਨਗੀ ਨੂੰ ਤਬਾਹ ਕਰ ਚੁੱਕਾ ਹੈ। ਇਨ੍ਹਾਂ ਜੱਥੇਦਾਰਾਂ ਵਲੋਂ ਲਏ ਗਏ ਫੈਸਲਿਆਂ ਨੂੰ ਇਹ ਕਹਿ ਕੇ ਲਲਕਾਰਿਆ ਗਿਆ ਹੈ ਕਿ ਇਹ ਕਿਸੇ ਅਧਿਕਾਰ ਖੇਤਰ ਦੇ ਨਹੀਂ ਹਨ, ਇਸ ਆਧਾਰ ’ਤੇ ਕਿ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਮਾਰਗ ਦਰਸ਼ਨ ਦੇ ਅਨੁਰੂਪ, ਸਿਰਫ ਪੰਥ ਹੀ ਆਪਣੇ ਪ੍ਰਤੀਨਿਧਿਆਂ ਦੇ ਰਾਹੀਂ ਗੁਰਮੱਤ ਦੇ ਅਧੀਨ ਅਜਿਹੇ ਫੈਸਲੇ ਲੈ ਸਕਦਾ ਹੈ।

ਅਜੇ ਤੱਕ ਕਿਸੇ ਵੀ ਸਿੱਖ ਨੇ ਅਕਾਲ ਤਖ਼ਤ ਦੇ ਅਧਿਕਾਰ ਨੂੰ ਨਹੀਂ ਲਲਕਾਰਿਆ ਹੈ, ਪਰ ਚੁਣੌਤੀਆਂ ਜੱਥੇਦਾਰ ਅਤੇ ਤਖ਼ਤਾਂ ਦੇ ਜੱਥੇਦਾਰਾਂ ਵਲੋਂ ਲਏ ਜਾਣ ਵਾਲੇ ਫੈਸਲਿਆਂ ਲਈ ਹਨ, ਜੋ ਕਿ ਬਿਨਾਂ ਆਪਣੇ ਸਮੇਂਕਾਲ ਦੀ ਸੁਰੱਖਿਆ ਦੇ ਅਤੇ ਪੰਥਕ ਫੈਸਲੇ ਲੈਣ ਦੇ ਅਧਿਕਾਰ ਖੇਤਰ ਤੋਂ ਬਿਨਾਂ ਆਪਣੀ ਪ੍ਰਬੰਧਕ ਕਮੇਟੀਆਂ ਦੇ ਅੰਗੂਠੇ ਹੇਠ ਹਨ। ਇਹ ਚੁਣੌਤੀ ਆਪਣੇ ਆਪ ਬੇਜੋੜ ਹੋ ਜਾਂਦੀ ਹੈ ਜੇਕਰ ਫੈਸਲੇ ਸਰਬਤ ਖ਼ਾਲਸਾ ਵਜੋਂ ਵਿਸ਼ਵ ਸਿੱਖ ਪ੍ਰਤੀਨਿਧੀ ਮੰਡਲ ਵਲੋਂ ਲਏ ਜਾਂਦੇ ਹਨ। ਸਿੱਖਾਂ ਨੂੰ ਆਪਣਾ ਪ੍ਰਤੀਨਿਧੀ ਮੰਡਲ ਸਥਾਪਿਤ ਕਰਨ ਲਈ ਆਪ ਇਸਦਾ ਹੱਲ ਲੱਭਣਾ ਹੈ ਜੋ ਕਿ ਦੁਨਿਆ ਭਰ ਦੇ ਸਿੱਖਾਂ ਦੀਆਂ ਜ਼ਿਆਦਾਤਰ ਸਮੱਸਿਆਵਾਂ ਨੂੰ ਸੁਲਝਾ ਦੇਵੇਗੀ।

## ਅਧਿਆਇ 4-20

## ਯੁਨੈਸਕੋ ਵਿਰਾਸਤ ਸੂਚੀ ਵਿਚ ਹਰਿਮੰਦਰ ਸਾਹਿਬ ਦਾ ਸਮਾਵੇਸ਼ - ਸਿੱਖਾਂ ਅਤੇ ਸਿੱਖ ਧਰਮ ਦੇ ਹਿੱਤਾਂ ਵਿਚ ਨਹੀਂ

ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿਚ ਹਰਿਮੰਦਰ ਸਾਹਿਬ ਨੂੰ ਸ਼ਾਮਲ ਕਰਨਾ ਆਕਰਸ਼ਕ ਜਾਪਦਾ ਹੈ, ਕਿ ਇਹ ਯੂਨੈਸਕੋ ਦੀ ਸੁਰੱਖਿਆ ਅਤੇ ਦੇਖਭਾਲ ਦੇ ਅਧੀਨ ਆ ਜਾਵੇਗਾ, ਇਹ ਵਿਸ਼ਵ ਭਰ ਵਿਚ ਪ੍ਰਸਿੱਧ ਹੈ ਅਤੇ ਅੰਤਰ ਰਾਸ਼ਟਰੀ ਸੈਲਾਨੀਆਂ ਨੂੰ ਖਿੱਚਦਾ ਹੈ। ਫਿਰ ਵੀ ਜਦੋਂ ਇਸ ਮਾਮਲੇ 'ਤੇ ਐਸਜੀਪੀਸੀ ਫ਼ਾਈਲ ਅਤੇ ਯੁਨੈਸਕੋ ਦੇ ਸੰਬੰਧਤ ਨਿਯਮ ਅਤੇ ਸ਼ਰਤਾਂ ਦੀ ਰੌਸ਼ਨੀ ਵਿਚ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ, ਉਦੋਂ ਇਹ ਪਾਇਆ ਗਿਆ ਕਿ ਇਹ ਸਿੱਖਾਂ ਅਤੇ ਸਿੱਖ ਧਰਮ ਦੇ ਹਿੱਤਾਂ ਵਿਚ ਨਹੀਂ ਹੈ। ਇਹ ਅਧਿਕਾਰ ਖ਼ੇਤਰ ਤੋਂ ਪਰੇ ਵੀ ਹੈ ਅਤੇ ਇਸਨੂੰ ਖਾਰਿਜ ਕਰ ਦਿੱਤਾ ਜਾਣਾ ਚਾਹੀਦਾ ਹੈ।

(੧) ਹਰਮੰਦਰ ਸਾਹਿਬ, ਸਿੱਖ ਧਰਮ ਦੀਆਂ ਸਾਰੀਆਂ ਪਵਿੱਤਰ ਥਾਵਾਂ ਵਿਚੋਂ ਸਭ ਤੋਂ ਵੱਧ ਪਵਿੱਤਰ ਥਾਂ ਅਤੇ ਅਕਾਲ ਤਖ਼ਤ ਦਾ ਉੱਚਾ ਅਹੁਦਾ, ਸਿਰਫ ਸਭਿਆਚਾਰੀ ਥਾਂ ਵਿਚ ਬਦਲ ਜਾਵੇਗਾ। ਇਹ ਸਿੱਖ ਧਰਮ ਦੀਆਂ ਨਿਵੇਕਲੀਆਂ ਧਾਰਮਕ ਥਾਵਾਂ ਹਨ, ਜਿਸ ਵਿਚ ਕਿ ਸਿੱਖ ਧਰਮ ਦੇ ਇਲਾਹੀ ਸਲੋਕ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ, ਦਾ ਉੱਚਾਰਣ ਕੀਤਾ ਜਾਂਦਾ ਹੈ, ਜੋ ਕਿ ਸਮੁੱਚੀ ਸਿਰਜਨਾ ਦੇ ਸਿਰਜਣਹਾਰ, ਰੱਬ, ਨਾਲ ਸੰਬੰਧਤ ਹਨ। ਕਿਸੇ ਵੀ ਤਰ੍ਹਾਂ ਦੇ ਸਭਿਆਚਾਰਕ ਉਤਸਵ ਨੂੰ ਉੱਥੇ ਕਰਨ ਦੀ ਹਾਮੀ ਨਹੀਂ ਭਰੀ ਜਾ ਸਕਦੀ। ਅਕਾਲ ਤਖ਼ਤ ਸਿੱਖਾਂ ਅਤੇ ਸਿੱਖ ਧਰਮ ਨਾਲ ਸੰਬੰਧਤ ਮਾਮਲਿਆਂ ਨਾਲ ਨਿਵੇਕਲੇ ਤੌਰ 'ਤੇ ਨਿਪਟਣ ਲਈ ਸਿੱਖ ਰਾਜਨੀਤਕ ਸ਼ਕਤੀ ਅਤੇ ਪ੍ਰਭੁਤਾ ਦਾ ਚਿੰਨ੍ਹ ਹੈ। ਜਿਵੇਂ ਕਿ ਸਿਰਫ ਸਭਿਆਚਾਰਕ ਥਾਵਾਂ ਨੂੰ ਹੀ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ, ਇਸ ਲਈ ਇਨ੍ਹਾਂ ਨੂੰ ਸਭਿਆਚਾਰਕ ਥਾਵਾਂ ਵਜੋਂ ਪੇਸ਼ ਕਰਨ ਦੀ ਤੀਬਰ ਇੱਛਾ ਵਿਚ ਸਿੱਖ ਧਰਮ ਦੇ ਕਥਨਾਂ ਨੂੰ ਲੈ ਕੇ ਫ਼ਾਈਲ ਵਿਚ ਭੜਕੀਲੀ ਗ਼ਲਤ ਧਾਰਣਾਵਾਂ ਬਣਾਈਆਂ ਗਈਆਂ ਹਨ, ਜਿਸਦੇ ਨਤੀਜੇ ਸਿੱਖਾਂ ਅਤੇ ਸਿੱਖ ਧਰਮ ਲਈ ਖ਼ਤਰਨਾਕ ਹੋਣਗੇ।

(੧੧) ਇਹ ਹਰਮੰਦਰ ਸਾਹਿਬ ਅਤੇ ਅਕਾਲ ਤਖ਼ਤ ਦੀ ਸੁਰੱਖਿਆ, ਦੇਖਭਾਲ ਅਤੇ ਵਿਵਸਥਾ ਲਈ ਭਾਰਤ ਅਤੇ ਪੰਜਾਬ, ਯੁਨੈਸਕੋ ਅਤੇ ਹੋਰ ਬਾਹਰਲੀਆਂ ਸਰਕਾਰਾਂ ਦੀ ਦਖ਼ਲਬਾਜੀ ਨੂੰ ਸੱਦਾ ਦਿੰਦਾ ਹੈ, ਜੋ ਕਿ ਸਿੱਖਾਂ ਅਤੇ ਸਿੱਖ ਧਰਮ ਲਈ ਸਰਬਨਾਸ਼ੀ ਸਿੱਧ ਹੋਵੇਗਾ। ਸਿੱਖਾਂ ਨੇ ਆਪਣੇ ਧਾਰਮਕ ਤੀਰਥਾਂ, ਜਿਸ ਵਿਚ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸ਼ਾਮਲ ਹਨ, ਦੀ ਵਿਵਸਥਾ ਵਿਚ ਬਾਹਰਲੇ ਹਸਤਾਖੇਪ ਨੂੰ ਖ਼ਤਮ ਕਰਨ ਲਈ ਕਈ ਕੁਰਬਾਨੀਆਂ ਦਾ ਸਾਹਮਣਾ ਕੀਤਾ ਸੀ ਅਤੇ ਉਹ ਕਦੇ ਵੀ ਇਸਨੂੰ ਦੁਬਾਰਾ ਕਿਸੇ ਰੂਪ ਵਿਚ ਪੇਸ਼ ਕਰਨਾ ਬਰਦਾਸ਼ਤ ਨਹੀਂ ਕਰਨਗੇ, ਚਾਹੇ ਉਹ ਜੋ ਵੀ ਹੋਵੇ।

ਸਫ਼ਾ 55-56 ਤੇ ਇਹ ਭਾਖਿਆ ਗਿਆ ਹੈ, ---

ਨੀਂਹ ਪੱਥਰ ਰੱਖਣ ਦੀ ਕਿਰਿਆ ਵਿਚ ਗੁਰੂ ਅਰਜਨ ਦੇਵ ਜੀ ਅਤੇ ਮੀਆਂ ਮੀਰ ਦੀ ਸਹਿ ਮੌਜੂਦਗੀ ਇਸਨੂੰ ਸਿਰਫ ਇੱਕ ਭੌਤਿਕ ਸੰਰਚਨਾ ਤੋਂ ਵੱਧ ਬਣਾਉਂਦਾ ਹੈ। ਇਹ ਰਾਜ ਸੱਤਾ ਦੇ ਵਿਰੁੱਧ ਸਿੱਖ ਗੁਰੂਆਂ ਦੇ ਅਸੰਮਤੀ ਦੇ ਆਧਾਰ ਦੇ ਵਿਚਾਰ ਨੂੰ ਅਭਿਵਿਅਕਤ ਕਰਦਾ ਹੈ ਅਰਥਾਤ ਕਿ ਸਭਿਆਚਾਰੀ ਅਨੇਕਤਾ ਸਿਰਫ ਸਮਾਜਕ ਜੀਵਨ ਲਈ ਹੀ ਨਵਾਂ ਆਧਾਰ ਪੈਦਾ ਕਰੇਗੀ,

ਸਿੱਖ ਧਰਮ ਦੇ ਮੁੱਖ ਸੰਸਥਾਨਾਂ, ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਸਿਰਫ ਸੱਭਿਆਚਾਰੀ ਅਤੇ ਪ੍ਰਬੰਧਕ ਯੋਜਨਾ ਵਿਚ ਹੋਣ ਵਜੋਂ ਵਰਣਨ ਕਰਦਿਆਂ, ਉਨ੍ਹਾਂ ਬਾਰੇ ਫਾਈਲ ਵਿਚ ਬਣਾਏ ਗਏ ਇਹ ਸੰਬੰਧਤ ਬਿਆਨ ਹਨ। ਸਿੱਖ ਮਰਯਾਦਾ ਅਤੇ ਮੀਰੀ ਅਤੇ ਪੀਰੀ ਦੇ ਸਿੱਖ ਸੰਕਲਪ ਬਾਰੇ ਵੀ ਗ਼ਲ਼ਤ ਬਿਆਨੀ ਕੀਤੀ ਗਈ ਅਤੇ ਇਸਦਾ ਸਿਰਫ ਸਭਿਆਚਾਰਕ ਹੋਣ ਵਜੋਂ ਵਰਣਨ ਕੀਤਾ ਗਿਆ। ਧਰਮ ਸ਼ਬਦ ਦਾ ਬਿਲਕੁਲ ਵੀ ਉੱਲੇਖ ਨਹੀਂ ਕੀਤਾ ਗਿਆ ਹੈ ਹਾਲਾਂਕਿ ਇਹ ਸਾਰੇ ਮਹਾਨ ਮਹੱਤਵ ਵਾਲੇ ਸਿੱਖ ਧਰਮ ਦੇ ਧਾਰਮਕ ਸ਼ਬਦ ਹਨ। ਇਸ ਸੰਬੰਧ ਵਿਚ ਹਿੰਮਤੀ ਸੰਗੀਨ ਗ਼ਲਤ ਬਿਆਨੀ ਕੀਤੀ ਗਈ ਹੈ। ਅਧਿਆਤਮਕ ਪੱਖ ਨੂੰ ਸਮਾਜਕ ਜੀਵਨ ਦੇ ਸਮਾਜਕ ਅਤੇ ਸਭਿਆਚਾਰੀ ਪੱਖ ਦਾ ਗਠਨ ਕਰਨ ਲਈ ਬਿਆਨ ਕੀਤਾ ਗਿਆ ਹੈ, ਜਿਸਦਾ ਝੂਠ ਇੱਕ ਆਮ ਆਦਮੀ ਲਈ ਵੀ ਜਾਣੂੰ ਹੈ, ਜਿਵੇਂ ਕਿ ਇਹ ਸਪਸ਼ਟ ਰੂਪ ਨਾਲ ਰੂਹ, ਆਤਮਾ, ਰੱਬ, ਸਰਬ ਸ਼ਕਤੀਮਾਨ ਨਾਲ ਰਿਸ਼ਤੇ ਨਾਲ ਸੰਬੰਧਤ ਹੈ ਅਤੇ ਨਿਵੇਕਲੇ ਤੌਰ 'ਤੇ ਧਰਮ ਦਾ ਵਿਸ਼ਾ ਹੈ। ਇਸੇ ਤਰ੍ਹਾਂ ਸਿੱਖ ਮਰਯਾਦਾ ਸ਼ੁੱਧ ਰੂਪ ਵਿਚ ਸਿੱਖ ਧਰਮ ਨਾਲ ਸੰਬੰਧਤ ਹੈ ਅਤੇ ਸਭਿਆਚਾਰੀ ਕੀਮਤਾਂ ਅਤੇ ਕਿਰਿਆਵਾਂ ਦਾ ਝੁੰਡ ਨਹੀਂ ਹੈ। ਧਰਮ ਅਤੇ ਸਭਿਆਚਾਰ ਵਿਚ ਬਹੁਤ ਅੰਤਰ ਹੈ। ਇੱਕ ਸਭਿਆਚਾਰ ਇੱਕ ਧਰਮ ਨਾਲ ਪ੍ਰਭਾਵਿਤ ਹੋ ਸਕਦਾ ਹੈ ਪਰ ਇਹ ਪੂਰੀ ਤਰ੍ਹਾਂ ਵਿਭਿੰਨ ਗਿਆਨ ਖੇਤਰ ਦੇ ਹਨ। ਧਰਮ, ਮਨੁੱਖ ਅਤੇ ਰੱਬ ਵਿਚਕਾਰ, ਆਤਮਾ ਦੇ ਪਰਮਾਤਮਾ ਨਾਲ ਸੰਬੰਧ ਅਤੇ ਕਿਵੇਂ ਮਨੁੱਖੀ ਰੂਹ ਦਾ ਪਰਮਾਤਮਾ ਵਿਚ ਵਿਲੀਨ ਹੁੰਦੀ ਹੈ, ਦਾ ਆਗੂ ਹੈ। ਸਭਿਆਚਾਰ ਦੁਨਿਆਵੀ ਮਾਮਲਿਆਂ ਅਤੇ ਸਭਿਅਤਾ ਨਾਲ ਸੰਬੰਧ ਰੱਖਦਾ ਹੈ। ਸਭਿਆਚਾਰ ਜ਼ਿਆਦਾਤਰ ਧਾਰਮਕ ਹੁੰਦਾ ਹੈ ਅਤੇ ਧਰਮ ਵਿਸ਼ਵਵਿਆਪਕ ਹੈ। ਸਭਿਆਚਾਰ ਸਭਿਅਤਾ ਅਤੇ ਲੋਕਾਂ ਵਿਚਕਾਰ ਵਿਕਾਸ ਦੇ ਮੁਤਾਬਕ ਬਦਲਦਾ ਹੈ, ਜੱਦਕਿ ਧਰਮ ਅਮਰ ਅਤੇ ਸਨਾਤਨ ਹੈ।

ਇਨ੍ਹਾਂ ਸ਼ਬਦਾਂ ਦੇ ਸ਼ਬਦਕੋਸ਼ ਵਾਲੇ ਅਰਥ ਸੰਦੇਹ ਦੀ ਕਿਸੇ ਗੁੰਜਾਇਸ਼ ਤੋਂ ਬਿਨਾਂ ਸਪਸ਼ਟ ਹਨ।

ਧਰਮ - ਨਿਜੀ ਰੱਬ ਵਿਚ ਵਿਸ਼ਵਾਸ ਕਰਕੇ ਉਸਦੀ ਪੂਜਾ ਅਤੇ ਸਤਿਕਾਰ ਦਾ ਅਧਿਕਾਰ, ਵਿਸ਼ਵਾਸ ਅਤੇ ਪੂਜਾ ਦੀ ਪ੍ਰਣਾਲੀ।

ਸਭਿਆਚਾਰੀ - ਸਭਿਆਚਾਰ ਦਾ ਵਿਸ਼ੇਸ਼ਣ, ਇਕ ਮਨੁੱਖ ਵਿਚਕਾਰ ਬੌਧਿਕ ਅਤੇ ਕਲਾਤਮਕ ਵਿਕਾਸ।

ਅਧਿਆਤਮਕ - ਰੂਹ ਨਾਲ ਸੰਬੰਧਤ, ਧਰਮ ਨਾਲ ਸੰਬੰਧਤ।

ਫ਼ਾਨੀ - ਕਾਲ ਸੰਬੰਧੀ, ਦੁਨਿਆਵੀ।

ਸਭਿਅਤਾ - ਸਮਾਜ ਦੇ ਵਿਕਾਸ ਦਾ ਪੱਧਰ, ਸਭਿਅਕ ਹੋਣ ਦੀ ਸਥਿਤੀ।

ਇਹ ਸਮਝ ਤੋਂ ਪਰੇ ਹੈ ਕਿ ਉੱਪਰ ਦੱਸਿਆਂ ਗਈਆਂ ਗ਼ਲਤ ਧਾਰਨਾਵਾਂ ਪੈਦਾ ਕਰਨ ਲਈ ਕਿਓਂ ਇਨ੍ਹਾਂ ਸਰਲ ਸ਼ਬਦਾਂ ਦੇ ਅਸਲ ਅਰਥਾਂ ਨੂੰ ਪੂਰੀ ਤਰ੍ਹਾਂ ਬੇਧਿਆਨਾ ਕਰ ਦਿੱਤਾ ਗਿਆ ਸੀ? ਕਿਓਂ ਸਿੱਖ ਧਰਮ ਦੀ ਮਹੱਤਵਪੂਰਣ ਵਿਸ਼ੇਸ਼ਤਾਵਾਂ ਨੂੰ ਸਿਰਫ ਸਭਿਆਚਾਰੀ ਅਤੇ ਸਿੱਖ ਧਰਮ ਦੀ ਮੁੱਖ ਸੰਸਥਾਵਾਂ, ਹਰਮੰਦਰ ਸਾਹਿਬ ਅਤੇ ਅਕਾਲ ਤਖ਼ਤ, ਨੂੰ ਸਿਰਫ ਸਭਿਆਚਾਰਕ ਭੂਮੀ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਸੀ? ਕਿਓਂ ਸਿੱਖ ਧਰਮ ਦੇ ਅਧਿਆਤਮਕ ਪੱਖ ਨੂੰ ਸਮਾਜਕ ਅਤੇ ਸਭਿਆਚਾਰਕ ਕਿਹਾ ਗਿਆ ਸੀ? ਸਿੱਖ ਧਰਮ ਦੇ ਅਹੁਦੇ ਨੂੰ ਸਿਰਫ ਸਭਿਆਚਾਰਕ ਵਿਚ ਬਦਲਣ ਲਈ ਯਤਨ ਕਿਓਂ ਕੀਤੇ ਗਏ ਸਨ? ਅਤੇ ਇਸ ਲਈ ਜਿੰਮੇਵਾਰ ਕੌਣ ਹੈ। ਸ਼ਾਮਲ ਲੋਕ ਸਿੱਖ ਧਰਮ ਦਾ ਸਿਰਫ ਇੱਕ ਸਭਿਆਚਾਰ ਵਜੋਂ ਅਤੇ ਇਸਦੇ ਮੁੱਖ ਧਾਰਮਕ ਸਥਾਨ, ਹਰਮੰਦਰ ਸਾਹਿਬ ਅਤੇ

ਅਕਾਲ ਤਖ਼ਤ ਦਾ ਸਿਰਫ ਸਭਿਆਚਾਰਕ ਧਰੋਹਰ ਵਜੋਂ ਚਿਤ੍ਰਨ ਕਰਨ ਲਈ ਸਿਰਫ ਯੂਨੈਸਕੋ ਦੇ ਲਾਲਚ ਲਈ ਅਤੇ ਕਿਸੇ ਸਾਜਿਸ਼ ਦੇ ਸ਼ਿਕਾਰ ਲੋਕਾਂ ਲਈ ਪ੍ਰੇਰਣਾ ਦੇ ਸ੍ਰੋਤ ਨੂੰ ਵਧੀਆ ਜਾਣਦੇ ਸਨ, ਇਸ ਤੱਥ ਦੇ ਬਾਵਜੂਦ ਕਿ ਸਿੱਖ ਧਰਮ ਹੁਣ ਦੁਨੀਆਂ ਦੇ ਪਹਿਲੇ ਪੰਜ ਧਰਮਾਂ ਦੀ ਸੂਚੀ ਵਿਚ ਹੈ, ਜੱਦਕਿ ਹਰਮੰਦਰ ਸਾਹਿਬ ਅਤੇ ਅਕਾਲ ਤਖ਼ਤ ਦੁਨਿਆ ਭਰ ਵਿਚ ਪਵਿੱਤਰ ਸਿੱਖ ਤੀਰਥਾਂ-ਗੁਰੁਦੁਆਰਿਆਂ-ਸੰਸਥਾਵਾਂ ਵਿਚੋਂ ਸਭ ਤੋਂ ਪਵਿੱਤਰ ਹੋਣ ਵਜੋਂ ਜਾਣੇ ਜਾਂਦੇ ਹਨ।

ਹਾਲਾਂਕਿ, ਉਹ ਜੋ ਗ਼ਲਤ ਪ੍ਰਚਾਰ ਵਿਚ ਸ਼ਾਮਲ ਹਨ ਕਿ ਸਿੱਖ ਧਰਮ ਸਿਰਫ ਹਿੰਦੂ ਧਰਮ ਦਾ ਹਿੱਸਾ ਹੈ ਅਤੇ ਸਿੱਖ ਹਿੰਦੂਆਂ ਦਾ ਇੱਕ ਪੰਥ ਹਨ, ਸਿੱਖ ਧਰਮ ਵਿਰੁੱਧ ਅਜਿਹੀਆਂ ਗ਼ਲਤ ਧਾਰਨਾਵਾਂ ਦਾ ਬੜੇ ਜੋਸ਼ ਨਾਲ ਇੰਤਜ਼ਾਰ ਕਰ ਸਕਦੇ ਹਨ। ਅਤੇ ਉਹ ਵੀ, ਇੱਕ ਪ੍ਰਮੁੱਖ ਸਿੱਖ ਸੰਸਥਾ, ਐਸ ਜੀ ਪੀ ਸੀ ਦੇ ਨਾਂ ਵਿਚ ਤਿਆਰ ਕੀਤੇ ਗਏ ਦਸਤਾਵੇਜ਼ ਤੋਂ। ਸਿੱਖਾਂ ਅਤੇ ਸਿੱਖ ਧਰਮ ਵਿਰੁੱਧ ਦੂਰ ਤੱਕ ਪਹੁੰਚਣ ਵਾਲੇ ਨਤੀਜਿਆਂ ਦਾ ਮਾਮਲਾ ਹੁੰਦੇ ਹੋਏ, ਇਸਨੂੰ ਗੰਭੀਰ ਛਾਣਬੀਣ ਦੀ ਲੋੜ ਹੈ।

ਹਰਮੰਦਰ ਸਾਹਿਬ ਦੀ ਵਿਵਸਥਾ ਵਿਚ ਬਾਹਰਲਿਆਂ ਦਾ ਦਖ਼ਲ

ਫਾਈਲ ਵਿਚ ਹਰਮੰਦਰ ਸਾਹਿਬ ਦੀ ਦੇਖਭਾਲ ਅਤੇ ਵਿਵਸਥਾ ਲਈ ਤਿੰਨ ਕਮੇਟੀਆਂ ਦਾ ਪ੍ਰਸਤਾਵ ਰੱਖਿਆ ਗਿਆ ਸੀ।

(I) ਹਰਮੰਦਰ ਸਾਹਿਬ ਵਿਰਸਾ ਕਮੇਟੀ – ਇਸ ਵਿਚ ਐਸਜੀ ਪੀ ਸੀ ਕਾਰਜਕਾਰੀ ਅਤੇ ਪ੍ਰਬੰਧਕ, ਦਰਬਾਰ ਸਾਹਿਬ ਤੋਂ ਨਾਮਜ਼ਦ ਇੱਕ ਮੈਂਬਰ ਹੋਵੇਗਾ। ਇਹ ਮਾਸਿਕ ਸਥਿਤੀ ਰਿਪੋਰਟ ਤਿਆਰ ਕਰੇਗੀ ਅਤੇ ਹਰਮੰਦਰ ਸਾਹਿਬ ਨਿਗਰਾਨੀ ਕਮੇਟੀ ਦੇ ਰਾਹੀਂ ਇਸਨੂੰ ਐਸ/ਜੀ/ਪੀ/ਸੀ, ਰਾਜ ਸਰਕਾਰ, ਕੇਂਦਰੀ ਸਰਕਾਰ, ਇਨਟੈਕ ਅਤੇ ਯੂਨੈਸਕੋ ਨੂੰ ਵੰਡੇਗੀ।

(II) ਅਮ੍ਰਿਤਸਰ ਵਿਰਸਾ ਕਮੇਟੀ – ਇਸ ਵਿਚ ਸਕੱਤਰ ਸ਼ਹਿਰੀ ਵਿਕਾਸ, ਸਕੱਤਰ ਸਭਿਆਚਾਰ ਅਤੇ ਪੰਜਾਬ ਸਰਕਾਰ ਦੇ ਸਥਾਨਕ ਵਿਭਾਗ ਦੇ ਸਕੱਤਰ ਅਤੇ ਵਿਰਸਾ ਕਮੇਟੀ ਦੇ ਦੋਵੇਂ ਮੈਂਬਰ ਹੋਣਗੇ। ਇਹ ਦਰਬਾਰ ਸਾਹਿਬ ਦੀ ਲੰਬੇ ਚਿਰ ਤੱਕ ਸੁਰੱਖਿਆ ਲਈ ਸ਼ਹਿਰੀ ਪੱਧਰ ’ਤੇ ਨਿਰਧਾਰਿਤ ਸਾਰੀਆਂ ਚੀਜਾਂ ਨੂੰ ਲਾਗੂ ਕਰੇਗੀ ਜਿਸ ਵਿਚ ਬੱਫਰ ਖੇਤਰ ਵੀ ਸ਼ਾਮਲ ਹੋਵੇਗਾ।

(III) ਹਰਮੰਦਰ ਸਾਹਿਬ ਵਿਰਸਾ ਨਿਗਰਾਨੀ ਕਮੇਟੀ – ਇਸ ਵਿਚ ਉੱਪਰਲੀਆਂ ਕਮੇਟੀਆਂ ਦੇ ਮੈਂਬਰ, ਅਤੇ ਮੈਂਬਰ ਇਨਟੈਕ, ਯੂਨੈਸਕੋ ਦਾ ਪ੍ਰਤੀਨਿਧੀ ਅਤੇ ਖ਼ਾਸ ਸਲਾਹਕਾਰ ਹੋਣਗੇ। ਇਹ ਹਰਮੰਦਰ ਸਾਹਿਬ ਵਿਰਸਾ ਕਮੇਟੀ ਦੀ ਰਿਪੋਰਟਾਂ ’ਤੇ ਵਿਚਾਰ ਵਟਾਂਦਰਾ ਕਰਕੇ ਪ੍ਰਬੰਧਕ ਯੋਜਨਾ ਲਾਗੂ ਕਰਨ ਦੀ ਨਿਗਰਾਨੀ ਲਈ, ਦੁਨੀਆਂ ਦੀ ਇਕ ਵਿਰਾਸਤ ਧਰੋਹਰ ਦੇ ਰੂਪ ਵਿਚ ਹਰਿਮੰਦਰ ਸਾਹਿਬ ਲਈ ਢੁਕਵੇਂ ਮਸਲਿਆਂ ’ਤੇ ਚਰਚਾ ਲਈ, ਬਕਾਇਆ ਮਸਲਿਆਂ ’ਤੇ ਐਸ ਜੀ ਪੀ ਸੀ ਜਾਂ ਸਰਕਾਰ ਨੂੰ ਅਰਜੀ ਲਈ ਹੋਵੇਗੀ, ਇਹ ਬਜਟ ਤਿਆਰ ਕਰੇਗੀ ਅਤੇ ਉਸਦਾ ਪ੍ਰਬੰਧ ਕਰੇਗੀ, ਠੇਕੇ ਦੀ ਪੇਸ਼ਕਸ਼ ਨੂੰ ਸੱਦਾ ਦੇਵੇਗੀ, ਇਸਨੂੰ ਨਿਰਧਾਰਿਤ ਕਰੇਗੀ, ਕੰਮ ਦੇ ਠੇਕੇ ਜਾਰੀ ਕਰੇਗੀ, ਉਨ੍ਹਾਂ ਦੀ ਨਿਗਰਾਨੀ ਕਰੇਗੀ ਅਤੇ ਐਸ ਜੀ ਪੀ ਸੀ ਅਤੇ ਠੇਕੇਦਾਰਾਂ ਵਿਚਕਾਰ ਇਕੱਲੀ ਬਾਰੀ ਹੋਵੇਗੀ, ਇਹ ਸਪਤਾਹਕ ਬੈਠਕਾਂ ਆਯੋਜਿਤ ਕਰੇਗੀ ਅਤੇ ਅਧਿਕਾਰੀਆਂ ਲਈ ਹਰ ਮਹੀਨੇ ਪ੍ਰਬੰਧਕ ਸੂਚਨਾ ਰਿਪੋਰਟ ਤਿਆਰ ਕਰੇਗੀ, ਮੁੱਖ ਤੌਰ ’ਤੇ ਪੰਜਾਬ ਸਰਕਾਰ, ਕੇਂਦਰ ਸਰਕਾਰ, ਇਨਟੈਕ, ਯੂਨੈਸਕੋ ਅਤੇ ਨਾਗਰਿਕ ਮੰਚ ਦੇ ਪ੍ਰਤੀਨਿਧਿਆਂ ਲਈ, ਇਹ ਇਸ ਖੰਡ ਵਿਚ ਪ੍ਰਸਤਾਵਿਤ ਹੋਰ ਸਾਰੀਆਂ ਕਮੇਟੀਆਂ ਦਾ ਹਿੱਸਾ ਹੋਵੇਗੀ।

ਸੰਪਦਾ ਪ੍ਰਬੰਧਨ ਯੋਜਨਾ ਦੇ ਸਿਰਲੇਖ ਅਧੀਨ, ਫਾਈਲ ਦੇ ਸਫ਼ਾ 163 ’ਤੇ ਇਹ ਭਾਖਿਆ ਗਿਆ ਹੈ ----

®ਯੋਜਨਾ ਦਾਅ ਧਾਰਕਾਂ ਦੇ ਵਿਚਕਾਰ ਸਹਿਮਤੀ ਵੀ ਸਥਾਪਤ ਕਰਨਾ ਚਾਹੁੰਦੀ ਹੈ। ਇਹ ਸੜਕ ਦਾ ਨਕਸ਼ਾ ਵੀ ਵਿਕਸਿਤ ਕਰਨਾ ਚਾਹੁੰਦੀ ਹੈ। ਇਹ ਐਸ ਜੀ ਪੀ ਸੀ, ਪੰਜਾਬ ਸਰਕਾਰ, ਭਾਰਤ ਸਰਕਾਰ, ਪ੍ਰੋਜੈਕਟ ਲਈ ਨਿਜੀ ਦਾਤਾ ਅਤੇ ਯੂਨੈਸਕੋ ਵਲੋਂ ਪ੍ਰਤਿਨਿਧ ਸਿੱਖ ਸਮੂਹ ਹਨ।

ਇਸ ਤਰ੍ਹਾਂ ਉੱਥੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਦੀ ਦੇਖਭਾਲ ਅਤੇ ਵਿਵਸਥਾ ਵਿਚ ਸਪੱਸ਼ਟ ਰੂਪ ਨਾਲ ਬਾਹਰਲਿਆਂ ਦੀ ਦਖ਼ਲਬਾਜੀ ਹੈ, ਜਿਸ ਵਿਚ ਕੇਂਦਰ ਅਤੇ ਰਾਜ ਸਰਕਾਰ ਵੀ ਸ਼ਾਮਲ ਹਨ। ਵਿਰਸਾ ਕਮੇਟੀ ਨੂੰ ਇਨ੍ਹਾਂ ਸਾਰੇ ਅਧਿਕਾਰਿਆਂ ਨੂੰ ਮਾਸਕ ਰਿਪੋਰਟ ਭੇਜਨੀ ਹੁੰਦੀ ਹੈ। ਨਿਗਰਾਨੀ ਕਮੇਟੀ ਨੂੰ ਪ੍ਰਬੰਧਨ ਯੋਜਨਾ ਦੀ ਨਿਗਰਾਨੀ ਅਤੇ ਬਜਟ ਨੂੰ ਤਿਆਰ ਕਰਨਾ ਅਤੇ ਲਾਗੂ ਕਰਨਾ ਅਤੇ ਠੇਕਿਆਂ ਅਤੇ ਠੇਕੇਦਾਰਾਂ ਨਾਲ ਸੌਦਾ ਕਰਨਾ ਹੁੰਦਾ ਹੈ। ਉੱਪਰਲੀਆਂ ਦਖ਼ਲਬਾਜੀਆਂ ਨੂੰ ਐਸ ਜੀ ਪੀ ਸੀ ਵਲੋਂ ਆਪ ਆਪਣੀ ਫ਼ਾਈਲ ਵਿਚ ਸੱਦਾ ਦਿੱਤਾ ਗਿਆ ਹੈ। ਦਰਅਸਲ ਵਿਰਸਾ ਸੰਪਦਾ ਲਈ ਕੇਂਦਰ ਸਰਕਾਰ ਯੂਨੈਸਕੋ ਨੂੰ ਜਿੰਮੇਵਾਰ ਹੈ।

ਦੁਨਿਆ ਦੀ ਵਿਰਸਾ ਕਮੇਟੀ ਵਿਰਸਾ ਸੰਪਦਾ ਦੇ ਪ੍ਰਬੰਧਨ ਵਿਚ ਬਦਲਾਅ ਵੀ ਕਰ ਸਕਦੀ ਹੈ। ਵਿਸ਼ਵ ਵਿਰਸਾ ਸੰਮੇਲਨ ਨੂੰ ਲਾਗੂ ਕਰਨ ਲਈ ਚਾਲਣ ਸੰਬੰਧੀ ਦਿਸ਼ਾ ਨਿਰਦੇਸ਼ਾਂ ਦੀ ਧਾਰਾ 156 ਪ੍ਰਦਾਨ ਕਰਦੀ ਹੈ --

ਲਿਖਤ ਸਮੇਂ, ਕਮੇਟੀ (ਵਿਸ਼ਵ ਵਿਰਾਸਤ ਕਮੇਟੀ) ਵਿਸ਼ਵ ਵਿਰਾਸਤ ਸੰਪਦਾ ਦੀ ਸੁਰੱਖਿਆ ਅਤੇ ਪ੍ਰਬੰਧ ਲਈ ਹੋਰ ਸਿਫ਼ਾਰਸ਼ਾਂ ਵੀ ਕਰ ਸਕਦੀ ਹੈ।

ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦੀ ਧਾਰਾ 117 ਪ੍ਰਦਾਨ ਕਰਦੀ ਹੈ -- ਇਕ ਵਿਸ਼ਵ ਵਿਰਾਸਤ ਸੰਪਦਾ ਲਈ ਪ੍ਰਭਾਵਸ਼ਾਲੀ ਪ੍ਰਬੰਧਕ ਕਿਰਿਆਵਾਂ ਲਾਗੂ ਕਰਨ ਲਈ ਰਾਜ ਪਾਰਟੀਆਂ (ਕੇਂਦਰ ਸਰਕਾਰਾਂ) ਜਿੰਮੇਵਾਰ ਹਨ।

ਰਾਜ ਪਾਰਟੀਆਂ ਨੂੰ ਸੰਪਦਾ ਪ੍ਰਬੰਧਕਾਂ ਦੇ ਨਾਲ, ਪ੍ਰਬੰਧਕੀ ਅਧਿਕਾਰ ਵਾਲੀ ਏਜੰਸੀ ਦੇ ਨਾਲ ਅਤੇ ਸੰਪਦਾ ਪ੍ਰਬੰਧਨ ਵਿਚ ਹੋਰ ਸਹਿਯੋਗੀਆਂ ਅਤੇ ਦਾਅ ਧਾਰਕਾਂ ਦੇ ਨਾਲ ਅਜਿਹਾ ਸਹਿਯੋਗ ਵਿਚ ਕਰਨਾ ਚਾਹੀਦਾ ਹੈ।®

ਦਿਸ਼ਾ ਨਿਰਦੇਸ਼ਾਂ ਦੀ ਧਾਰਾ 123 ਪ੍ਰਦਾਨ ਕਰਦੀ ਹੈ –

ਸੰਪਦਾ ਦੀ ਦੇਖਭਾਲ ਵਿਚ ਰਾਜ ਪਾਰਟੀ ਨਾਲ ਸਾਂਝੀ ਜਿੰਮੇਵਾਰੀ ਲਈ ਯੋਗ ਬਨਾਉਣ ਲਈ ਨਾਮਜ਼ਦ ਕਰਨ ਦੀ ਕਿਰਿਆ ਵਿਚ ਸਥਾਨਕ ਲੋਕਾਂ ਦੀ ਭਾਗੀਦਾਰੀ ਜ਼ਰੂਰੀ ਹੈ। ਵੱਡੀ ਗਿਣਤੀ ਵਿਚ ਦਾਅ ਧਾਰਕ, ਜਿਸ ਵਿਚ ਪ੍ਰਬੰਧਕ, ਸਥਾਨਕ ਅਤੇ ਖੇਤਰੀ ਸਰਕਾਰਾਂ, ਸਥਾਨਕ ਕਮੇਟੀਆਂ, ਐਨ/ਜੀ/ਓ ਅਤੇ ਹੋਰ ਇੱਛੁਕ ਪਾਰਟੀਆਂ ਸ਼ਾਮਲ ਹਨ, ਦੀ ਭਾਗੀਦਾਰੀ ਨਾਲ ਰਾਜ ਪਾਰਟੀਆਂ ਨਾਮਾਂਕਣ ਤਿਆਰ ਕਰਨ ਲਈ ਉਤਸਾਹਤ ਹੁੰਦੀਆਂ ਹਨ।

ਉੱਪਰ ਦੱਸੇ ਵਿਰਾਸਤ ਸੰਪਦਾ ਨੂੰ ਸ਼ਾਸਤ ਕਰਦਿਆਂ ਯੂਨੈਸਕੋ ਦੇ ਨਿਯਮ ਅਤੇ ਸ਼ਰਤਾਂ ਤੋਂ ਬਿਨਾਂ ਕਿਸੇ ਸੰਦੇਹ ਦੇ ਇਹ ਸਪੱਸ਼ਟ ਹੈ ਕਿ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਦੀ ਪ੍ਰਭਾਵਸ਼ਾਲੀ ਵਿਵਸਥਾ ਲਾਗੂ ਕਰਨ ਲਈ ਭਾਰਤ ਸਰਕਾਰ ਜਿੰਮੇਵਾਰ ਹੋਵੇਗੀ ਜੇਕਰ ਇਹ ਵਿਰਾਸਤ ਸੰਪਦਾ ਬਣਦੀ ਹੈ। ਸਥਾਨਕ ਅਤੇ ਖ਼ੇਤਰੀ ਸਰਕਾਰ ਅਤੇ ਹੋਰ ਹਿੱਤਧਾਰਕ ਵੀ ਸ਼ਾਮਲ ਕੀਤੇ ਜਾਣੇ ਹਨ। ਅਸਲ ਵਿਚ ਸਿਰਫ ਯੂਨੈਸਕੋ ਦੇ ਮੈਂਬਰ ਦੇਸ਼ਾਂ ਦੀ ਸਰਕਾਰਾਂ ਹੀ ਇਸ ਨਾਲ ਸੰਵਾਦ ਕਰ ਸਕਦੀਆਂ ਹਨ ਜਿਵੇਂ ਕਿ ਵਿਸ਼ਾ ਵਿਸ਼ਵ ਵਿਰਾਸਤ ਸੰਪਦਾ ਨਾਲ ਸੰਬੰਧਤ ਹੈ ਅਤੇ ਇਸ ਲਈ ਉਹ ਉਨ੍ਹਾਂ ਦੀ ਵਿਵਸਥਾ ਲਈ ਜ਼ਿੰਮੇਵਾਰ ਹਨ। ਇਸ ਲਈ ਕਈ ਹੋਰ ਬਾਹਰਲੇ ਵੀ ਸ਼ਾਮਲ ਹੋ ਗਏ ਹਨ। ਇਸ ਤਰ੍ਹਾਂ ਇਸਨੂੰ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕਰਨਾ ਸਿੱਖਾਂ ਅਤੇ ਸਿੱਖ ਧਰਮ ਦੇ ਹਿੱਤ ਵਿਚ ਨਹੀਂ ਹੈ।

ਜੇ ਕੋਈ ਅਜੇ ਵੀ ਕਹਿਣ ਦੀ ਹਿੰਮਤ ਕਰਦਾ ਹੈ ਕਿ ਹਰਿਮੰਦਰ ਸਾਹਿਬ ਦੇ ਪ੍ਰਬੰਧਨ, ਦੇਖਭਾਲ ਅਤੇ ਕਹੀ ਜਾਣ ਵਾਲੀ ਸੁਰੱਖਿਆ ਵਿਚ ਭਾਰਤ ਅਤੇ ਪੰਜਾਬ ਸਰਕਾਰ, ਯੂਨੈਸਕੋ ਅਤੇ ਹੋਰ ਬਾਹਰਲਿਆਂ ਦਾ ਕੋਈ ਹਸਤਾਖੇਪ ਜਾਂ ਦਖ਼ਲਬਾਜੀ ਨਹੀਂ ਹੋਵੇਗੀ, ਫਾਈਲ ਅਤੇ ਯੂਨੈਸਕੋ ਦਿਸ਼ਾ ਨਿਰਦੇਸ਼ਾਂ ਦੋਹਾਂ ਵਿਚ ਉਸ ਸੰਬੰਧ ਵਿਚ ਸਪੱਸ਼ਟ ਧਾਰਾਵਾਂ ਦੇ ਬਾਵਜੂਦ, ਜਿਨ੍ਹਾਂ ਚੋਂ ਕੁਝ ਦਾ ਉੱਪਰ ਉੱਲੇਖ ਵੀ ਕੀਤਾ ਗਿਆ ਹੈ, ਤਾਂ ਉਹ ਪੁਰਸ਼ ਜਾਂ ਇਸਤਰੀ ਜਾਂ ਤਾਂ ਇਨ੍ਹਾਂ ਧਾਰਾਵਾਂ ਤੋਂ ਬਿਲਕੁਲ ਅਗਿਆਨੀ ਹੈ ਜਾਂ ਵਿਚਾਰਾਂ ਵਿਚ ਬੇਈਮਾਨ ਹੈ। ਇਸੇ ਤਰ੍ਹਾਂ ਦਾ ਮਾਮਲਾ ਹੈ ਜੇ ਇੱਕ ਕਹਿੰਦਾ ਹੈ ਕਿ ਸਿੱਖ ਧਰਮ ਅਤੇ ਸਿੱਖ ਗੁਰੂਦੁਆਰਿਆਂ ਦੇ ਕਥਨਾਂ ਨੂੰ ਲੈ ਕੇ ਫਾਈਲ ਵਿਚ ਕੋਈ ਗ਼ਲਤ ਬਿਆਨੀ ਨਹੀਂ ਕੀਤੀ ਗਈ ਹੈ।

ਫਾਈਲ ਬਿਨਾਂ ਅਧਿਕਾਰ ਖੇਤਰ ਦੇ

ਐਸ ਜੀ ਪੀ ਸੀ ਸਿੱਖ ਗੁਰੂਦੁਆਰਾ ਐਕਟ, 1925 ਦੀ ਧਾਰਾਵਾਂ ਦੇ ਅਨੁਰੂਪ ਕਿਸੇ ਵੀ ਸੰਬੰਧ ਵਿਚ ਕਿਸੇ ਬਾਹਰਲੇ ਦੀ ਦਖ਼ਲਬਾਜੀ ਦੇ ਬਿਨਾਂ ਸਿੱਖ ਗੁਰੂਦੁਆਰਿਆਂ, ਜਿਸ ਵਿਚ ਕਿ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਵੀ ਸ਼ਾਮਲ ਹਨ, ਦੇ ਪ੍ਰਬੰਧ ਅਤੇ ਦੇਖਭਾਲ ਲਈ ਵਚਨਬੱਧ ਹੈ। ਇਸਨੂੰ ਵਿਸ਼ਵ ਵਿਰਾਸਤ ਸੰਪਦਾ ਬਨਾਉਣ ਦਾ ਇਸਦਾ ਕਦਮ ਇਸਦੀ ਸੁਰੱਖਿਆ, ਦੇਖਭਾਲ ਅਤੇ ਵਿਵਸਥਾ ਲਈ ਭਾਰਤ ਅਤੇ ਪੰਜਾਬ ਸਰਕਾਰ, ਯੂਨੈਸਕੋ ਅਤੇ ਹੋਰ ਬਾਹਰਲਿਆਂ ਦੀ ਦਖ਼ਲਬਾਜੀ ਨੂੰ ਸੱਦਾ ਦਿੰਦਾ ਹੈ, ਜਿਸ ਲਈ ਐਸਜੀਪੀਸੀ ਕੋਲ ਕੋਈ ਅਧਿਕਾਰ ਖ਼ੇਤਰ ਨਹੀਂ ਹੋ ਸਕਦਾ। ਇਸੇ ਤਰ੍ਹਾਂ ਇੱਕ ਗੁਰੂਦੁਆਰੇ ਨੂੰ ਇਕ ਸਭਿਆਚਾਰਕ ਧਰੋਹਰ ਬਣਾ ਕੇ, ਉਸਨੂੰ ਵਿਰਾਸਤ ਸੂਚੀ ਦੀ ਸੂਚੀ ਵਿਚ ਸ਼ਾਮਲ ਕਰਨ ਦਾ, ਜਿਸ ਵਿਚ ਸਿਰਫ ਸਭਿਆਚਾਰਕ ਧਰੋਹਰਾਂ ਹੀ ਸ਼ਾਮਲ ਹੁੰਦੀਆਂ ਹਨ, ਇਸ ਕੋਲ ਕੋਈ ਅਧਿਕਾਰ ਨਹੀਂ ਹੈ। ਇਹ ਸਿੱਖ ਗੁਰੂਦੁਆਰਿਆਂ ਦੇ ਐਕਟ, ਸਿੱਖ ਧਰਮ ਦੇ ਕਥਨਾਂ ਅਤੇ ਐਸਜੀਪੀਸੀ ਦੇ ਮੈਂਬਰਾਂ ਦੇ ਆਪ ਦੇ ਵਚਨਾਂ ਦੀਆਂ ਬਹੁਤ ਗੰਭੀਰ ਉਲੰਘਣਾਵਾਂ ਹਨ। ਸਿੱਖ ਗੁਰੂਦੁਆਰਾ ਐਕਟ ਸਿੱਖਾਂ ਵਲੋਂ, ਬਿਨਾਂ ਕਿਸੇ ਬਾਹਰਲੀ ਦਖ਼ਲਬਾਜੀ ਦੇ, ਸਿੱਖ ਗੁਰੂਦੁਆਰਿਆਂ ਦੀ ਵਿਵਸਥਾ ਅਤੇ ਦੇਖ-ਰੇਖ ਕਰਨ ਲਈ ਅਤੇ ਸਿੱਖ ਧਰਮ ਦੇ ਕਥਨਾਂ ਦੇ ਅਨੁਰੂਪ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਲਾਗੂ ਕੀਤਾ ਗਿਆ ਸੀ ਅਤੇ ਉਸ ਉੱਦੇਸ਼ ਲਈ ਸਿੱਖਾਂ ਨੂੰ ਆਪਣੇ ਪ੍ਰਤੀਨਿਧੀ ਚੁਨਣੇ ਸਨ, ਜਿਸਦਾ ਨਾਮ ਐਸਜੀਪੀਸੀ ਰੱਖਿਆ ਗਿਆ। ਇਸਦੇ ਮੈਂਬਰ ਬਿਨਾਂ ਕਿਸੇ ਬਾਹਰਲੇ ਦੇ ਦਖ਼ਲ ਦੇ, ਉਸ ਐਕਟ ਦੀ ਸੀਮਾ ਦੇ ਅਧੀਨ ਰਹਿੰਦੀਆਂ, ਉਦੇਸ਼ ਦੀ ਈਮਾਨਦਾਰੀ ਦੇ ਨਾਲ ਆਪਣਾ ਫ਼ਰਜ਼ ਨਿਭਾਉਣ ਲਈ ਵਚਨਬੱਧ ਹਨ ਜਿਸ ਲਈ ਕਿ ਉਨ੍ਹਾਂ ਨੂੰ ਚੁਣਿਆ ਗਿਆ ਹੈ। ਜੇਕਰ ਇਨ੍ਹਾਂ ਉਲੰਘਣਾਵਾਂ ਵਿਚ ਕਿਸੇ ਮੈਂਬਰ ਨੂੰ ਸੋਚ ਸਮਝ ਕੇ ਭਾਗੀਦਾਰੀ ਕਰਦਿਆਂ ਪਾਇਆ ਜਾਂਦਾ ਹੈ, ਇਹ ਉਸਦੀ ਅਯੋਗਤਾ ਦੀ ਅਗੁਵਾਈ ਕਰ ਸਕਦੀ ਹੈ ਅਤੇ ਖ਼ਾਸ ਕਰਕੇ ਉਨ੍ਹਾਂ ਦੀ ਜੋ ਐਸਜੀਪੀਸੀ ਦੇ ਭਾਰੀ ਫੰਡਾਂ ਦੀ ਬਰਬਾਦੀ ਅਤੇ ਹੇਰਾਫੇਰੀ ਲਈ ਜਿੰਮੇਵਾਰ ਹਨ, ਕਿਸੇ ਵੀ ਅਜਿਹੇ ਗ਼ੈਰ ਅਧਿਕਾਰਕ ਪ੍ਰੋਜੈਕਟ ਲਈ, ਜਿਸ ਲਈ ਕੁਝ ਲੋਕਾਂ ਵਲੋਂ ਚਾਰ ਮਿਲੀਅਨ ਰੁਪਏ ਤੱਕ ਦਾ ਇਲਜਾਮ ਲਗਾਇਆ ਗਿਆ ਹੈ। ਇਨ੍ਹੀ ਵੱਡੀ ਰਕਮ ਯੂਨੈਸਕੋ ਵਲੋਂ ਵੀ ਕਦੇ ਕਿਸੇ ਇੱਕ-ਵਿਰਾਸਤ ਸੰਪਦਾ 'ਤੇ ਖਰਚ ਨਹੀਂ ਕੀਤੀ ਗਈ ਹੈ, ਜਿਵੇਂ ਕਿ ਅਜਿਹੀਆਂ ਸੰਪਦਾ ਦੀ ਗਿਣਤੀ ਬਹੁਤ ਹੈ, ਜੱਦਕਿ ਉਨ੍ਹਾਂ ਸੰਪਦਾਵਾਂ ਲਈ ਧਨ ਦਾ ਨਿਪਟਾਰਾ ਤੁਲਨਾ ਵਿਚ ਬਹੁਤ ਘੱਟ ਹੈ। ਐਸਜੀਪੀਸੀ ਦਾ ਬਜਟ ਦੋ ਸੌ ਕਰੋੜ ਰੁਪਏ ਤੋਂ ਵੱਧ ਹੈ, ਜੋ ਕਿ ਵਿਰਾਸਤ ਸੂਚੀ ਦੀਆਂ ਸਾਰੀਆਂ ਸੰਪਦਾਵਾਂ ਲਈ ਯੂਨੈਸਕੋ ਦੇ ਬਜਟ ਨਾਲੋਂ ਕਈ ਵੱਧ ਹੈ।

ਸਿਰਫ ਸਭਿਆਚਾਰੀ ਅਤੇ ਕੁਦਰਤੀ ਥਾਵਾਂ ਵਿਰਾਸਤ ਸੂਚੀ ਵਿਚ ਹੋ ਸਕਦੀਆਂ ਹਨ

ਨਾਮਾਂਕਣ ਫਾਰਮ ਇਸ ਸੰਬੰਧ ਵਿਚ ਬਹੁਤ ਹੀ ਸਪੱਸ਼ਟ ਹੈ। ਇਹ ਬਿਆਨ ਕਰਦਾ ਹੈ -

ਵਿਸ਼ਵ ਸਭਿਆਚਾਰ ਅਤੇ ਕੁਦਰਤੀ ਵਿਰਾਸਤ ਦੀ ਸੁਰੱਖਿਆ ਦੇ ਵਿਸ਼ੇ ਵਿਚ ਸੰਮੇਲਨ ਦੀਆਂ ਸ਼ਰਤਾਂ ਦੇ ਅਧੀਨ, ਜਿਵੇਂ ਕਿ 1972 ਵਿਚ ਯੂਨੈਸਕੋ ਦੇ ਆਮ ਸੰਮੇਲਨ ਵਲੋਂ ਅਪਨਾਇਆ ਗਿਆ ਸੀ, ਵਿਸ਼ਵ ਸਭਿਆਚਾਰੀ ਅਤੇ ਕੁਦਰਤੀ ਵਿਰਾਸਤ ਦੀ ਸੁਰੱਖਿਆ ਲਈ ਅੰਤਰ ਸਰਕਾਰੀ ਕਮੇਟੀ, ਜਿਸ ਨੂੰ ਕਿ ਵਿਸ਼ਵ ਵਿਰਾਸਤ ਕਮੇਟੀ ਕਿਹਾ ਗਿਆ, ਵਿਸ਼ਵ ਵਿਰਾਸਤ ਸੂਚੀ, ਸਭਿਆਚਾਰੀ ਅਤੇ ਕੁਦਰਤੀ ਵਿਰਾਸਤ ਵਾਲੀਆਂ ਸੰਪਦਾਵਾਂ ਦੀ ਸੂਚੀ, ਦੇ ਸਿਰਲੇਖ ਹੇਠ ਸਥਾਪਿਤ ਕੀਤੀ ਜਾਵੇਗੀ।

ਸਭਿਆਚਾਰੀ ਵਿਰਾਸਤ ਦੀ ਪਰਿਭਾਸ਼ਾ

ਵਿਸ਼ਵ ਵਿਰਾਸਤ ਸੰਮੇਲਨ ਨੂੰ ਅਮਲ ਵਿਚ ਲਿਆਉਣ ਲਈ ਕਿਰਿਆ ਸੰਬੰਧੀ ਦਿਸ਼ਾ ਨਿਰਦੇਸ਼ਾਂ ਦਾ ਖੰਡ 45, ਲੇਖ 1

ਇਸ ਸੰਮੇਲਨ ਦੇ ਉਦੇਸ਼ ਲਈ, ਹੇਠ ਲਿਖਿਆਂ ਨੂੰ ਸਭਿਆਚਾਰਕ ਵਿਰਾਸਤ ਵਜੋਂ ਮੰਨਿਆ ਜਾਵੇਗਾ, --

ਸਮਾਰਕਾਂ, ਵਾਸਤੂਸ਼ਿਲਪ ਕੰਮ, ਮੂਰਤੀਕਲਾ ਦੇ ਕੰਮ ਅਤੇ ਚਿਤਰਕਲਾ ਜਾਂ ਇੱਕ ਪੁਰਾਤਤਵ ਸੰਬੰਧੀ ਕੁਦਰਤੀ ਢਾਂਚਾ, ਸ਼ਿਲਾਲੇਖ, ਗੁਫਾਵਾਂ ਅਤੇ ਸੁਵਿਧਾਵਾਂ ਦਾ ਜੋੜ, ਜੋ ਕਿ ਇਤਿਹਾਸ, ਕਲਾ ਜਾਂ ਵਿਗਿਆਨ ਦੀ ਦ੍ਰਿਸ਼ਟੀ ਨਾਲ ਵਧੀਆ ਸਰਵਵਿਆਪਕ ਕਦਰਾਂ ਕੀਮਤਾਂ ਦੇ ਹਨ।

ਇਮਾਰਤਾਂ ਦਾ ਸਮੂਹ ---- ਅਲੱਗ ਜਾਂ ਜੁੜੀਆਂ ਇਮਾਰਤਾਂ ਦਾ ਸਮੂਹ, ਜੋ ਕਿ ਆਪਣੀ ਵਾਸਤੂਕਲਾ, ਇੱਕਰੂਪਤਾ ਅਤੇ ਕੁਦਰਤੀ ਨਜ਼ਾਰੇ ਵਿਚ ਆਪਣੀ ਥਾਂ ਕਰਕੇ ਇਤਿਹਾਸ, ਕਲਾ ਜਾਂ ਵਿਗਿਆਨ ਦੀ ਦ੍ਰਿਸ਼ਟੀ ਨਾਲ ਵਧੀਆ ਸਰਵਵਿਆਪਕ ਕਦਰਾਂ ਕੀਮਤਾਂ ਦੀਆਂ ਹਨ।

ਵਿਰਾਸਤ ਸੰਪਦਾ 'ਤੇ ਚਿੰਨ੍ਹ

ਧਾਰਾ 271 ਪ੍ਰਦਾਨ ਕਰਦੀ ਹੈ ਕਿ ਸੰਪਦਾ ਉੱਤੇ ਚਿੰਨ੍ਹ ਵੀ ਲਾਇਆ ਜਾਵੇਗਾ, ਇਹ ਸੰਪਦਾ ਵਿਸ਼ਵ ਸਭਿਆਚਾਰੀ ਅਤੇ ਕੁਦਰਤੀ ਵਿਰਾਸਤ ਦੀ ਸੁਰੱਖਿਆ ਦੇ ਵਿਸ਼ੇ ਵਿਚ ਸੰਮੇਲਨ ਦੀ ਵਿਸ਼ਵ ਵਿਰਾਸਤ ਸੂਚੀ ਵਿਚ ਲਿਖੀ ਗਈ ਹੈ।

ਵਿਸ਼ਵ ਵਿਰਾਸਤ ਸੂਚੀ ਵਿਚ ਪਹਿਲਾਂ ਹੀ 788 ਥਾਵਾਂ ਹਨ, ਜਿਨ੍ਹਾਂ ਚੋਂ 611 ਸਭਿਆਚਾਰਕ ਥਾਵਾਂ ਹਨ, 154 ਕੁਦਰਤੀ ਥਾਵਾਂ ਹਨ ਜੱਦਕਿ 23 ਮਿਲੀਆਂ ਜੁਲੀਆਂ ਹਨ। ਕੀ ਇਹ ਹਰਮੰਦਰ ਸਾਹਿਬ ਦੇ ਕੱਦ ਨੂੰ ਵਧਾਏਗਾ ਜਾਂ 789ਵੇ ਨੰਬਰ 'ਤੇ ਸ਼ਾਮਲ ਕਰਦਿਆਂ ਘਟਾਏਗਾ। ਇਸ ਸੂਚੀ ਵਿਚ ਸ਼ਾਮਲ ਜ਼ਿਆਦਾਤਰ ਥਾਵਾਂ ਪਾਰਕ, ਗੁਫਾਵਾਂ ਅਤੇ ਕੁਦਰਤੀ ਅਤੇ ਸਭਿਆਚਾਰਕ ਜਿਹੀਆਂ ਥਾਵਾਂ ਹਨ। ਭਾਰਤੀ ਸੂਚੀ ਵਿਚ ਜਿਵੇਂ ਕਿ ਅਜੰਤਾ ਦੀਆਂ ਗੁਫਾਵਾਂ, ਏਲੋਰਾ ਦੀਆਂ ਗੁਫਾਵਾਂ, ਆਗਰੇ ਦਾ ਕਿਲਾ ਅਤੇ ਕੁਤਬ ਮੀਨਾਰ ਹਨ ਅਤੇ ਕਿਸੇ ਮਹੱਤਵ ਵਾਲੀ ਕੋਈ ਵੀ ਧਾਰਮਕ ਥਾਂ ਨਹੀਂ ਹੈ। ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਅਜਿਹੀ ਸੂਚੀ ਵਿਚ ਸ਼ਾਮਲ ਨਹੀਂ ਕਰਨਾ ਚਾਹੀਦਾ ਜੋ ਕਿ ਸਿੱਖ ਧਰਮ ਦੇ ਪ੍ਰਮੁੱਖ ਪਵਿੱਤਰ ਤੀਰਥਾਂ ਵਜੋਂ ਦੁਨਿਆ ਭਰ ਵਿਚ ਪ੍ਰਸਿੱਧ ਹਨ। ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ 'ਤੇ ਇੱਕ ਸਭਿਆਚਾਰਕ ਥਾਂ ਦਾ ਚਿੰਨ੍ਹ ਕਦੇ ਵੀ ਨਹੀਂ ਲਾਇਆ ਜਾ ਸਕਦਾ, ਜਿਵੇਂ ਕਿ ਇਹ ਮੁੱਖ ਤੌਰ 'ਤੇ ਸਿੱਖ ਧਰਮ ਦੀਆਂ ਧਾਰਮਕ ਥਾਵਾਂ ਹਨ ਅਤੇ ਸਭਿਆਚਾਰਕ ਥਾਵਾਂ ਨਹੀਂ। ਸਿੱਖ ਆਪ ਆਪਣੀ ਮੁੱਖ ਧਾਰਮਕ ਥਾਵਾਂ ਦੀ ਸੁਰੱਖਿਆ, ਦੇਖ-ਰੇਖ ਅਤੇ ਵਿਵਸਥਾ ਕਰਨ ਦੇ ਯੋਗ ਹਨ।

ਕੋਈ ਸ਼ੱਕ ਨਹੀਂ ਕਿ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਆਪਣੀ ਹੀ ਵਾਸਤੂਕਲਾ ਸੰਬੰਧੀ ਖੂਬੀ ਹੈ, ਪਰ ਇਸਦਾ ਮਹੱਤਵ ਘੱਟ ਹੈ। ਇਹਦਾ ਮੁੱਖ ਉਦੇਸ਼ ਧਾਰਮਕ ਅਤੇ ਅਧਿਆਤਮਕ ਸਿੱਖ ਧਰਮ ਦਾ ਹੈ, ਜਿੱਥੇ ਸਿੱਖਾਂ ਦੇ ਅਮਰ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ, ਸਵੇਰੇ ਤੜਕੇ ਤੋਂ ਦੇਰ ਰਾਤ ਤੱਕ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਸਿੱਖ ਧਰਮ ਦੇ ਇਲਾਹੀ ਸਲੋਕਾਂ ਦਾ ਉੱਚਾਰਣ ਕੀਤਾ ਜਾਂਦਾ ਹੈ।

ਇਹ ਸਭਿਆਚਾਰਕ ਥਾਂ ਨਹੀਂ ਹੈ। ਸਪੱਸ਼ਟ ਰੂਪ ਵਿਚ ਹਰਮੰਦਰ ਸਾਹਿਬ ਸਭਿਆਚਾਰਕ ਵਿਰਾਸਤ ਵਾਲੀ ਕਿਸੇ ਵੀ ਚੀਜ਼ ਵਿਚ ਨਹੀਂ ਆਉਂਦਾ। ਇਹ ਸਿੱਖ ਧਰਮ ਦੇ ਪਵਿੱਤਰ ਗੁਰੂਦੁਆਰਿਆਂ ਚੋਂ ਸੱਭ ਤੋਂ ਪਵਿੱਤਰ ਹੈ ਜਿਥੋਂ ਇੱਕ ਅਧਿਆਤਮਕ ਪ੍ਰੇਰਣਾ ਅਤੇ ਰੱਬ, ਸਰਬ ਸ਼ਕਤੀਮਾਨ ਦੇ ਨਾਂ ਦੀ ਪ੍ਰਾਪਤੀ ਕਰਦਾ ਹੈ। ਅਕਾਲ ਤਖ਼ਤ ਸਾਮਰਾਜ ਦੇ ਦਰਜੇ ਵਾਲਾ ਸਿੱਖ ਧਰਮ ਦਾ ਪ੍ਰਮੁੱਖ ਸੰਸਥਾਨ ਹੈ ਅਤੇ ਇੱਕ ਸਭਿਆਚਾਰਕ ਥਾਂ ਨਹੀਂ ਹੈ ਅਤੇ ਉੱਥੇ ਕਿਸੇ ਵੀ ਬਾਹਰਲੇ ਦੀ ਕੋਈ ਵੀ ਦਖ਼ਲਬਾਜੀ ਨਹੀਂ ਹੋ ਸਕਦੀ ਭਾਵੇਂ ਕੁਝ ਵੀ ਹੋਵੇ।

ਇੱਕ ਸਭਿਆਚਾਰਕ ਥਾਂ ਦਾ ਦਰਜਾ, ਜੋ ਕਿ ਦੁਨਿਆਵੀ ਮਾਮਲਿਆਂ ਅਤੇ ਸਭਿਅਤਾ ਨਾਲ ਸੰਬੰਧ ਰੱਖਦੀ ਹੈ, ਧਰਮ ਅਤੇ ਸਾਮਰਾਜ ਦੇ ਦਰਜੇ ਦੇ ਬਰਾਬਰ ਨਹੀਂ ਹੈ, ਜੋ ਕਿ ਮਨੁੱਖ ਦੇ ਰੱਬ ਨਾਲ ਸੰਬੰਧ ਅਤੇ ਵਿਅਕਤੀਗਤ ਆਤਮਾ ਦੇ ਸਰਬੋਤਮ ਆਤਮਾ ਦੇ ਨਾਲ ਮੇਲ ਨਾਲ ਸੰਬੰਧਤ ਹੈ।

ਇਨ੍ਹਾਂ ਦੋਹਾਂ ਥਾਵਾਂ ਦੇ ਅਲੱਗ ਖ਼ੇਤਰ ਹਨ, ਹਾਲਾਂਕਿ ਧਰਮ ਉੱਚ ਨੈਤਿਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਕਰਨ ਲਈ ਸਭਿਆਚਾਰੀ ਕਦਰਾਂ ਕੀਮਤਾਂ ਨੂੰ ਪ੍ਰਭਾਵਿਤ ਕਰਦਾ ਹੈ। ਫਾਈਲ ਬਨਾਉਣ ਵਾਲਿਆਂ ਨੇ ਹਰਮੰਦਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਇੱਕ ਸਭਿਆਚਾਰੀ ਥਾਂ ਘੋਸ਼ਿਤ ਕਰਕੇ, ਜਾਣ ਬੁੱਝ ਕੇ ਜਾਂ ਬਿਨਾਂ ਸੋਚੇ ਸਮਝੇ, ਇਸ ਪੱਖ ਲਈ ਆਪਣੀ ਅਗਿਆਨਤਾ ਨੂੰ ਦਰਸ਼ਾਇਆ ਹੈ ਕਿ ਸਿੱਖ ਧਰਮ ਦੀ ਅਤੇ ਸਾਮਰਾਜ ਦੀਆਂ ਮੁੱਖ ਧਾਰਮਕ ਥਾਵਾਂ ਦਾ ਉੱਚ ਦਰਜਾ, ਗ਼ਲਤ ਢੰਗ ਨਾਲ ਪੇਸ਼ ਕੀਤੇ ਜਾਜ਼ ਨਾਲ ਨੀਵਾਂ ਹੋ ਰਿਹਾ ਹੈ। ਉਨ੍ਹਾਂ ਨੇ ਇਸ ਤੱਥ ਦੀ ਨਜ਼ਰ ਨੂੰ ਖੋ ਦਿੱਤਾ, ਜਾਣ ਬੁੱਝ ਕੇ ਜਾਂ ਅਣਜਾਨੇ ਵਿਚ ਕਿ ਇਸ ਗ਼ਲਤ ਧਾਰਣਾ ਲਈ, ਸਿੱਖ ਧਰਮ ਦੇ ਕੁਝ ਹੋਰ ਕਥਨਾਂ ਨੂੰ ਗ਼ਲ਼ਤ ਢੰਗ ਨਾਲ ਪੇਸ਼ ਕਰਦਿਆਂ ਅਤੇ ਇਥੋਂ ਤੱਕ ਕਿ ਸਿੱਖ ਗੁਰੂਦੁਆਰਿਆਂ ਦੀ ਦੇਖ ਰੇਖ ਅਤੇ ਵਿਵਸਥਾ ਵਿਚ ਬਾਹਰਲੀ ਏਜੰਸੀਆਂ ਦੀ ਦਖ਼ਲਬਾਜੀ ਨੂੰ ਸੱਦਾ ਦਿੰਦਿਆਂ, ਉਨ੍ਹਾਂ ਸਿੱਖ ਧਰਮ ਦੇ ਮੀਰੀ ਅਤੇ ਪੀਰੀ ਦੇ ਸੰਕਲਪ ਨੂੰ ਅਤੇ ਸਿੱਖ ਮਰਯਾਦਾ ਨੂੰ ਸਿਰਫ ਸਭਿਆਚਾਰਕ ਦੱਸਦੇ ਹੋਏ ਗ਼ਲ਼ਤ ਢੰਗ ਨਾਲ ਪੇਸ਼ ਕੀਤਾ।

ਇਹ ਨਿਰਸੰਦੇਹ ਸਿੱਖਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਅਜਿਹਾ ਦਸਤਾਵੇਜ ਐਸਜੀਪੀਸੀ ਦੇ ਨਾਂ ਵਿਚ ਹੈ, ਜੋ ਕਿ ਸਿੱਖਾਂ ਵਲੋਂ ਚੁਣੀ ਮੁੱਖ ਸੰਸਥਾ ਹੈ, ਜਿਸਨੂੰ ਦੁਨਿਆ ਭਰ ਦੇ ਸਿੱਖਾਂ ਦਾ ਵਿਸ਼ਵਾਸ ਹਾਸਲ ਕਰਨ ਲਈ ਅਜੇ ਵੀ ਉੱਧਮ ਕਰਨ ਦੀ ਲੋੜ ਹੈ ਅਤੇ ਅੀਜਹੇ ਕੰਮ ਵਿਰੋਧ ਨੂੰ ਵਧਾਉਣ ਵਾਲੇ ਸਿੱਧ ਹੁੰਦੇ ਹਨ ਜਿਵੇਂ ਕਿ ਸਿੱਖਾਂ ਦੇ ਬਹੁਮਤ ਨੂੰ ਇਸਦੀ ਸੱਚਾਈ ਉੱਤੇ ਵੀ ਸ਼ੱਕ ਹੈ। ਐਸਜੀਪੀਸੀ ਬਿਨਾਂ ਦੇਰੀ ਕੀਤੇ ਫਾਈਲ ਵਾਪਸ ਲੈਣ ਅਤੇ ਅਜਿਹੇ ਦਸਤਾਵੇਜਾਂ ਲਈ ਇਸਦੇ ਫੰਡਾਂ ਦੇ ਗ਼ਲਤ ਉਪਯੋਗ ਅਤੇ ਕਾਰਣਾਂ ਦੀ ਜਾਂਚ ਲਈ ਸਹੀ ਦਿਸ਼ਾ ਵਿਚ ਕੰਮ ਕਰ ਰਹੀ ਹੋਵੇਗੀ।

ਮੇਵਾ ਸਿੰਘ
ਰਿਟਾ ਜੱਜ
ਨਿਊ ਜਰਸੀ - ਯੂਐਸਏ
ਮਾਰਚ 12, 2005

ਸੀ ਸੀ---

(9) ਜੱਥੇਦਾਰ, ਅਕਾਲ ਤਖ਼ਤ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ

(ii) ਪ੍ਰਧਾਨ, ਐਸਜੀਪੀਸੀ, ਜਗੀਰ ਕੌਰ
(iii) ਪ੍ਰਧਾਨ, ਅਕਾਲੀ ਦਲ, ਸ ਪ੍ਰਕਾਸ਼ ਸਿੰਘ ਬਾਦਲ

ਨਿਜੀ ਤੌਰ 'ਤੇ ਵਿਸ਼ੇ ਵਿਚ ਵੇਖਣ ਲਈ ਅਤੇ ਸਿੱਖਾਂ ਅਤੇ ਸਿੱਖ ਧਰਮ ਦੇ ਹਿੱਤ ਵਿਚ ਨਾ ਹੋਣ ਕਰਕੇ ਫਾਈਲ ਵਾਪਸ ਲੈਣ ਲਈ ਅਤੇ ਫਾਈਲ ਅਤੇ ਐਸਜੀਪੀਸੀ ਵਿਰੁੱਧ ਦੁਨਿਆ ਭਰ ਦੇ ਸਿੱਖਾਂ ਵਿਚ ਫੈਲ ਚੁੱਕੇ ਵਿਵਾਦਾਂ ਨੂੰ ਖਤਮ ਕਰਨ ਲਈ, ਲੋੜਵੇਂ ਕਦਮ ਚੁੱਕਣ ਲਈ।

ਮੇਵਾ ਸਿੰਘ